ਗ੍ਰਾਮ ਪੰਚਾਇਤ ਵਿਕਾਸ ਯੋਜਨਾ (ਜੀਪੀਡੀਪੀ) ਵਿਸ਼ੇਸ਼ ਅੰਕ

ਜੂਨ-ਅਗਸਤ 2018

सत्यमेव जयते

# ਗ੍ਰਾਮਉਦੈ ਸੰਕਲਪ

ਜਿਲਦ 2, ਅੰਕ 4

ਪੇਂਡੂ ਵਿਕਾਸ ਤੇ ਜਲ ਤੇ ਸਵੱਛਤਾ ਮੰਤਰਾਲਾ ਵੱਲੋਂ ਪ੍ਰਕਾਸ਼ਿਤ ਨਿਊਜ਼ ਮੈਗਜ਼ੀਨ

## ਗਾਂਧੀ ਜੀ ਦੀ ਗ੍ਰਾਮ ਸਵਰਾਜ-ਵਿਕੇਂਦਰੀਕਰਨ ਦਾ ਮਾਡਲ

## ਗ੍ਰਾਮ ਪੰਚਾਇਤਾਂ ਦੇ ਮਾਧਿਅਮ ਨਾਲ ਪੇਂਡੂ ਔਰਤਾਂ ਦਾ ਸਸ਼ਕਤੀਕਰਨ

## ਜੀਪੀਡੀਪੀ ਨਾਲ ਹੋਇਆ ਮੁਸ਼ਕਿਲ ਰਾਹ ਆਸਾਨ, ਖੁਸ਼ਹਾਲ ਪਿੰਡ ਦਾ ਸੁਪਨਾ ਹੋ ਰਿਹਾ ਸਾਕਾਰ

## ਜਨ ਸਸ਼ਕਤੀਕਰਨ : ਮੋਬਾਈਲ ਐਪ



“ਮਹਾਤਮਾ ਗਾਂਧੀ ਨੇ ਸਦਾ ਪਿੰਡਾਂ ਦੇ ਮਹੱਤਵ ’ਤੇ ਜ਼ੋਰ ਦਿੱਤਾ ਤੇ ‘ਗ੍ਰਾਮ ਸਵਰਾਜ’ ਬਾਰੇ ਗੱਲ ਕੀਤੀ।” ਪਿੰਡਾਂ ਵਿਚ ਤਬਦੀਲੀ ਨਾਲ ਭਾਰਤ ਦੀ ਤਬਦੀਲੀ ਯਕੀਨੀ ਹੋਵੇਗੀ।”



# ਪ੍ਰਧਾਨ ਮੰਤਰੀ
# ਗ੍ਰਾਮ ਸਵਰਾਜ ਨਾਲ ਦੇਸ਼ ਨਿਰਮਾਣ

‘ਅੱਜ ਦੇਸ਼ ਆਤਮ ਵਿਸ਼ਵਾਸ ਨਾਲ ਭਰਿਆ ਹੋਇਆ ਹੈ। ਸੁਪਨਿਆਂ ਦੇ ਸੰਕਲਪ ਨਾਲ ਮਿਹਨਤ ਕਰਕੇ ਦੇਸ਼ ਨਵੀਆਂ ਉਚਾਈਆਂ ਨੂੰ ਪਾਰ ਕਰ ਰਿਹਾ ਹੈ।
5 ਅਗਸਤ 2018

‘ਸਾਡਾ ਯਤਨ ਖੇਤੀਬਾੜੀ ਸੈਕਟਰ ਵਿਚ ਲੋਕਾਂ ਨੂੰ ਆਤਮ ਨਿਰਭਰ ਬਣਾਉਣ ਦਾ ਹੈ, ਜਨ-ਧਨ, ਵਣ-ਧਨ, ਗੋਬਰ-ਧਨ ਤਿੰਨਾਂ ਦਾ ਮੰਤਵ ਜਨਜਾਤੀ ਤੇ ਖੇਤੀਬਾੜੀ ਕਰਨ ਵਾਲੇ ਸਮੂਹਾਂ ਨੂੰ ਸਮਰੱਥ ਬਣਾਉਣਾ ਹੈ।
24 ਅਪ੍ਰੈਲ, 2018

‘ ਮਹਾਤਮਾ ਗਾਂਧੀ ਨੇ ਸਦਾ ਪਿੰਡਾਂ ਦੇ ਮਹੱਤਵ ’ਤੇ ਜ਼ੋਰ ਦਿੱਤਾ ਤੇ ‘ਗ੍ਰਾਮ ਸਵਰਾਜ’ ਦੇ ਬਾਰੇ ਗੱਲ ਕੀਤੀ। ਪਿੰਡਾਂ ਵਿਚ ਬਦਲਾਅ ਨਾਲ ਭਾਰਤ ਦਾ ਬਦਲਾਅ ਯਕੀਨੀ ਹੋਵੇਗਾ।
24 ਅਪ੍ਰੈਲ, 2018

‘ਇਕ ਆਤਮ ਨਿਰਭਰ ਹਿੰਦੁਸਤਾਨ ਹੀ, ਇਕ ਸਮਰੱਥ ਹਿੰਦੁਸਤਾਨ ਹੀ, ਇਕ ਵਿਕਾਸ ਦੀ ਲਗਾਤਾਰ ਗਤੀ ਨੂੰ ਬਣਾਈ ਰੱਖਣ ਵਾਲਾ ਲਗਾਤਾਰ ਨਵੀਆਂ ਉਚਾਈਆਂ ਨੂੰ ਪਾਰ ਕਰਨ ਵਾਲਾ ਹਿੰਦੁਸਤਾਨ ਹੀ, ਦੁਨੀਆ ਵਿਚ ਹਿੰਦੁਸਤਾਨ ਦੀ ਸਾਖ਼ ਹੋਵੇ ਅਤੇ ਅਸੀਂ ਚਾਹੁੰਦੇ ਹਾਂ ਕਿ ਦੁਨੀਆ ਵਿਚ ਹਿੰਦੁਸਤਾਨ ਦੀ ਟਹਿਕ ਵੀ ਹੋਵੇ। ਅਸੀਂ ਅਜਿਹਾ ਹਿੰਦੁਸਤਾਨ ਬਣਾਉਣਾ ਚਾਹੁੰਦੇ ਹਾਂ।
15 ਅਗਸਤ, 2018

ਹਰ ਭਾਰਤੀ ਕੋਲ ਆਪਣਾ ਘਰ ਹੋਵੇ। ਹਰ ਘਰ ਵਿਚ ਬਿਜਲੀ ਕਨੈਕਸ਼ਨ ਹੋਵੇ। ਹਰ ਭਾਰਤੀ ਨੂੰ ਧੂੰਏਂ ਤੋਂ ਮੁਕਤੀ ਮਿਲੇ। ਹਰ ਭਾਰਤੀ ਨੂੰ ਲੋੜ ਮੁਤਾਬਕ ਪਾਣੀ ਮਿਲੇ। ਹਰ ਭਾਰਤੀ ਨੂੰ ਸ਼ੌਚਾਲਯ ਮਿਲੇ। ਹਰ ਭਾਰਤੀ ਨੂੰ ਨਿਪੁੰਨਤਾ ਮਿਲੇ। ਹਰ ਭਾਰਤੀ ਨੂੰ ਚੰਗੀਆਂ ਤੇ ਸਸਤੀਆਂ ਸਿਹਤ ਸਹੂਲਤਾਂ ਮਿਲਣ। ਹਰ ਭਾਰਤੀ ਨੂੰ ਸੁਰੱਖਿਆ ਮਿਲੇ। ਬੀਮਾ ਸੁਰੱਖਿਆ ਕਵਰ ਮਿਲੇ। ਹਰ ਭਾਰਤੀ ਨੂੰ ਇੰਟਰਨੈੱਟ ਦੀ ਸੇਵਾ ਮਿਲੇ। ਇਸ ਮੰਤਰ ਨਾਲ ਅਸੀਂ ਦੇਸ਼ ਨੂੰ ਅੱਗੇ ਵਧਾਉਣਾ ਚਾਹੁੰਦੇ ਹਾਂ।
15 ਅਗਸਤ, 2018

# ਵਿਸ਼ੇਸ਼ ਸੂਚੀ



ਗਾਂਧੀ ਜੀ ਦਾ ਗ੍ਰਾਮ ਸਵਰਾਜ-ਵਿਕੇਂਦਰੀਕਰਨ ਦਾ ਮਾਡਲ 06




15 ਪਿੰਡਾਂ ਦਾ ਵਿਕਾਸ, ਸਰਕਾਰ ਦਾ ਸੰਕਲਪ




'ਐਪ' ਨਾਲ ਪੇਂਡੂਆਂ ਨੂੰ ਨਿਆਂ 32

## ਪੰਚਾਇਤੀ ਰਾਜ ਮੰਤਰਾਲਾ

ਪੰਚਾਇਤੀ ਰਾਜ


ਗ੍ਰਾਮ ਸਵਰਾਜ ਮੁਹਿੰਮ 09-11

ਜੀਪੀਡੀਪੀ ਨਾਲ ਹੋਇਆ ਮੁਸ਼ਕਿਲ ਰਾਹ ਆਸਾਨ, ਖੁਸ਼ਹਾਲ ਪਿੰਡ ਦਾ ਸੁਪਨਾ ਹੋ ਰਿਹਾ ਸਾਕਾਰ 12-14

ਗ੍ਰਾਮ ਪੰਚਾਇਤਾਂ ਦੇ ਮਾਧਿਅਮ ਰਾਹੀ ਪੇਂਡੂ ਔਰਤਾਂ ਦਾ ਸਸ਼ਕਤੀਕਰਨ 16-18

ਸਫ਼ਲਤਾ ਦੀਆਂ ਕਹਾਣੀਆਂ 19-20

ਸਮੂਹਿਕ ਕੋਸ਼ਿਸ਼ਾਂ ਨਾਲ ਨਿਖਰਿਆ ਵਾਦਸਮੰਦ ਪਿੰਡ 21-22

ਗ੍ਰਾਮ ਪੰਚਾਇਤ ਵਿਕਾਸ ਯੋਜਨਾ 24-25


## ਪੇਂਡੂ ਵਿਕਾਸ ਮੰਤਰਾਲਾ

ग्रामीण विकास मंत्रालय
MINISTRY OF
RURAL DEVELOPMENT


ਚਪਕਾ ਗ੍ਰਾਮ ਪੰਚਾਇਤ 23

ਵੀਜ ਮਾਤਾ 26-27

ਥੇਨੱਲਾ ਐਗਰੋ ਫਾਰਮਰਜ਼ ਪ੍ਰੋਡਿਊਸਰਜ਼ ਕੰਪਨੀ ਲਿਮਟਿਡ 28

ਗੁਲਾਬੀ ਹੋਈ ਜੋਡੰਦਾਝਰੀਆ ਪਿੰਡ ਦੇ ਲੋਕਾਂ ਦੀ ਜ਼ਿੰਦਗੀ 31


## ਪੀਣ ਯੋਗ ਪਾਣੀ ਤੇ ਸਵੱਛਤਾ ਮੰਤਰਾਲਾ


ਸਫ਼ਲਤਾ ਦੀਆਂ ਕਹਾਣੀਆਂ 35

ਕੀ ਤੁਸੀਂ ਜਾਣਦੇ ਹੋ 41

ਪੇਂਡੂ ਸਵੱਛਤਾ ਦੇ ਸੰਦੇਸ਼ ਵਾਹਕ ਚਤੁਸਿੰਘ-ਮੈਡਮ ਬਾਤੂਨੀ 45

ਤਾਜ਼ਾ ਸਰਗਰਮੀਆਂ 46



## ਸਲਾਹਕਾਰ ਮੰਡਲ

ਸਕੱਤਰ, ਪੰਚਾਇਤੀ ਰਾਜ ਮੰਤਰਾਲਾ
ਸਕੱਤਰ, ਪੇਂਡੂ ਵਿਕਾਸ ਮੰਤਰਾਲਾ
ਸਕੱਤਰ, ਪੀਣਯੋਗ ਪਾਣੀ ਤੇ ਸਵੱਛਤਾ ਮੰਤਰਾਲਾ

## ਮੁੱਖ ਸੰਪਾਦਕ

ਅਮਰਜੀਤ ਸਿਨਹਾ
ਸਕੱਤਰ, ਪੰਚਾਇਤੀ ਰਾਜ ਮੰਤਰਾਲਾ ਤੇ ਪੇਂਡੂ ਵਿਕਾਸ ਮੰਤਰਾਲਾ

## ਸੰਪਾਦਕੀ ਮੰਡਲ

ਸੰਯੁਕਤ ਸਕੱਤਰ, ਪੰਚਾਇਤੀ ਰਾਜ ਮੰਤਰਾਲਾ
ਸੰਯੁਕਤ ਸਕੱਤਰ, ਪੇਂਡੂ ਵਿਕਾਸ ਮੰਤਰਾਲਾ
ਡਾਇਰੈਕਟਰ ਜਨਰਲ, ਪੀਣਯੋਗ ਪਾਣੀ ਤੇ ਸਵੱਛਤਾ ਮੰਤਰਾਲਾ
ਅਡੀਸ਼ਨਲ ਡਾਇਰੈਕਟਰ ਜਨਰਲ, ਪੇਂਡੂ ਵਿਕਾਸ ਮੰਤਰਾਲਾ
ਡਾਇਰੈਕਟਰ, ਪੀਣਯੋਗ ਪਾਣੀ ਤੇ ਸਵੱਛਤਾ ਮੰਤਰਾਲਾ
ਡਾਇਰੈਕਟਰ (ਮੀਡੀਆ), ਪੰਚਾਇਤੀ ਰਾਜ ਮੰਤਰਾਲਾ

## ਸੰਕਲਨ ਤੇ ਅਨੁਵਾਦ

ਜਾਗਰਣ ਪ੍ਰਕਾਸ਼ਨ ਲਿਮਟਿਡ




ਬਿਰਲ ਮਹਾਨਾਇਕ-ਅਟਲ ਬਿਹਾਰੀ ਵਾਜਪੇਈ 08



36 ਸਫ਼ਲਤਾ ਦੀਆਂ ਕਹਾਣੀਆਂ-ਪੀਣਯੋਗ ਪਾਣੀ ਤੇ ਸਵੱਛਤਾ



सत्यमेव जयते

ਨਰਿੰਦਰ ਸਿੰਘ ਤੋਮਰ
ਪੇਂਡੂ ਵਿਕਾਸ, ਪੰਚਾਇਤ
ਰਾਜ ਤੇ ਖਾਨ ਮੰਤਰੀ
ਭਾਰਤ ਸਰਕਾਰ ਕ੍ਰਿਸ਼ੀ
ਭਵਨ, ਨਵੀ ਦਿੱਲੀ

# ਸੰਦੇਸ਼

ਪੰਚਾਇਤਾਂ ਸੰਵਿਧਾਨਕ ਤੌਰ ’ਤੇ ਮਾਨਤਾ ਪ੍ਰਾਪਤ ਹਰਮਨ ਪਿਆਰੀਆਂ ਸੰਸਥਾਵਾਂ ਹਨ। ਸਥਾਨਕ ਸਵੈ-ਸ਼ਾਸ਼ਨ ਵਿਚ ਆਮ ਲੋਕਾਂ ਦੇ ਹਿੱਤਾਂ ਦੀ ਰੱਖਿਆ ਦਾ ਉਦੇਸ਼ ਹੁੰਦਾ ਹੈ। ਸਥਾਨਕ ਲੋਕਾਂ ਦੀ ਸਰਗਰਮ ਹਿੱਸੇਦਾਰੀ ਨਾਲ ਆਰਥਕ ਵਿਕਾਸ ਤੇ ਸਮਾਜਕ ਨਿਆਂ ਦੀਆਂ ਯੋਜਨਾਵਾਂ ਬਣਾਉਣਾ ਤੇ ਲਾਗੂ ਕਰਨਾ ਪੰਚਾਇਤਾਂ ਦਾ ਸੰਵਿਧਾਨਕ ਫ਼ਰਜ਼ ਹੈ। ਇਹ ਸੱਚ ਹੈ ਕਿ ਸੱਤਾ ’ਤੇ ਨਿਰਣਾਇਕ ਪ੍ਰਕਿਰਿਆ ’ਚ ਪਿੰਡ ਦੇ ਆਖਰੀ ਵਿਅਕਤੀ ਦੀ ਹਿੱਸੇਦਾਰੀ ਨਾਲ ਹੀ ਸਥਾਨਕ ਸਵੈ-ਸ਼ਾਸ਼ਨ ਦੀ ਸਫ਼ਲਤਾ ਮਿਣੀ ਜਾ ਸਕਦੀ ਹੈ। ਇਸੇ ਸੰਦਰਭ ਵਿਚ ਗ੍ਰਾਮ ਪੰਚਾਇਤ ਵਿਕਾਸ ਯੋਜਨਾ (ਜੀਪੀਡੀਪੀ) ਨੂੰ ਜ਼ਿਆਦਾ ਬਿਹਤਰ ਬਣਾਉਣ ਅਤੇ ਇਸ ਵਿਚ ਜਨ-ਜਨ ਦੀ ਹਿੱਸੇਦਾਰੀ ਯਕੀਨੀ ਬਣਾਉਣ ਦੇ ਉਦੇਸ਼ ਨਾਲ ਭਾਰਤ ਸਰਕਾਰ, ਗਾਂਧੀ ਜੈਅੰਤੀ ਦੇ ਦਿਨ 02 ਅਕਤੂਬਰ, 2018 ਤੋਂ ਜੀਪੀਡੀਪੀ ਨਿਰਮਾਣ ਨਾਲ ਸਬੰਧਿਤ ਜਨ-ਜਾਗਰੂਕਤਾ ਮੁਹਿੰਮ ਦਾ ਸ਼ੁਭ ਅਰੰਭ ਕਰ ਰਹੀ ਹੈ। ਆਉਂਦੇ ਵਿੱਤੀ ਸਾਲ ਲਈ ਵਿਸਥਾਰਤ ਜੀਪੀਡੀਪੀ-ਨਿਰਮਾਣ ਦੇ ਇਸ ਖਾਹਿਸ਼ੀ ਮੁਹਿੰਮ ਦੇ ਤਹਿਤ ਵੱਖ-ਵੱਖ ਮੰਤਰਾਲਿਆਂ ਦਰਮਿਆਨ ਤਾਲਮੇਲ ਬਣਾਉਣ ਦੀ ਕਾਰਜ ਯੋਜਨਾ ਤਿਆਰ ਕੀਤੀ ਜਾਵੇਗੀ। ਇਹ ਮੁਹਿੰਮ 31 ਦਸੰਬਰ, 2018 ਤਕ ਚੱਲੇਗੀ। ਪੰਚਾਇਤਾਂ ਕੋਲੋਂ ਅਸੀਂ ਆਸ ਕਰਦੇ ਹਾਂ ਕਿ ਉਹ ਆਪਣੇ ਸਾਰੇ ਅੰਦਰੂਨੀ ਤੇ ਬਾਹਰੀ ਸਾਧਨਾਂ ਦਾ ਸਹੀ ਢੰਗ ਨਾਲ ਪ੍ਰਬੰਧ ਕਰਦਿਆਂ ਪਿੰਡ ਵਾਸੀਆਂ ਦੀ ਸਹਿਮਤੀ ਤੇ ਸਹਿਯੋਗ ਨਾਲ ਗ੍ਰਾਮ ਪੰਚਾਇਤ ਵਿਕਾਸ ਯੋਜਨਾ ਦਾ ਨਿਰਮਾਣ ਕਰਨਗੀਆਂ ਮੈਨੂੰ ਵਿਸ਼ਵਾਸ ਹੈ ਕਿ ਜੀਪੀਡੀਪੀ ਦੇ ਤਹਿਤ ਤਿਆਰ ਕੀਤੀਆਂ ਜਾਂ ਰਹੀਆਂ ਯੋਜਨਾਵਾਂ ਨਾਲ ਪਿੰਡ ਆਰਥਕ ਤੇ ਸਮਾਜਕ ਤੌਰ ’ਤੇ ਖੁਸ਼ਹਾਲ ਬਣਨਗੇ। ਸਾਨੂੰ ਜੀਪੀਡੀਪੀ ਰਾਹੀਂ ਖੇਤੀਬਾੜੀ, ਬਦਲਵੀਂ ਊਰਜਾ, ਜਲ ਪ੍ਰਬੰਧਨ, ਸਵੱਛਤਾ, ਕੌਸ਼ਲ ਵਿਕਾਸ ਤੇ ਹੋਰ ਸਬੰਧਿਤ ਖੇਤਰਾਂ ਵਿਚ ਹੋ ਰਹੇ ਤਜਰਬਿਆਂ ਨੂੰ ਦੂਰ ਪਿੰਡਾਂ ਤਕ ਪਹੁੰਚਾਉਣਾ ਹੋਵੇਗਾ। ਇਸ ਸੰਬੰਧ ਵਿਚ ਸੋਚ ਵਿਚਾਰ ਕੇ ਕੀਤੇ ਗਏ ਪ੍ਰਬੰਧ, ਸਮਰੱਥ ਤੇ ਨਵੇਂ ਭਾਰਤ ਦੇ ਨਿਰਮਾਣ ਦੀ ਦਿਸ਼ਾ ਵਿਚ ਇਕ ਮਹੱਤਵਪੂਰਨ ਕਦਮ ਹੋਣਗੇ।

“ਸਬ ਕਾ ਸਾਥ ਸਬ ਕਾ ਵਿਕਾਸ” ਦੇ ਮੂਲ ਮੰਤਰ ਅਨੁਸਾਰ ਸਾਰੇ ਪਿੰਡ ਵਾਸੀਆਂ ਨੂੰ ਵਿਕਾਸ ਦੀ ਮੁੱਖ ਧਾਰਾ ਨਾਲ ਜੋੜਨਾ ਸਾਡਾ ਮੁੱਖ ਮੰਤਵ ਹੈ। ਸਾਡੀ ਸਪੱਸ਼ਟ ਮਾਨਤਾ ਹੈ ਕਿ ਸਥਾਨਕ ਸਵੈ-ਸ਼ਾਸ਼ਨ ਵਿਵਸਥਾ ਤਦ ਹੀ ਸਸ਼ਕਤ ਤੇ ਮਜ਼ਬੂਤ ਹੋ ਸਕੇਗੀ ਜਦ ਆਮ-ਖ਼ਾਸ ਨੂੰ ਗ੍ਰਾਮ ਸਭਾ ਤੇ ਗ੍ਰਾਮ ਪੰਚਾਇਤ ਦੇ ਕਾਰਜਾਂ ’ਚ ਆਪਣੀ ਹਿੱਸੇਦਾਰੀ ਦੇ ਮਹੱਤਵ ਦਾ ਪਤਾ ਲੱਗ ਜਾਵੇਗਾ। ਮੇਰੀ ਆਪ ਸਭ ਪੰਚਾਇਤ ਪ੍ਰਤੀਨਿਧੀਆਂ ਨੂੰ ਬੇਨਤੀ ਹੈ ਕਿ “ਸਬਕੀ ਯੋਜਨਾ ਸਬਕਾ ਵਿਕਾਸ” ਤੇ ਆਧਾਰਤ ਸਮੁੱਚੇ ਜੀਪੀਡੀਪੀ ਨਿਰਮਾਣ ਦੀ ਇਸ ਖਾਹਿਸ਼ੀ ਮੁਹਿੰਮ ਨੂੰ ਆਪਣੇ ਅਨਮੁੱਲੇ ਯੋਗਦਾਨ, ਸਰਗਰਮ ਸਹਿਯੋਗ ਅਤੇ ਉਤਸ਼ਾਹ ਪੂਰਨ ਹਿੱਸੇਦਾਰੀ ਦੇ ਰਾਹੀਂ ਪੂਰੀ ਤਰ੍ਹਾਂ ਨਾਲ ਸਫ਼ਲ ਬਣਾ ਕੇ ਰਾਸ਼ਟਰ-ਨਿਰਮਾਣ ਵਿਚ ਹੱਥ ਵਟਾਈਏ।

ਜੈ ਹਿੰਦ।

**( ਨਰਿੰਦਰ ਸਿੰਘ ਤੋਮਰ)**



ਰਾਜ ਮੰਤਰੀ
ਕ੍ਰਿਸ਼ੀ ਤੇ ਕਿਸਾਨ ਕਲਿਆਣ
ਮੰਤਰਾਲਾ ਤੇ ਪੰਚਾਇਤੀ
ਰਾਜ ਮੰਤਰਾਲਾ, ਭਾਰਤ
ਸਰਕਾਰ

सत्यमेव जयते

# ਸੰਦੇਸ਼

ਸਾਡੇ ਸੰਵਿਧਾਨ ਦੇ ਕੇਂਦਰ ਵਿਚ ਭੇਦਭਾਵ ਰਹਿਤ ਤੇ ਸਮਾਨਤਾ 'ਤੇ ਆਧਾਰਿਤ ਸਮਾਜ ਦੀ ਸਥਾਪਨਾ ਦੀ ਧਾਰਨਾ ਮੌਜੂਦ ਹੈ। ਇਸ ਧਾਰਨਾ ਨੂੰ ਕਾਰਜਸ਼ੀਲ ਕਰਨ ਲਈ ਸੰਵਿਧਾਨ ਦੀ 73ਵੀਂ ਸੋਧ ਨਾ ਸਿਰਫ਼ ਪੰਚਾਇਤੀ ਰਾਜ ਸੰਸਥਾਵਾਂ ਦੀ ਮਜ਼ਬੂਤੀ ਅਤੇ ਕੁਸ਼ਲ ਪ੍ਰਸ਼ਾਸ਼ਨ ਨੂੰ ਯਕੀਨੀ ਬਣਾਉਂਦੀ ਹੈ ਸਗੋਂ ਜਨਤਾ ਦੀਆਂ ਲੋੜਾਂ ਤੇ ਉਮੀਦਾਂ ਨੂੰ ਪੂਰਾ ਕਰਨ ਲਈ ਵਿਕਾਸ ਯੋਜਨਾਵਾਂ ਦਾ ਨਿਰਮਾਣ, ਲਾਗੂ ਕਰਨਾ ਤੇ ਨਿਗਰਾਨੀ ਦਾ ਜ਼ਿੰਮਾ ਵੀ ਗ੍ਰਾਮ ਪੰਚਾਇਤਾਂ ਨੂੰ ਦਿੱਤਾ ਗਿਆ ਹੈ। 'ਗ੍ਰਾਮ ਪੰਚਾਇਤ ਵਿਕਾਸ ਯੋਜਨਾ' (ਜੀਪੀਡੀਪੀ) ਦਾ ਸੰਕਲਪ ਵੀ ਇਕ ਸਹਿਯੋਗੀ ਯੋਜਨਾ ਦੇ ਰੂਪ ਵਿਚ ਲਿਆ ਗਿਆ ਹੈ। ਇਸ ਨਾਲ ਪਿੰਡ ਦੇ ਬੁਨਿਆਦੀ ਢਾਂਚੇ ਤੋਂ ਲੈ ਕੇ ਛੋਟੇ-ਵੱਡੇ ਹਰ ਤਰ੍ਹਾਂ ਦੇ ਵਿਕਾਸ ਕਾਰਜਾਂ ਲਈ ਗ੍ਰਾਮ ਪੰਚਾਇਤਾਂ ਗ੍ਰਾਮ ਸਭਾ ਦੇ ਮਾਧਿਅਮ ਰਾਹੀ ਯੋਜਨਾਵਾਂ ਤਿਆਰ ਕਰ ਸਕਦੀਆਂ ਹਨ।

14ਵੇਂ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਉਨ੍ਹਾਂ ਦੀ ਇੱਛਾ ਅਨੁਸਾਰ ਲਾਗੂ ਕਰਕੇ ਪੰਚਾਇਤਾਂ ਨੂੰ ਉਨ੍ਹਾਂ ਦੇ ਅਸਲ ਅਧਿਕਾਰ ਸੌਂਪਣ ਦਾ ਕੰਮ ਕੇਂਦਰ ਦੀ ਮੌਜੂਦਾ ਸਰਕਾਰ ਨੇ ਕੀਤਾ ਹੈ। ਪਹਿਲਾਂ ਇਹ ਰਾਸ਼ੀ ਜ਼ਿਲ੍ਹਾ, ਬਲਾਕ ਤੇ ਗ੍ਰਾਮ ਪੰਚਾਇਤਾਂ ਲਈ ਵੰਡੀ ਜਾਂਦੀ ਸੀ ਪਰ 14ਵੇਂ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਤਹਿਤ ਇਹ ਰਾਸ਼ੀ ਸਿਰਫ਼ ਗ੍ਰਾਮ ਪੰਚਾਇਤਾਂ ਲਈ ਹੀ ਹੈ। 14ਵੇਂ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਇਸ ਰਾਸ਼ੀ ਦੀ ਪ੍ਰਾਪਤੀ ਲਈ ਗ੍ਰਾਮ ਪੰਚਾਇਤ ਵਿਕਾਸ ਯੋਜਨਾ ਦਾ ਨਿਰਮਾਣ ਲਾਜ਼ਮੀ ਕਰ ਦਿੱਤਾ ਗਿਆ ਹੈ।

ਲੰਮੇ ਸਮੇਂ ਵਿਚ ਵਿਕਾਸ ਦੇ ਪੈਮਾਨਿਆਂ ਅਤੇ ਚੁਣੌਤੀਆਂ ਨੂੰ ਦੇਖਦਿਆਂ ਸਾਨੂੰ ਜੀਪੀਡੀਪੀ ਦੀ ਗੁਣਵੱਤਾ ਵਿਚ ਗੁਣਾਤਮਕ ਸੁਧਾਰ ਕਰਨਾ ਚਾਹੀਦਾ ਹੈ ਅਤੇ ਸਵੈ-ਸਹਾਇਤਾ ਸਮੂਹਾਂ ਨੂੰ ਨਾਲ ਲੈ ਕੇ ਮਹਿਲਾ ਸਸ਼ਕਤੀਕਰਨ ਤੇ ਸਮੂਹ ਵਿਕਾਸ ਮੰਤਵਾਂ ਨੂੰ ਧਿਆਨ 'ਚ ਰੱਖ ਕੇ ਜੀਪੀਡੀਪੀ ਦਾ ਨਿਰਮਾਣ ਕਰਨਾ ਪਵੇਗਾ। ਜੀਪੀਡੀਪੀ ਦੇ ਪ੍ਰਭਾਵੀ ਅਮਲ ਨਾਲ ਪਿੰਡ ਵਿਚ ਵਿਕਾਸ ਦੇ ਨਾਲ-ਨਾਲ ਰੁਜ਼ਗਾਰ ਦੇ ਮੌਕੇ ਵੀ ਮੁਹੱਈਆ ਹੋਣਗੇ। ਯੋਜਨਾਵਾਂ ਨੂੰ ਲਾਗੂ ਕਰਨ ਵਿਚ ਨਿਗਰਾਨੀ ਤੇ ਪਾਰਦਰਸ਼ਤਾ ਨਾਲ ਗ਼ਰੀਬੀ ਘਟੇਗੀ ਤੇ ਸਿੱਖਿਆ, ਸਿਹਤ, ਸਵੱਛਤਾ, ਪੀਣਯੋਗ ਪਾਣੀ, ਪੋਸ਼ਣ, ਖਾਧ ਸੁਰੱਖਿਆ, ਰੋਟੀ-ਰੋਜ਼ੀ, ਰਿਹਾਇਸ਼, ਬਿਜਲੀ, ਲਿੰਗਕ ਸਮਾਨਤਾ ਅਤੇ ਸਮਾਜਕ ਨਿਆਂ ਦੇ ਮੰਤਵਾਂ ਨੂੰ ਪ੍ਰਾਪਤ ਕਰਨਾ ਸਹਿਜ ਹੋਵੇਗਾ।

ਜਿਸ ਤਰ੍ਹਾਂ 14ਵੇਂ ਵਿੱਤ ਕਮਿਸ਼ਨ ਨੇ ਗ੍ਰਾਮੀਣ ਭਾਰਤ ਦੇ ਵਿਕਾਸ ਦੇ ਸਰੂਪ ਦੀ ਕਾਇਆ ਬਦਲ ਦਿੱਤੀ ਹੈ ਉਸੇ ਤਰ੍ਹਾਂ ਗ੍ਰਾਮ ਪੰਚਾਇਤ ਵਿਕਾਸ ਯੋਜਨਾ (ਜੀਪੀਡੀਪੀ) ਦੇ ਨਿਰਮਾਣ ਨਾਲ ਗ੍ਰਾਮ ਪੰਚਾਇਤਾਂ ਦੇ ਸਮੁੱਚੇ ਅਤੇ ਯੋਜਨਾਬੱਧ ਵਿਕਾਸ ਦਾ ਰਾਹ ਖੁੱਲ੍ਹਿਆ ਹੈ। ਇਹ ਪੰਚਾਇਤੀ ਰਾਜ ਮੰਤਰਾਲਾ ਦੇ ਨਿਰੰਤਰ ਯਤਨਾਂ ਦਾ ਹੀ ਫ਼ਲ ਹੈ ਕਿ ਸੂਬਾ ਸਰਕਾਰਾਂ ਦੇ ਸਹਿਯੋਗ ਨਾਲ ਵੱਡੀ ਸੰਖਿਆ 'ਚ ਸਾਡੀਆਂ ਗ੍ਰਾਮ ਪੰਚਾਇਤਾਂ ਜੀਪੀਡੀਪੀ ਦਾ ਨਿਰਮਾਣ ਕਰਨ ਵਿਚ ਸਫ਼ਲ ਰਹੀਆਂ ਹਨ। ਸਮੁੱਚੇ ਤੇ ਸਰਬਪੱਖੀ ਵਿਕਾਸ ਨਾਲ ਸਬੰਧਿਤ ਸਾਡੇ ਮੰਤਰਾਂ 'ਸਬ ਕਾ ਸਾਥ ਸਬ ਕਾ ਵਿਕਾਸ' ਤੇ 'ਸਾਫ਼ ਨੀਅਤ ਸਬ ਕਾ ਵਿਕਾਸ' ਦੇ ਪਿਛਲੇ ਸਾਲਾਂ ਦੇ ਅਨੁਭਵ ਨੂੰ ਦੇਖਦਿਆਂ ਜੀਪੀਡੀਪੀ ਨੂੰ ਵੱਧ ਸਸ਼ਕਤ, ਪਾਰਦਰਸ਼ੀ ਤੇ ਧਾਰਦਾਰ ਬਣਾਉਣ ਦਾ ਇਹ ਹੀ ਸਮਾਂ ਹੈ। ਗ੍ਰਾਮ ਪੰਚਾਇਤ ਵਿਕਾਸ ਯੋਜਨਾ ਦੀ ਗੁਣਵੱਤਾ ਨੂੰ ਵਿੱਤ ਬਣਾਉਣ ਅਤੇ ਇਸ ਵਿਚ ਜਨ-ਜਨ ਦੀ ਹਿੱਸੇਦਾਰੀ ਯਕੀਨੀ ਬਣਾਉਣ ਦੇ ਮੰਤਵ ਨਾਲ ਭਾਰਤ ਸਰਕਾਰ 2 ਅਕਤੂਬਰ, 2018 ਤੋਂ 31 ਦਸੰਬਰ, 2018 ਦੇ ਸਮੇਂ ਦੌਰਾਨ ਜਨ-ਯੋਜਨਾ ਮੁਹਿੰਮ ਚਲਾਏਗੀ। ਇਸ ਖਾਹਿਸ਼ੀ ਜਨ-ਜਾਗਰੂਕਤਾ ਮੁਹਿੰਮ ਵਿਚ ਭਾਰਤ ਸਰਕਾਰ ਦੇ 18 ਮੰਤਰਾਲਿਆਂ ਤੇ ਵਿਭਾਗਾਂ ਦੀਆਂ ਯੋਜਨਾਵਾਂ ਕਾਰਜਸ਼ੀਲ ਕਰਨ ਲਈ ਸਬੰਧਿਤ ਕਾਰਜ ਯੋਜਨਾ ਬਣਾਈ ਜਾਵੇਗੀ ਤੇ ਇਸ ਮੁਹਿੰਮ ਦੀ ਸਫ਼ਲਤਾ ਦੇ ਨਾਲ-ਨਾਲ ਨਵੇਂ ਭਾਰਤ ਦੇ ਨਿਰਮਾਣ ਦੀ ਦਿਸ਼ਾ ਵਿਚ ਮੈਂ ਆਪ ਸਾਰੇ ਪੰਚਾਇਤ ਪ੍ਰਤੀਨਿਧੀਆਂ ਦੀ ਸਰਗਰਮ ਭੂਮਿਕਾ ਦੀ ਆਸ ਰੱਖਦਾ ਹਾਂ।

ਸ਼ੁੱਭਕਾਮਨਾਵਾਂ ਨਾਲ

(ਪਰਸ਼ੋਤਮ ਰੂਪਾਲਾ)

# ਗਾਂਧੀ ਜੀ ਦਾ ਗ੍ਰਾਮ ਸਵਰਾਜ-ਵਿਕੇਂਦਰੀਕਰਨ ਦਾ ਮਾਡਲ



## ਗਾਂਧੀ ਜੀ ਨੇ ਇਕ ਸ਼ਕਤੀਸ਼ਾਲੀ ਭਾਰਤ ਦੀ ਕਲਪਨਾ ਕੀਤੀ ਸੀ, ਜਿਸ ਦਾ ਗਠਨ ਪਿੰਡਾਂ ਨਾਲ ਹੋਵੇ ਜੋ ਆਪਣੇ-ਆਪ ਵਿਚ ਆਤਮ ਨਿਰਭਰ ਹੋਣ, ਪਰ ਹੋਰ ਪਿੰਡਾਂ ਦੇ ਨਾਲ ਵਣਜ ਤੇ ਨਿਯਮ ਵਿਚ ਜੁੜੇ ਰਹਿਣ।



'ਸਵਰਾਜ' ਸ਼ਬਦ ਭਾਰਤੀ ਆਜ਼ਾਦੀ ਸੰਗਰਾਮ ਦਾ ਅਨਿੱਖੜਵਾਂ ਹਿੱਸਾ ਰਿਹਾ ਹੈ ਤੇ ਇਸ ਦੀ ਵਿਆਖਿਆ ਕਈ ਸੰਦਰਭਾਂ ਵਿਚ ਕੀਤੀ ਹੈ। ਹੋਮ ਰੂਲ ਤੇ ਸਵੈ-ਸ਼ਾਸ਼ਨ ਇਸ ਦੇ ਸਮਾਨ-ਅਰਥ ਸਨ ਜਿਸ ਨੂੰ ਸਿਆਸਤਦਾਨਾਂ ਵੱਲੋਂ ਵਾਰ-ਵਾਰ ਦੁਹਰਾਇਆ ਜਾਂਦਾ ਸੀ ਪਰ ਮਹਾਤਮਾ ਗਾਂਧੀ ਲਈ ਸਵਰਾਜ ਇਕ ਸਿਆਸੀ ਮੁੱਦੇ ਤੋਂ ਕਿਤੇ ਵੱਧ ਅਰਥ ਰੱਖਦਾ ਸੀ।

ਇੱਥੋਂ ਤਕ ਕਿ ਜਦ ਉਨ੍ਹਾਂ ਨੇ 1909 ਵਿਚ ਜ਼ਹਾਜ ਯਾਤਰਾ ਦੌਰਾਨ 'ਹਿੰਦ ਸਵਰਾਜ' ਲਿਖੀ, ਤਦ ਵੀ ਉਹ ਪੂਰੀ ਤਰ੍ਹਾਂ ਆਸਵੰਦ ਸਨ ਕਿ ਭਾਰਤ ਨੂੰ ਇਕ ਵੱਖਰੀ ਤਰ੍ਹਾਂ ਦੇ ਸਵਰਾਜ ਦੀ ਲੋੜ ਹੈ - ਸਵਰਾਜ ਹਾਸਲ ਕਰਨ ਤੋਂ ਪਹਿਲਾਂ ਆਪਣੇ ਆਪ 'ਤੇ ਪੂਰਨ ਆਤਮ ਸੰਜਮ ਦੀ ਸਥਿਤੀ ਨੂੰ ਪ੍ਰਾਪਤ ਕਰਨਾ। ਉਨ੍ਹਾਂ ਦਾ ਇਹ ਵਿਚਾਰ ਸਵਰਾਜ ਦੀ ਉਨ੍ਹਾਂ ਦੀ ਧਾਰਨਾ ਵਿਚ ਸਮਾਇਆ ਰਿਹਾ ਹੈ, ਇੱਥੋਂ ਤਕ ਕਿ ਗ੍ਰਾਮ ਸਵਰਾਜ ਵਿਚ ਵੀ।

ਮਹਾਤਮਾ ਗਾਂਧੀ ਦੀ ਦ੍ਰਿਸ਼ਟੀ ਦਾ ਪੂਰਾ ਜ਼ੋਰ ਸਮਾਜਕ ਬਰਾਬਰੀ, ਫਿਰਕੂ ਸਦਭਾਵਨਾ ਅਤੇ ਮਿਹਨਤ ਦੀ ਸ਼ਾਨ ਵਰਗੇ ਸਥਾਈ ਵਿਚਾਰਾਂ 'ਤੇ ਕੇਂਦਰਿਤ ਸੀ, ਜੋ ਇਸ ਵਿਸ਼ਾਲ ਅਤੇ ਵਿਭਿੰਨਤਾ ਭਰੇ ਦੇਸ਼ ਦੇ ਲੋਕਾਂ ਦਰਮਿਆਨ ਬਣੀ ਖ਼ਾਈ ਨੂੰ ਪੂਰ ਸਕੇ ਤਾਂ ਕਿ ਭਾਰਤੀ ਮਸਤਕ ਸਾਡੀ ਸਾਂਝੀ ਹੋਂਦ ਵਿਚ ਆਜ਼ਾਦਾਨਾ ਤੌਰ 'ਤੇ ਆਪਣਾ ਸਿਰਜਣਾਤਮਕ ਯੋਗਦਾਨ ਦੇ ਸਕੇ।

ਗਾਂਧੀ ਜੀ ਨੇ ਇਕ ਸ਼ਕਤੀਸ਼ਾਲੀ ਭਾਰਤ ਦੀ ਕਲਪਨਾ ਕੀਤੀ ਸੀ, ਜਿਸ ਦੀ ਸ਼ੁਰੂਆਤ ਪਿੰਡਾਂ ਤੋਂ ਹੋਵੇ। ਪਿੰਡ ਆਪਣੇ ਆਪ ਵਿਚ ਸਵੈ ਨਿਰਭਰ ਹੋਣ, ਪਰ ਉਹ ਵਣਜ ਤੇ ਰੈਗੂਲੇਸ਼ਨ ਦੇ ਖੇਤਰ ਵਿਚ ਇਕ ਦੂਜੇ 'ਤੇ ਨਿਰਭਰ ਹੋਣ। ਜੇ ਭਾਰਤ ਇਕ ਸਰੀਰ ਹੈ ਤਾਂ ਇਸ ਦੇ ਹਰ ਅੰਗ ਦਾ ਸਿਹਤਮੰਦ ਹੋਣਾ ਜ਼ਰੂਰੀ ਹੈ। ਇਕ ਸ਼ਕਤੀਸ਼ਾਲੀ ਰਾਸ਼ਟਰ ਦੇ ਨਿਰਮਾਣ ਲਈ ਪਿੰਡਾਂ ਦਾ ਆਧੁਨਿਕ ਤੇ ਆਤਮ ਨਿਰਭਰ ਹੋਣਾ ਜ਼ਰੂਰੀ ਹੈ, ਜਿਸ ਨਾਲ ਪਿੰਡਾਂ ਦੇ ਲੋਕ ਗੌਰਵਮਈ ਜ਼ਿੰਦਗੀ ਬਤੀਤ ਕਰ ਸਕਣ। ਇਹੀ ਗੱਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਨੇ ਸੰਸਦ ਵਿਚ ਆਪਣੇ ਪਹਿਲੇ ਭਾਸ਼ਣ ਵਿਚ ਕਹੀ ਸੀ। ਉਨ੍ਹਾਂ ਦਾ ਹਰ ਇਕ ਸ਼ਬਦ ਹਿੰਦ ਸਵਰਾਜ ਤੋਂ ਪ੍ਰਭਾਵਿਤ ਸੀ। ਜਿਸ ਨੂੰ ਗਾਂਧੀ ਜੀ ਨੇ ਸਵੈ 'ਤੇ ਰਾਜ ਕਰਨਾ ਕਿਹਾ ਸੀ, ਉਸ ਨੂੰ ਹੀ ਮੋਦੀ ਜੀ ਨੇ ਕਿਸੇ ਵੀ ਕੀਤੇ ਗਏ ਕਾਰਜ ਵਿਚ ਅਨੁਸ਼ਾਸਨ ਅਤੇ ਦੇਸ਼ ਲਈ ਪ੍ਰਤੀਬੱਧਤਾ ਦਾ ਨਾਂ ਦਿੱਤਾ।

ਇਹ 'ਸਵੈ 'ਤੇ ਸ਼ਾਸਨ' ਇਕ ਵਿਅਕਤੀ ਤੋਂ ਲੈ ਕੇ ਪੂਰੇ ਦੇਸ਼ ਵਿਚ ਪ੍ਰਵਾਹਿਤ ਹੁੰਦਾ ਹੈ। ਹਰ ਵਿਅਕਤੀ ਆਪਣੀਆਂ ਸੰਪੂਰਨ ਸਮਰੱਥਾਵਾਂ ਨੂੰ ਪ੍ਰਾਪਤ ਕਰਕੇ ਸ਼ਾਨ ਨਾਲ ਜ਼ਿੰਦਗੀ ਜਿਉ ਸਕਦਾ ਹੈ। ਇਸ ਖ਼ਿਆਲ ਵਿਚ ਜਿੱਥੇ ਸਭ ਤੋਂ ਛੋਟੀ ਇਕਾਈ ਵਿਅਕਤੀ ਹੀ ਹੋਵੇਗਾ ਉੱਥੇ ਹੀ ਸਭ ਤੋਂ ਛੋਟੀ ਸਿਆਸੀ ਤੇ ਆਰਥਿਕ ਇਕਾਈ ਗ੍ਰਾਮ ਜਾਂ ਪਿੰਡ ਸੀ। ਆਤਮ ਸ਼ਕਤੀ ਨੂੰ ਹੁਲਾਰਾ ਦੇ ਕੇ ਵਣਜ, ਸਿੱਖਿਆ ਤੇ ਆਤਮ ਨਿਰਭਰਤਾ ਨੂੰ ਯਕੀਨੀ ਬਣਾਉਣਾ ਸੀ।

ਇਸ ਵਿਚਾਰ ਵਿਚ ਵਿਅਕਤੀਆਂ ਦੀ ਕੁਸ਼ਲਤਾ ਨੂੰ ਉਤਸ਼ਾਹਤ ਕਰਨ 'ਤੇ ਜ਼ੋਰ ਸੀ ਅਤੇ ਸਿੱਖਿਆ ਦਾ ਮੁੱਖ ਧਿਆਨ ਇਸ 'ਤੇ ਹੀ ਕੇਂਦਰਿਤ ਸੀ। ਇਸ ਲਈ ਇਕ ਸ਼ਿਲਪਕਾਰ ਦਾ ਬੇਟਾ ਆਪਣੀ ਰੋਟੀ-ਰੋਜ਼ੀ ਕਮਾਉਣ ਲਈ ਕੁਸ਼ਲਤਾ ਨਾਲ ਲੈਸ ਹੋਵੇ ਅਤੇ ਨਾਲ ਕੋਈ ਹੋਰ ਸਿੱਖਿਆ ਵੀ ਉਸ ਲਈ ਉਪਲੱਬਧ ਹੋਵੇ। ਤਕਨੀਕ ਦਾ



ਕੰਮ ਰੁਜ਼ਗਾਰ ਵਧਾਉਣਾ ਸੀ ਨਾ ਕਿ ਨੌਕਰੀਆਂ ਖੋਹਣਾ। ਇਹ ਵਿਕੇਂਦਰੀਕਰਨ ਦਾ ਇਕ ਮਾਡਲ ਸੀ ਜਿਸ ਨੂੰ ਆਜ਼ਾਦੀ ਤੋਂ ਬਾਅਦ ਤੱਜ ਦਿੱਤਾ ਗਿਆ। ਗਾਂਧੀ ਜੀ ਨੇ ਪਿੰਡਾਂ ਲਈ ਇਕ ਮਜ਼ਬੂਤ ਮਖੀਲ ਦੇ ਛੱਤੇ ਵਰਗੀ ਸੰਰਚਨਾ ਦੀ ਕਲਪਨਾ ਕੀਤੀ ਸੀ ਜਿਸ ਵਿਚ ਹਰ ਪਿੰਡ ਹੋਰ ਪਿੰਡਾਂ ਨਾਲ ਜੋੜਿਆ ਹੋਇਆ ਸੀ ਜਦ ਕਿ ਆਧੁਨਿਕ ਵਿਕਾਸ ਦੇ ਬਿੰਦੂ ਦੇ ਰੂਪ ਵਿਚ ਉਸ ਨੇ ਕੁਝ ਹੀ ਸ਼ਹਿਰਾਂ ਨਾਲ ਜੁੜਨਾ ਸੀ।

ਪਰ ਅਸੀਂ ਇਸ ਤੋਂ ਅਲੱਗ ਰਾਹ ਚੁਣਿਆ। ਸ਼ਹਿਰਾਂ ਦੀ ਕੀਮਤ ’ਤੇ ਪਿੰਡਾਂ ਦੀ ਅਣਦੇਖੀ ਕੀਤੀ ਗਈ ਤੇ ਉਹ ਹੋਰ ਵੱਡੇ ਹੋ ਕੇ ਸਰਾਲ਼ ਵਾਂਗ ਪਿੰਡਾਂ ਨੂੰ ਨਿਗਲ਼ ਗਏ। ਸ਼ਹਿਰਾਂ ਵੱਲ ਪਲਾਇਨ ਨਾਲ ਪਿੰਡ ਪ੍ਰਤਿਭਾ ਤੋਂ ਵਾਂਝੇ ਹੋ ਗਏ। ਕਿਤਾਬੀ ਗਿਆਨ ਅਤੇ ਡਿਗਰੀਆਂ ਨੇ ਰਵਾਇਤੀ ਕੌਸ਼ਲ ਨੂੰ ਖ਼ਤਮ ਕਰ ਦਿੱਤਾ ਹੈ। ਗ੍ਰੈਜੂਏਟ ਦੀ ਡਿਗਰੀ ਲੈਣ ਤੋਂ ਬਾਅਦ ਕਿਸਾਨ ਦਾ ਬੇਟਾ ਸ਼ਹਿਰ ਆ ਗਿਆ। ਯਾਨੀ ਕਿ ਇਸ ਦਾ ਮਤਲਬ ਸੀ ਮਜ਼ਦੂਰ ਦੀ ਜ਼ਿੰਦਗੀ ਜਿਊਣਾ। ਉਸ ਨੇ ਪਿੰਡ ਵਿਚ ਮਿਹਨਤ ਦੀ ਸ਼ਾਨਦਾਰ ਜ਼ਿੰਦਗੀ ਜਿਊਣ ਦੀ ਥਾਂ ਸ਼ਹਿਰ ਦੀ ਜ਼ਿੱਲਤ ਭਰੀ ਜ਼ਿੰਦਗੀ ਨੂੰ ਸਵੀਕਾਰ ਕੀਤਾ। ਦੇਸ਼ ਇਸ ਦੇ ਸਿੱਟੇ ਵਜੋਂ ਪੈਦਾ ਹੋਣ ਵਾਲੀ ਅਰਾਜਕਤਾ ਨੂੰ ਅੱਜ ਵੀ ਭੁਗਤਣਾ ਰਿਹਾ ਹੈ। ਇਸ ਦਾ ਮੂਲ ਕਾਰਨ ਸੀ ਮਿਹਨਤ ਪ੍ਰਤੀ ਸਨਮਾਨ ਦੀ ਘਾਟ।

ਗਾਂਧੀ ਜੀ ਦੇ ਗ੍ਰਾਮ ਸਵਰਾਜ ਤੋਂ ਲਈ ਗਈ ਕੁਟੀਰ ਉਦਯੋਗ, ਰਵਾਇਤੀ ਸ਼ਿਲਪਕਾਰੀ ਅਤੇ ਗ੍ਰਾਮ ਅਧਾਰਤ ਉਦਯੋਗ ਦੀ ਧਾਰਨਾ ਕਦੀ ਕਾਗਜ਼ਾਂ ਤੋਂ ਬਾਹਰ ਨਿਕਲ ਕੇ ਅਸਲੀਅਤ ਦੇ ਧਰਾਤਲ ’ਤੇ ਨਹੀਂ ਉੱਤਰ ਸਕੀ। ਇਹ ਤੱਥ ਮਹਾਤਮਾ ਗਾਂਧੀ ਵੱਲੋਂ 1946 ਵਿਚ ਆਪਣੀ ਪਰਿਕਲਪਨਾ ਦੀ ਦਿੱਤੀ ਗਈ ਵਿਆਖਿਆ ਦੇ ਪੂਰੀ ਤਰ੍ਹਾਂ ਉਲਟ ਹੈ।

‘ਆਜ਼ਾਦੀ ਦੀ ਸ਼ੁਰੂਆਤ ਹੇਠਾਂ ਤੋਂ ਸ਼ੁਰੂ ਹੁੰਦੀ ਹੈ... ਸਮਾਜ ਦਾ ਗਠਨ ਅਜਿਹਾ ਹੋਣਾ ਚਾਹੀਦਾ ਹੈ ਜਿਸ ਵਿਚ ਹਰ ਪਿੰਡ ਆਤਮ ਨਿਰਭਰ ਅਤੇ ਆਪਣੇ ਮਾਮਲਿਆਂ ਦੇ ਪ੍ਰਬੰਧਨ ਵਿਚ ਸਮਰੱਥ ਹੋਵੇ... ਉਸ ਦੀ ਸਿੱਖਿਆ ਅਜਿਹੀ ਹੋਣੀ ਚਾਹੀਦੀ ਹੈ ਕਿ ਉਸ ਕਿਸੇ ਬਾਹਰੀ ਹਮਲੇ ਖ਼ਿਲਾਫ਼ ਆਪਣੀ ਆਤਮ ਰੱਖਿਆ ਦੇ ਯਤਨ ਵਿਚ ਨਸ਼ਟ ਹੋਣ ਲਈ ਵੀ ਤਿਆਰ ਹੋਵੇ... ਇਸ ਦਾ ਅਰਥ ਇਹ ਨਹੀਂ ਹੈ ਕਿ ਉਹ ਗੁਆਂਢੀਆਂ ਕੋਲੋਂ ਜਾ ਦੁਨੀਆ ਕੋਲੋਂ ਸਹਾਇਤਾ ਨਾ ਲਵੇ। ਇਹ ਆਪਸੀ ਸ਼ਕਤੀਆਂ ਦਾ ਆਜ਼ਾਦ ਅਤੇ ਇੱਛੁਕ ਸੰਬੰਧ ਹੋਵੇਗਾ.. ਇਹ ਸੰਰਚਨਾ ਕਾਫ਼ੀ ਗਿਣਤੀ ਵਿਚ ਪਿੰਡਾਂ ਤੋਂ ਤਿਆਰ ਹੋਵੇਗੀ ਜਿਸ ਵਿਚ ਲਗਾਤਾਰ ਵਧਣ ਅਤੇ ਫ਼ੈਲਣ ਵਾਲੇ ਤੱਤ ਹੋਣਗੇ। ਵਿਕਾਸ ਇਕ ਪਿਰਾਮਿਡ ਵਾਂਗ ਨਹੀਂ ਹੋਵੇਗਾ, ਜਿਸ ਵਿਚ ਉੱਪਰੀ ਹਿੱਸਾ ਹੇਠਲੇ ਹਿੱਸੇ ’ਤੇ ਨਿਰਭਰ ਰਹਿੰਦਾ ਹੈ ਸਗੋਂ ਇਹ ਇਕ ਮਹਾਸਾਗਰ ਵਾਂਗ ਹੋਵੇਗਾ ਜਿਸ ਦੇ ਕੇਂਦਰ ਵਿਚ ਵਿਅਕਤੀ ਹੋਵੇਗਾ। ਇਸ ਲਈ ਸਭ ਤੋਂ ਬਾਹਰਲੀ ਪਰਤ ਅੰਦਰੂਨੀ ਤੱਤ ਨੂੰ ਮਹੱਤਵਹੀਣ ਬਣਾਉਣ ਲਈ ਸ਼ਕਤੀ ਦੀ ਵਰਤੋਂ ਨਹੀਂ ਕਰੇਗੀ ਸਗੋਂ ਆਪਣੇ ਅੰਦਰ ਸਮੋਏ ਹੋਏ ਸਾਰੇ ਤੱਤਾਂ ਨੂੰ ਸ਼ਕਤੀ ਪ੍ਰਦਾਨ ਕਰੇਗੀ ਅਤੇ ਬਦਲੇ ਵਿਚ ਉਨ੍ਹਾਂ ਕੋਲੋ ਵੀ ਸ਼ਕਤੀ ਗ੍ਰਹਿਣ ਕਰੇਗੀ।’



ਮਹਾਤਮਾ ਗਾਂਧੀ ਦੀ ਪਰਿਕਲਪਨਾ ਅਨੁਸਾਰ ਭਾਰਤੀ ਪਿੰਡਾਂ ਦੀ ਮੁੜ ਬਹਾਲੀ ਇਕ ਕਠਿਨ ਕਾਰਜ ਹੈ ਕਿਉਂਕਿ ਸਥਿਤੀ ਇੰਨੀ ਬਦਲ ਚੁੱਕੀ ਹੈ ਕਿ ਉਸ ’ਚ ਬਦਲਾਅ ਕਰਨਾ ਸੰਭਵ ਨਹੀਂ ਲੱਗਦਾ। ਪੇਂਡੂ-ਸ਼ਹਿਰੀ ਭਾਰਤ ਦਾ ਸਰੂਪ ਇੰਨਾ ਬਦਲ ਗਿਆ ਹੈ ਕਿ ਉਸ ਨੂੰ ਪਛਾਣ ਸਕਣਾ ਸੰਭਵ ਨਹੀਂ ਹੈ। ਫਿਰ ਵੀ ਪਿੰਡ ਅਜੇ ਵੀ ਜਿਊਂਦੇ ਹਨ। ਗ੍ਰਾਮ-ਆਧਾਰਿਤ ਉਦਯੋਗ, ਸਿੱਖਿਆ ਸਹੂਲਤਾਂ ਤੇ ਕੌਸ਼ਲ ਆਧਾਰਿਤ ਕਾਰਜਾਂ ਨੂੰ ਉਤਸ਼ਾਹਿਤ ਕਰਨ ਰਾਂਹੀ ਅਸੀਂ ਹੁਣ ਵੀ ਪਿੰਡਾਂ ਨੂੰ ਬਚਾ ਸਕਦੇ ਹਾਂ। ਪਰ ਇਹ ਤਦ ਹੀ ਸੰਭਵ ਹੈ ਜੇ ਪਿੰਡ ਵਾਸੀ ਖ਼ਾਸ ਕਰਕੇ ਨੌਜਵਾਨ ਪੀੜ੍ਹੀ ਆਪਣੇ ਅੰਦਰ ਆਤਮ ਸਨਮਾਨ ਦੀ ਭਾਵਨਾ ਮਹਿਸੂਸ ਕਰੇ ਪਿੰਡ ਵੱਲ ਵਾਪਸ ਯਾਤਰਾ ਸਿਰਫ਼ ਉਸੇ ਵੇਲੇ ਸ਼ੁਰੂ ਹੋ ਸਕਦੀ ਹੈ ਜੇ ਲੋਕਾਂ ਨੂੰ ਗੌਰਵਮਈ ਜ਼ਿੰਦਗੀ ਜਿਊਣ ਦੇ ਮੌਕੇ ਪ੍ਰਦਾਨ ਕੀਤੇ ਜਾਣ, ਇਕ ਅਜਿਹੀ ਆਰਥਿਕ ਖ਼ੁਸ਼ਹਾਲੀ ਨਾਲ ਭਰਪੂਰ ਜ਼ਿੰਦਗੀ ਜਿੱਥੇ ਆਧੁਨਿਕਤਾ ਅਤੇ ਪ੍ਰੰਪਰਾ ਦਰਮਿਆਨ ਸਨਮਾਨਪੂਰਨ ਸੰਬੰਧ ਹੋਣ ਤੇ ਪਿੰਡ ਵਾਸੀਆਂ ਦਾ ਉਤਪਾਦਨ ਦੇਸ਼ ਦੀ ਆਰਥਿਕ ਉੱਨਤੀ ਵਿਚ ਯੋਗਦਾਨ ਦੇ ਸਕੇ।

ਇਹ ਇਕ ਅਜਿਹਾ ਬਿੰਦੂ ਹੈ ਜਿੱਥੇ ਮਹਾਤਮਾ ਗਾਂਧੀ ਦੇ ਵਿਚਾਰਾਂ ਨੂੰ ਪੁਨਰਜੀਵਤ ਕਰਨਾ ਜ਼ਰੂਰੀ ਹੈ। ਕਿਉਂਕਿ ਉਹ ਮਿਹਨਤ ਵਾਲੀ ਸ਼ਾਨਦਾਰ ਜ਼ਿੰਦਗੀ ਦੀ ਗੱਲ ਕਰਦੇ ਹਨ, ਇਕ ਦੂਜੇ ’ਤੇ ਨਿਰਭਰ ਹੋਣ ਦੀ ਗੱਲ ਕਰਦੇ ਹਨ। ਉਹ ਆਜ਼ਾਦ ਹੋਣ ਦੀ ਗੱਲ ਕਰਦੇ ਹਨ ਅਤੇ ਨਾ ਸਿਰਫ਼ ਦੂਜਿਆਂ ਨੂੰ ਸਗੋਂ ਖ਼ੁਦ ਨੂੰ ਵੀ ਅਸਲ ਵਿਚ ਸਨਮਾਨ ਦੇਣ ਦੀ ਵੀ ਗੱਲ ਕਰਦੇ ਹਨ। ਸਵਰਾਜ ਦਾ ਉਦੇਸ਼ ਉਸੇ ਵੇਲੇ ਹਾਸਲ ਹੋਵੇਗਾ ਜਦ ਇਹ ਸਮਾਜ ਦੀ ਆਖਰੀ ਪੌੜੀ ’ਤੇ ਖ਼ੜ੍ਹੇ ਆਦਮੀ ਤਕ ਪਹੁੰਚੇਗਾ। ◆

ਡਾ. ਆਲੋਕ ਵਾਜਪੇਈ,
ਮਨੋਚਿਕਿਤਸਕ ਤੇ ਕਿਊਰੇਟਰ, ਐਨ
ਆਵਰ ਵਿਦ ਦਾ ਮਹਾਤਮਾ



# ਵਿਰਲੇ ਮਹਾਨਾਇਕ ਅਟਲ ਬਿਹਾਰੀ ਵਾਜਪੇਈ

ਇਤਿਹਾਸ ਅਚਾਨਕ ਹੀ ਕਿਸੇ ਨੂੰ ਮਹਾਨਾਇਕ ਨਹੀਂ ਬਣਾਉਂਦਾ। ਇਸ ਲਈ ਪੂਰੀ ਜ਼ਿੰਦਗੀ ਸੋਨੇ ਦੀ ਤਰ੍ਹਾਂ ਚੁਣੌਤੀਆਂ ਤੇ ਮੁਸ਼ਕਿਲਾਂ ਦੀ ਅੱਗ ਵਿਚ ਤਪਣਾ ਪੈਂਦਾ ਹੈ। ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪੇਈ ਜੀ ਵੀ ਸਦੀ ਦੇ ਅਜਿਹੇ ਹੀ ਮਹਾਨਾਇਕ ਸਨ, ਜਿਨ੍ਹਾਂ ਨੇ ਹਵਾਵਾਂ ਦੇ ਵਿਰੁੱਧ ਜਾ ਕੇ ਦੇਸ਼ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ। ਇਸ ਲਈ ਅਟਲ ਜੀ ਵਿਰਲੇ ਹਨ। ਦਿੱਗਜ ਰਾਜਨੇਤਾ, ਵਿਦੇਸ਼ੀ ਮਾਮਲਿਆਂ ਦੇ ਜਾਣਕਾਰ ਅਤੇ ਨਿਪੁੰਨ ਪ੍ਰਸ਼ਾਸਕ ਹੋਣ ਦੇ ਨਾਲ-ਨਾਲ ਉਹ ਇਕ ਸੰਵੇਦਨਸ਼ੀਲ ਪੱਤਰਕਾਰ ਵੀ ਸਨ। ਅਟਲ ਬਿਹਾਰੀ ਵਾਜਪੇਈ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐੱਸਐੱਸ) ਨਾਲ ਜੁੜੇ ਰਹੇ। ਆਰਐੱਸਐੱਸ ਨੇ ਸਿਆਸੀ ਸ਼ਾਖਾ ਜਨਸੰਘ ਦੀ ਸਥਾਪਨਾ ਕੀਤੀ ਜਿਸ ਦੇ ਪਹਿਲੇ ਪ੍ਰਧਾਨ ਸ਼ਿਆਮਾ ਪ੍ਰਸਾਦ ਮੁਖਰਜੀ ਦੇ ਸਹਿਯੋਗੀ ਦੇ ਤੌਰ 'ਤੇ ਕੰਮ ਕਰਨ ਦਾ ਉਨ੍ਹਾਂ ਨੂੰ ਮੌਕਾ ਮਿਲਿਆ। ਇਸ ਤੋਂ ਬਾਅਦ ਉਨ੍ਹਾਂ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਆਪਣੀ ਪ੍ਰਤਿਭਾ ਦੇ ਜ਼ੋਰ 'ਤੇ ਉਹ ਅੱਗੇ ਵਧਦੇ ਗਏ। ਉਹ ਇਕ ਚੰਗੇ ਲੇਖਕ ਅਤੇ ਪੱਤਰਕਾਰ ਵੀ ਸਨ। ਲਖਨਊ ਤੋਂ ਪ੍ਰਕਾਸ਼ਿਤ ਰਾਸ਼ਟਰਧਰਮ ਮਾਸਿਕ ਦੇ ਉਹ ਸੰਪਾਦਕ ਰਹੇ। ਉਨ੍ਹਾਂ ਨੂੰ ਦੇਸ਼ ਦੀ ਆਰਥਿਕ ਤਰਕੀ, ਵਿਰਵਿਆਂ ਨੂੰ ਉੱਪਰ ਚੁੱਕਣ ਅਤੇ ਬੱਚਿਆਂ ਤੇ ਔਰਤਾਂ ਦੀ ਭਲਾਈ ਦੀ ਚਿੰਤਾ ਹਮੇਸ਼ਾ ਰਹਿੰਦੀ ਸੀ। ਸਮਾਜ ਸੇਵਕ, ਵਿਚਾਰਕ, ਰਾਜਨੇਤਾ, ਕਵੀ, ਪੱਤਰਕਾਰ, ਪ੍ਰਧਾਨ ਮੰਤਰੀ, ਲੋਕ ਆਗੂ ਵਰਗੇ ਕਈ ਰੂਪਾਂ ਵਿਚ ਉਨ੍ਹਾਂ ਨੇ ਆਪਣੀ ਜ਼ਿੰਦਗੀ ਨੂੰ ਜੀਅ ਭਰ ਕੇ ਜੀਵਿਆ, ਜਿਸ ਦਾ ਵਰਨਣ ਉਨ੍ਹਾਂ ਨੇ ਆਪਣੇ ਹੀ ਸ਼ਬਦਾਂ ਵਿਚ ਕੁਝ ਇਸ ਤਰ੍ਹਾਂ ਕੀਤਾ... ਮੈਂ ਜੀਅ ਭਰ ਕੇ ਜੀਵਿਆ, ਮੈਂ ਮਨ ਤੋਂ ਮਰਾਂ, ਵਾਪਸ ਆਵਾਂਗਾ, ਕੂਚ ਤੋਂ ਕਿਉਂ ਡਰਾਂ?



ਦੁਨੀਆ ਨੂੰ ਮੋਹ ਲੈਣ ਵਾਲੀ ਮੁਸਕਾਨ ਅਤੇ ਸ਼ਬਦਾਂ ਦੀ ਜਾਦੂਗਰੀ ਨਾਲ ਲਬਰੇਜ਼ ਸਭਨਾਂ ਪ੍ਰਤੀ ਸਦਭਾਵ ਰੱਖਣ ਵਾਲੇ ਅਟਲ ਜੀ ਭਾਵੇਂ ਹੀ ਇਸ ਦੁਨੀਆ ਤੋਂ ਰੁਖ਼ਸਤ ਹੋ ਗਏ ਹੋਣ ਪਰ ਉਹ ਆਮ ਲੋਕਾਂ ਦੇ ਦਿਲਾਂ ਵਿਚ ਹਮੇਸ਼ਾ ਜਿਊਂਦੇ ਰਹਿਣਗੇ।

ਉਹ ਅਜ਼ਾਤਸ਼ਤਰੂ ਸਨ। ਉਨ੍ਹਾਂ ਦੇ ਵਿਰੋਧੀ ਵੀ ਉਨ੍ਹਾਂ ਦੀ ਪ੍ਰਤਿਭਾ ਦਾ ਲੋਹਾ ਮੰਨਦੇ ਸਨ ਤੇ ਇਹੀ ਇਕ ਕਾਰਨ ਸੀ ਕਿ ਪੀਵੀ ਨਰਸਿਮਹਾ ਰਾਓ ਦੇ ਕਾਰਜ ਕਾਲ ਵਿਚ ਅਟਲ ਜੀ ਨੂੰ ਵਿਦੇਸ਼ ਵਿਚ ਭਾਰਤੀ ਪ੍ਰਤੀਨਿਧ ਮੰਡਲ ਦੀ ਅਗਵਾਈ ਦੀ ਜ਼ਿੰਮੇਵਾਰੀ ਸੌਂਪੀ ਗਈ ਹਾਲਾਂਕਿ ਉਹ ਉਸ ਵੇਲੇ ਵਿਰੋਧੀ ਧਿਰ ਦੇ ਆਗੂ ਸਨ। ਦੇਸ਼ ਦੇ ਪ੍ਰਧਾਨ ਮੰਤਰੀ ਦੇ ਰੂਪ ਵਿਚ ਅਟਲ ਜੀ ਨੇ ਪਾਕਿਸਤਾਨ ਤੇ ਚੀਨ ਨਾਲ ਸੰਬੰਧ ਸੁਧਾਰਨ ਦੀ ਦਿਸ਼ਾ ਵਿਚ ਬੇਮਿਸਾਲ ਕਦਮ ਚੁੱਕੇ। ਕੌਮਾਂਤਰੀ ਦਬਾਵਾਂ ਦੇ ਬਾਵਜੂਦ ਕੂਟਨੀਤੀ ਅਤੇ ਦ੍ਰਿੜ੍ਹ ਇੱਛਾ ਸ਼ਕਤੀ ਦਾ ਪ੍ਰਦਰਸ਼ਨ ਕਰਦਿਆਂ ਉਨ੍ਹਾਂ ਨੇ ਪੋਖਰਨ ਵਿਚ ਪਰਮਾਣੂ ਤਜਰਬੇ ਕਰਵਾਏ ਅਤੇ ਕਾਰਗਿਲ ਯੁੱਧ ਜਿੱਤ ਕੇ ਪਾਕਿਸਤਾਨ ਨੂੰ ਵੱਡੀ ਪਟਕਣੀ ਦਿੱਤੀ। ◆

## ਸ਼੍ਰੀ ਅਟਲ ਬਿਹਾਰੀ ਵਾਜਪੇਈ ਦੇ ਕੁਝ ਮਹੱਤਵਪੂਰਨ ਕਾਰਜ

### ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ

ਅਟਲ ਜੀ ਨੇ 15 ਅਗਸਤ, 2000 ਤੋਂ ਪਿੰਡਾਂ ਨੂੰ ਸੜਕ ਨਾਲ ਜੋੜਨ ਦਾ ਕੰਮ ਸ਼ੁਰੂ ਕੀਤਾ। ਇਸੇ ਯੋਜਨਾ ਦੀ ਬਦੌਲਤ ਅੱਜ ਲੱਖਾਂ ਪਿੰਡ ਸੜਕਾਂ ਨਾਲ ਜੁੜ ਸਕੇ ਹਨ। ਇਸ ਯੋਜਨਾ ਦਾ ਪ੍ਰਮੁੱਖ ਉਦੇਸ਼, ਪੇਂਡੂ ਇਲਾਕਿਆਂ ਵਿਚ 500 ਜਾਂ ਇਸ ਤੋਂ ਵੱਧ ਆਬਾਦੀ ਵਾਲੇ (ਪਹਾੜੀ ਤੇ ਮਾਰੂਥਲੀ ਖੇਤਰਾਂ ਵਿਚ 250 ਲੋਕਾਂ ਦੀ ਆਬਾਦੀ ਵਾਲੇ ਪਿੰਡ) ਸੜਕ ਸੰਪਰਕ ਨਾਲ ਵਾਂਝੇ ਪਿੰਡਾਂ ਨੂੰ ਮੁੱਖ ਸੜਕਾਂ ਨਾਲ ਜੋੜਿਆ ਹੈ।

### ਸਵਰਨਿਮ ਚਤਰਭੁਜ

ਦੇਸ਼ ਦੇ ਵੱਡੇ ਸ਼ਹਿਰਾਂ ਨੂੰ ਸੜਕ ਮਾਰਗ ਨਾਲ ਜੋੜਨ ਦੀ ਸ਼ੁਰੂਆਤ ਸ਼੍ਰੀ ਅਟਲ ਜੀ ਦੇ ਸ਼ਾਸ਼ਨਕਾਲ ਦੌਰਾਨ ਹੋਈ। 5846 ਕਿਲੋਮੀਟਰ ਦੀ ਸਵਰਨਿਮ ਚਤੁਰਭਜ ਯੋਜਨਾ ਨੂੰ ਉਸ ਵੇਲੇ ਦੁਨੀਆ ਦੀ ਸਭ ਤੋਂ ਲੰਬੀ ਸੜਕ ਯੋਜਨਾ ਮੰਨਿਆ ਗਿਆ ਸੀ। ਦਿੱਲੀ, ਕੋਲਕਾਤਾ, ਚੇਨੱਈ ਅਤੇ ਮੁੰਬਈ ਨੂੰ ਰਾਜਧਾਨੀ ਨਾਲ ਜੋੜਿਆ ਗਿਆ।

### ਸਰਬ ਸਿੱਖਿਆ ਮੁਹਿੰਮ

ਸਰਬ ਸਿੱਖਿਆ ਮੁਹਿੰਮ ਭਾਰਤ ਸਰਕਾਰ ਦਾ ਇਕ ਪ੍ਰਮੁੱਖ ਪ੍ਰੋਗਰਾਮ ਹੈ। ਇਸ ਦੀ ਸ਼ੁਰੂਆਤ (2001-2002) ਵਿਚ ਅਟਲ ਬਿਹਾਰੀ ਵਾਜਪੇਈ ਵੱਲੋਂ ਇਕ ਨਿਸ਼ਚਿਤ ਸਮੇਂ ਅੰਦਰ ਮੁੱਢਲੀ ਸਿੱਖਿਆ ਸਾਰਿਆਂ ਲਈ ਦਾ ਮੰਤਵ ਪੂਰਾ ਕਰਨ ਲਈ ਕੀਤੀ ਗਈ।

### ਅੰਨਤੋਦਿਯ ਅੰਨ ਯੋਜਨਾ

ਸਾਲ 2001 ਇਕ ਤੋਂ ਸਰਵਜਨਕ ਵੰਡ ਪ੍ਰਣਾਲੀ ਯੋਜਨਾ ਦੇ ਤਹਿਤ ਗ਼ਰੀਬੀ ਰੇਖਾ ਤੋਂ ਹੇਠਾਂ ਜ਼ਿੰਦਗੀ ਬਸਰ ਕਰਨ ਵਾਲੇ ਬੇਹੱਦ ਗ਼ਰੀਬ ਪਰਿਵਾਰਾਂ ਲਈ ਅੰਨਤੋਦਿਯ ਅੰਨ ਯੋਜਨਾ ਲਾਗੂ ਕੀਤੀ ਗਈ

# ਗ੍ਰਾਮ ਸਵਰਾਜ ਮੁਹਿੰਮ




**ਨਰਿੰਦਰ ਸਿੰਘ ਤੋਮਰ**
ਪੇਂਡੂ ਵਿਕਾਸ, ਪੰਚਾਇਤੀ ਰਾਜ
ਤੇ ਖਾਨ ਮੰਤਰੀ, ਭਾਰਤ ਸਰਕਾਰ


ਗ੍ਰਾਮ ਸਵਰਾਜ ਅਭਿਆਨ ਦੇਸ਼ ਦੇ ਵਾਂਝੇ ਤੇ ਗ਼ਰੀਬ ਪਰਿਵਾਰਾਂ ਤਕ ਕਲਿਆਣਕਾਰੀ ਯੋਜਨਾਵਾਂ ਦੀ ਪਹੁੰਚ ਨਿਸ਼ਚਤ ਕਰਨ ਵਾਲੀ ਇਕ ਵਿਸ਼ੇਸ਼ ਮੁਹਿੰਮ ਸੀ, ਜਿਸ ਦੀ ਸ਼ੁਰੂਆਤ ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਨੇ 14 ਅਪ੍ਰੈਲ, 2018 ਨੂੰ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਵਸ ਦੇ ਮੌਕੇ 'ਤੇ ਕੀਤੀ ਸੀ। ਇਸ ਮੁਹਿੰਮ ਦਾ ਉਦੇਸ਼ ਸਮਾਜਕ ਬਰਾਬਰੀ ਤੇ ਭਰੱਪਣ ਨੂੰ ਉਤਸ਼ਾਹਤ ਕਰਨ, ਵਾਂਝੇ ਤੇ ਗ਼ਰੀਬ ਲੋਕਾਂ ਲਈ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਪ੍ਰਮੁੱਖ ਵਿਕਾਸ ਯੋਜਨਾਵਾਂ ਤੇ ਕਲਿਆਣਕਾਰੀ ਪ੍ਰੋਗਰਾਮਾਂ ਬਾਰੇ ਜਾਗਰੂਕਤਾ ਪ੍ਰਸਾਰ ਕਰਨ ਅਤੇ ਕੇਂਦਰ ਸਰਕਾਰ ਦੀਆਂ ਇਨ੍ਹਾਂ ਯੋਜਨਾਵਾਂ ਤੇ ਪ੍ਰੋਗਰਾਮਾਂ ਤੋਂ ਕਿਸੇ ਕਾਰਨ ਵਾਂਝੇ ਰਹਿ ਗਏ ਜਾਂ ਛੁੱਟ ਗਏ ਸਾਰੇ ਪਾਤਰ ਵਿਅਕਤੀਆਂ ਨੂੰ ਇਨ੍ਹਾਂ ਯੋਜਨਾਵਾਂ ਦੇ ਦਾਇਰੇ ਵਿਚ ਲਿਆ ਕੇ ਉਨ੍ਹਾਂ ਨੂੰ ਲਾਭ ਪਹੁੰਚਾਉਣਾ ਸੀ।

ਗ੍ਰਾਮ ਸਵਰਾਜ ਮੁਹਿੰਮ ਦੇ ਦੌਰਾਨ ਇਨ੍ਹਾਂ ਯੋਜਨਾਵਾਂ ਦੇ ਸੌ ਫ਼ੀਸਦੀ ਲਾਗੂ ਕਰਨ ਦੇ ਉਦੇਸ਼ ਨਾਲ ਦੇਸ਼ ਦੇ 16,850 ਪਿੰਡਾਂ ਲਈ ਵਿਸ਼ੇਸ਼ ਪਹਿਲ ਸ਼ੁਰੂ ਕੀਤੀ ਗਈ। ਇਸ ਵਿਚ ਚੋਣਾਂ ਵਾਲੇ ਸੂਬੇ ਕਰਨਾਟਕ ਤੇ ਪੱਛਮੀ ਬੰਗਾਲ ਦੇ ਪਿੰਡਾਂ ਨੂੰ ਸ਼ਾਮਿਲ ਨਹੀਂ ਕੀਤਾ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਨਿਸ਼ਾਨਦੇਹੀ ਵਾਲੇ ਪਿੰਡਾਂ ਦੇ ਸਾਰੇ ਪਾਤਰ ਲਾਭ ਲੈਣ ਵਾਲਿਆਂ ਤਕ ਇਨ੍ਹਾਂ ਸਾਰੀਆਂ ਯੋਜਨਾਵਾਂ ਦੀ 100 ਫ਼ੀਸਦੀ ਪਹੁੰਚ ਯਕੀਨੀ ਕਰਨਾ ਸੀ। ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਵੱਖ-ਵੱਖ ਲੋਕਾਂ ਦਾ ਵੱਡੇ ਪੈਮਾਨੇ 'ਤੇ ਤਾਲਮੇਲ ਅਤੇ ਸਰਗਰਮ ਸਹਿਯੋਗ ਪ੍ਰਾਪਤ ਹੋਇਆ, ਜੋ ਇਸ ਪ੍ਰੋਗਰਾਮ ਪ੍ਰਤੀ ਆਮ ਲੋਕਾਂ ਦੇ ਭਾਰੀ ਉਤਸ਼ਾਹ ਨੂੰ ਰੂਪਮਾਨ ਕਰਦਾ ਹੈ। ਇਸ ਪ੍ਰੋਗਰਾਮ ਨੂੰ ਜੰਗੀ ਪੱਧਰ 'ਤੇ ਕਾਰਜਸ਼ੀਲ ਕਰਨ ਅਤੇ ਸਫ਼ਲ ਬਣਾਉਣ ਲਈ ਨਿਸ਼ਾਨਦੇਹੀ ਵਾਲੀਆਂ ਪੰਚਾਇਤੀ ਰਾਜ ਸੰਸਥਾਵਾਂ ਦੇ 33 ਲੱਖ ਪ੍ਰਤੀਨਿਧੀਆਂ, ਮਹਿਲਾ ਸਵੈ- ਸਹਾਇਤਾ ਸਮੂਹਾਂ (ਐੱਸਐੱਚਓ) ਦੇ ਪੰਜ ਕਰੋੜ ਮੈਂਬਰਾਂ, ਵਿਧਾਇਕਾਂ, ਸਾਂਸਦਾਂ, ਵੱਖ-ਵੱਖ ਕੇਂਦਰੀ ਮੰਤਰੀਆਂ, ਰਾਜ ਸਰਕਾਰਾਂ ਅਤੇ ਸਥਾਨਕ ਸ਼ਾਸ਼ਨ ਦੇ ਅਹੁਦੇਦਾਰਾਂ ਅਤੇ ਮੁਲਾਜ਼ਮਾਂ ਨੇ ਕੋਈ ਕਸਰ ਨਹੀਂ ਛੱਡੀ। ਗ੍ਰਾਮ ਸਵਰਾਜ ਮੁਹਿੰਮ ਦੇ ਮਹੱਤਵ ਤੇ ਸਫ਼ਲਤਾ ਦਾ ਜ਼ਿਕਰ ਕਰਦੇ ਹੋਏ ਮਾਨਯੋਗ ਪ੍ਰਧਾਨ ਮੰਤਰੀ ਜੀ ਨੇ ਕਿਹਾ ਸੀ ਕਿ "ਗ੍ਰਾਮ ਸਵਰਾਜ ਮੁਹਿੰਮ ਦੇ ਹਿੱਸੇ ਦੇ ਤੌਰ 'ਤੇ ਪਿੰਡਾਂ ਵਿਚ ਵੱਖ-ਵੱਖ ਟੀਮਾਂ ਬਣਾਈਆਂ ਗਈਆਂ ਹਨ ਅਤੇ ਇਹ ਕੇਂਦਰ ਸਰਕਾਰ ਦੀਆਂ ਸੱਤ ਮਹੱਤਵਪੂਰਨ ਯੋਜਨਾਵਾਂ ਦੀ ਪੂਰੀ ਕਵਰੇਜ ਨੂੰ ਯਕੀਨੀ ਬਣਾਉਂਦੀਆਂ ਹਨ। ਇਹ ਅੰਦੋਲਨ ਸੇਵਾਵਾਂ ਨੂੰ ਦਰਵਾਜ਼ੇ ਤਕ ਪ੍ਰਭਾਵੀ ਢੰਗ ਨਾਲ ਪਹੁੰਚਾਏ ਜਾਣ ਦੀ ਇਕ ਮਹੱਤਵਪੂਰਨ ਉਦਾਹਰਣ ਹੈ ਅਤੇ ਇਸ ਨਾਲ ਪਿੰਡਾਂ ਦੀ ਜ਼ਿੰਦਗੀ ਸਹਿਜ ਹੋ ਰਹੀ ਹੈ।"

ਗ੍ਰਾਮ ਸਵਰਾਜ ਮੁਹਿੰਮ ਦੇ ਤਹਿਤ ਇਕ ਹਜ਼ਾਰ ਤੋਂ ਜ਼ਿਆਦਾ ਆਬਾਦੀ ਤੇ 50 ਫ਼ੀਸਦੀ ਤੋਂ ਜ਼ਿਆਦਾ ਅਨੁਸੂਚਿਤ ਜਾਤੀਆਂ




14 ਅਪ੍ਰੈਲ, 2018 ਤੋਂ 5 ਮਈ, 2018 ਤਕ "ਗ੍ਰਾਮ ਸਵਰਾਜ ਮੁਹਿੰਮ- ਸਬ ਕਾ ਸਾਥ, ਸਬ ਕਾ ਪਿੰਡ, ਸਬ ਕਾ ਵਿਕਾਸ" ਪ੍ਰੋਗਰਾਮ ਦੇ ਰੂਪ ਵਿਚ ਕਰਵਾਇਆ ਗਿਆ। ਕੇਂਦਰ ਸਰਕਾਰ ਦੀਆਂ ਨਿਮਨਲਿਖਤ 7 ਪ੍ਰਮੁੱਖ ਯੋਜਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਸੀ। (1) ਪ੍ਰਧਾਨ ਮੰਤਰੀ ਉੱਜਵਲਾ ਯੋਜਨਾ (2) ਉਜਾਲਾ ਯੋਜਨਾ (3) ਪ੍ਰਧਾਨ ਮੰਤਰੀ ਜਨ-ਧਨ ਯੋਜਨਾ (4) ਪ੍ਰਧਾਨ ਮੰਤਰੀ ਸਹਿਜ ਬਿਜਲੀ ਹਰ ਘਰ ਯੋਜਨਾ- ਸੌਭਾਗਯ ਯੋਜਨਾ (5) ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ (6) ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ (7) ਮਿਸ਼ਨ ਇੰਦਰਧਨੁਸ਼।



ਦੀ ਜਨਸੰਖਿਆ ਵਾਲੇ ਪਿੰਡਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਪੂਰਬ-ਉੱਤਰ ਸੂਬਿਆਂ ਦੇ ਮਾਮਲੇ ਵਿਚ 500 ਤੋਂ ਵੱਧ ਆਬਾਦੀ ਤੇ 50 ਫ਼ੀਸਦੀ ਤੋਂ ਵੱਧ ਅਨੁਸੂਚਿਤ ਜਾਤੀ/ ਅਨੁਸੂਚਿਤ ਜਨਜਾਤੀ ਦੀ ਆਬਾਦੀ ਵਾਲੇ ਪਿੰਡ ਸ਼ਾਮਿਲ ਕੀਤੇ ਗਏ। ਪਹਿਲੇ ਪੜਾਅ ਵਿਚ ਗ੍ਰਾਮ ਸਵਰਾਜ ਮੁਹਿੰਮ ਵਿਚ ਕੁੱਲ 16850 ਪਿੰਡਾਂ ਨੂੰ ਸ਼ਾਮਿਲ ਕੀਤਾ ਗਿਆ। ਇਸ ਤਰ੍ਹਾਂ ਦੀ ਵਿਆਪਕ ਮੁਹਿੰਮ ਅਤੀ ਆਧੁਨਿਕ ਤਕਨਾਲੋਜੀ ਤੇ ਨਵੀਨ ਤਕਨੀਕ ਦੀ ਵਰਤੋਂ ਕੀਤੇ ਬਿਨਾਂ, ਪ੍ਰਭਾਵੀ ਤਰੀਕੇ ਨਾਲ ਸੰਚਾਲਤ ਕਰ ਸਕਣਾ ਸੰਭਵ ਨਹੀਂ ਸੀ ਇਸ ਲਈ ਨਿਰਧਾਰਤ ਉਦੇਸ਼ਾਂ ਨੂੰ ਸਮਾਂ ਹੱਦ ਅੰਦਰ ਪੂਰਾ ਕਰਨ, ਪ੍ਰਭਾਵਸ਼ਾਲੀ ਅਗਵਾਈ ਅਤੇ ਲੋੜ ਅਨੁਸਾਰ ਪ੍ਰਭਾਵੀ ਦਖਲ ਯਕੀਨੀ ਬਣਾਉਣ ਲਈ ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ, ਡੀਆਰਡੀਓ ਵੱਲੋਂ ਰੀਅਲ ਟਾਈਮ ਡਾਟਾ ਕੈਪਚਰਿੰਗ ਤੇ ਮਾਨੀਟਰਿੰਗ ਪੋਟਲ ਨਾਲ ਇਕ ਮੋਬਾਈਲ ਐਪ ਵੀ ਵਿਕਸਤ ਕੀਤਾ ਗਿਆ। ਗ੍ਰਾਮ ਸਵਰਾਜ ਮੁਹਿੰਮ ਦੇ ਪਹਿਲੇ ਪੜਾਅ ਦੀ ਸਫ਼ਲਤਾ ਤੋਂ ਉਤਸ਼ਾਹਤ ਹੋ ਕੇ ਸਰਕਾਰ ਨੇ ਗ੍ਰਾਮ ਸਵਰਾਜ ਅਭਿਆਨ (ਜੀਐੱਸਏ) ਨੂੰ "ਵਿਸਥਾਰਤ ਗ੍ਰਾਮ ਸਵਰਾਜ ਅਭਿਆਨ" ਦੇ ਤੌਰ 'ਤੇ 1 ਜੂਨ, 2018 ਤੋਂ 15 ਅਗਸਤ, 2018 ਤਕ ਦੇ ਸਮੇਂ ਲਈ ਲਾਗੂ ਕੀਤਾ। ਵਿਸਥਾਰਤ ਗ੍ਰਾਮ ਸਵਰਾਜ ਅਭਿਆਨ ਵਿਚ 117 ਜ਼ਿਲ੍ਹਿਆਂ ਦੇ 1000 ਤੋਂ ਵੱਧ ਆਬਾਦੀ ਵਾਲੇ ਪਿੰਡ, ਕਰਨਾਟਕ ਤੇ ਪੱਛਮੀ ਬੰਗਾਲ ਦੇ 1000 ਤੋਂ ਵੱਧ ਆਬਾਦੀ ਵਾਲੇ ਪਿੰਡ ਅਤੇ 50 ਫ਼ੀਸਦੀ ਤੋਂ ਬਾਅਦ ਅਨੁਸੂਚਿਤ ਜਾਤੀ ਦੀ ਆਬਾਦੀ ਵਾਲੇ ਪਿੰਡ ਸ਼ਾਮਿਲ ਕੀਤੇ ਗਏ। ਇਸ ਤਰ੍ਹਾਂ ਗ੍ਰਾਮ ਸਵਰਾਜ ਅਭਿਆਨ ਦੇ ਇਸ ਪੜਾਅ ਵਿਚ ਕੁੱਲ 48,929 ਪਿੰਡ ਸ਼ਾਮਿਲ ਕੀਤੇ ਗਏ।

ਮੁਹਿੰਮ ਦੇ ਦੋਵਾਂ ਪੜਾਵਾਂ ਦੇ ਦੌਰਾਨ ਕੇਂਦਰ ਨੂੰ ਸੱਤ ਪ੍ਰਮੁੱਖ ਯੋਜਨਾਵਾਂ ਅਤੇ ਅਹਿਮ ਪ੍ਰੋਗਰਾਮਾਂ 'ਚੋਂ ਪਿੱਛੇ ਰਹਿ ਗਏ ਸਾਰੇ ਪਾਤਰ ਵਿਅਕਤੀਆਂ ਨੂੰ ਇਨ੍ਹਾਂ ਯੋਜਨਾਵਾਂ ਦੇ ਦਾਇਰੇ ਵਿਚ ਲਿਆਉਣ ਲਈ ਆਸ ਅਨੁਸਾਰ ਸਫ਼ਲਤਾ ਮਿਲੀ। ਗ੍ਰਾਮ ਸਵਰਾਜ ਅਭਿਆਨ ਅਤੇ ਵਿਸਥਾਰਤ ਗ੍ਰਾਮ ਸਵਰਾਜ ਅਭਿਆਨ ਦੇ ਸੱਤ ਪ੍ਰਮੁੱਖ ਪ੍ਰੋਗਰਾਮਾਂ ਦੇ ਤਹਿਤ ਪਹਿਲ ਵਾਲੇ ਪੰਜ ਖੇਤਰ ਨਿਰਧਾਰਤ ਕੀਤੇ ਗਏ। ਇਹ ਹਨ : ਸਿੱਖਿਆ, ਸਿਹਤ, ਪੋਸ਼ਣ, ਕੌਸ਼ਲ ਤੇ ਖੇਤੀਬਾੜੀ। ਵਿਸਥਾਰਤ ਅਭਿਆਨ ਦੇ ਤਹਿਤ ਬਿਹਤਰ ਨਤੀਜੇ ਪ੍ਰਾਪਤ ਕਰਨ ਲਈ ਖੇਤੀਬਾੜੀ ਵਿਚ ਪਾਇਲਟ ਪਰਿਯੋਜਨਾ (ਉਦਾਹਰਣ ਦੇ ਤੌਰ 'ਤੇ ਭੂਮੀ ਸਿਹਤ ਕਾਰਡ ਦੀ ਵੰਡ, ਦਾਲਾਂ ਤੇ ਤਿਲਾਂ ਦੇ ਮਿੰਨੀ ਕਿਟ, ਬਾਗਬਾਨੀ ਜਾਂ ਬਾਂਸ ਦੇ ਪੌਦੇ ਲਾਉਣਾ) ਵਰਗੀਆਂ ਸਰਗਰਮੀਆਂ ਨੂੰ ਸ਼ਾਮਿਲ ਕੀਤਾ ਗਿਆ। ਵਿਸਥਾਰਤ ਗ੍ਰਾਮ ਸਵਰਾਜ ਮੁਹਿੰਮ ਦੇ ਦੌਰਾਨ ਕਈ ਪ੍ਰਮੁੱਖ ਯੋਜਨਾਵਾਂ ਨੂੰ ਕਵਰ ਕਰਨ ਵਿਚ ਸਫ਼ਲਤਾ ਮਿਲੀ।

- ਮੁਹਿੰਮ ਦੇ ਦੋਵਾਂ ਪੜਾਵਾਂ ਵਿਚ ਪ੍ਰਧਾਨ ਮੰਤਰੀ ਉਜਵਲਾ ਯੋਜਨਾ ਦੇ ਤਹਿਤ 48.28 ਲੱਖ ਨਵੇਂ ਐੱਲਪੀਜੀ ਗੈਸ ਕਨੈਕਸ਼ਨ ਵੰਡੇ ਗਏ ਅਤੇ ਇਸ ਨੂੰ 100 ਫ਼ੀਸਦੀ ਕਵਰ ਕਰਨ ਦਾ ਉਦੇਸ਼ ਹਾਸਿਲ ਕਰ ਲਿਆ ਗਿਆ। ਇਸ ਯੋਜਨਾ ਦੀ ਪ੍ਰਭਾਵੀ ਕਾਰਜਸ਼ੀਲਤਾ ਨਾਲ ਔਰਤਾਂ ਨੂੰ ਸਵੱਛ ਰਸੋਈ ਗੈਸ ਮੁਹੱਈਆ ਕਰਾਉਣ ਦਾ ਬਹੁ-ਫ਼ੀਸਦੀ ਕਾਰਜ ਸੰਪੂਰਨ ਹੋਇਆ। ਇਸ ਨਾਲ ਔਰਤਾਂ ਤੇ ਬੱਚਿਆਂ ਦੀ ਸਿਹਤ ਨੂੰ ਸੁਰੱਖਿਅਤ ਬਣਾਉਣ ਵਿਚ ਮਦਦ ਮਿਲੀ ਹੈ। ਹੁਣ ਉਨ੍ਹਾਂ ਨੂੰ ਨਾ ਸਿਰਫ਼ ਰਸੋਈ ਦੇ ਧੂੰਏਂ ਤੋਂ ਮੁਕਤੀ ਮਿਲੀ ਹੈ ਸਗੋਂ ਬਾਲਣ ਦੀ ਲੱਕੜੀ ਦੀ ਭਾਲ ਵਿਚ ਅਸੁਰੱਖਿਅਤ ਸਥਾਨਾਂ 'ਤੇ ਭਟਕਣਾ ਵੀ ਨਹੀਂ ਪੈਂਦਾ ਹੈ।
- ਪ੍ਰਧਾਨ ਮੰਤਰੀ ਸਹਿਜ ਬਿਜਲੀ ਯੋਜਨਾ-ਸੌਭਾਗਯ ਦੇ ਤਹਿਤ ਪੇਂਡੂ ਖੇਤਰਾਂ ਦੇ ਸਾਰੇ ਗ਼ਰੀਬ ਪਰਿਵਾਰਾਂ ਤੇ ਸ਼ਹਿਰੀ ਖੇਤਰਾਂ ਦੇ ਗ਼ਰੀਬ ਪਰਿਵਾਰਾਂ ਨੂੰ ਮੁਫ਼ਤ ਬਿਜਲੀ ਕਨੈਕਸ਼ਨ ਮੁਹੱਈਆ ਕਰਵਾਏ ਗਏ। ਦਸੰਬਰ, 2018 ਤਕ ਇਸ ਦੇ ਤਹਿਤ ਦੇਸ਼ ਦੇ ਅੰਦਾਜ਼ਨ ਚਾਰ ਕਰੋੜ ਅਜਿਹੇ ਪਰਿਵਾਰਾਂ ਨੂੰ ਮੁਫ਼ਤ ਬਿਜਲੀ ਕਨੈਕਸ਼ਨ ਮੁਹੱਈਆ ਕਰਵਾਉਣ ਦਾ ਉਦੇਸ਼ ਹੈ ਜਿਨ੍ਹਾਂ ਦੇ ਘਰ ਵਿਚ ਅਜੇ ਤਕ ਬਿਜਲੀ ਕਨੈਕਸ਼ਨ ਨਹੀਂ ਹੈ। ਮੁਹਿੰਮ ਦੇ ਦੌਰਾਨ 31.26 ਲੱਖ ਘਰਾਂ ਨੂੰ ਨਵੇਂ ਬਿਜਲੀ ਕਨੈਕਸ਼ਨ ਮੁਹੱਈਆ ਕਰਵਾਏ ਗਏ।
- ਜਲਵਾਯੂ ਤਬਦੀਲੀ 'ਤੇ ਵਿਸ਼ਵ ਪੱਧਰੀ ਚਿੰਤਾਵਾਂ ਅਤੇ ਵਾਤਾਵਰਨ ਸੁਰੱਖਿਆ ਨੂੰ ਧਿਆਨ ਵਿਚ ਰੱਖ ਦਿਆ ਅੱਜ ਦੇ ਯੁਗ ਵਿਚ ਊਰਜਾ ਬਚਾਉਣ ਦਾ ਮਹੱਤਵ ਬਹੁਤ ਵੱਧ ਗਿਆ ਹੈ। ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਨੇ ਕਿਫ਼ਾਇਤੀ ਐੱਲਈਡੀ ਬੱਲਬਾਂ ਨਾਲ ਉੱਨਤ ਜੋਤੀ ਦੀ ਉਜਾਲਾ ਯੋਜਨਾ ਦੀ ਸ਼ੁਰੂਆਤ 5 ਜਨਵਰੀ, 2015 ਨੂੰ ਕੀਤੀ ਸੀ। ਇਸ ਦਾ ਉਦੇਸ਼ ਮਾਰਚ, 20 19 ਤਕ ਦੇਸ਼ ਵਿਚ 770 ਮਿਲੀਅਨ ਰਵਾਇਤੀ ਬੱਲਬਾਂ ਦੀ ਥਾਂ ਐੱਲਈਡੀ ਬੱਲਬ ਦੀ ਵਰਤੋਂ ਯਕੀਨੀ ਬਣਾਉਣਾ ਹੈ। ਬਿਹਤਰ ਰੋਸ਼ਨੀ, ਬਿਜਲੀ ਬਿੱਲਾਂ ਦਾ ਖ਼ਰਚਾ ਘੱਟ ਕਰਨ ਅਤੇ ਊਰਜਾ ਸੁਰੱਖਿਆ ਵਿਚ ਯੋਗਦਾਨ ਦੇਣ ਦੇ ਉਦੇਸ਼ ਨਾਲ ਦੇਸ਼ ਦੇ ਪਿੰਡਾਂ ਦੇ ਸਾਰੇ ਪਰਿਵਾਰਾਂ ਨੂੰ ਊਰਜਾ ਕਿਫ਼ਾਇਤੀ ਐੱਲਈਡੀ ਬੱਲਬ ਵੰਡੇ ਜਾ ਰਹੇ ਹਨ। ਵਿਸਥਾਰਤ ਗ੍ਰਾਮ ਸਵਰਾਜ ਅਭਿਆਨ ਦੇ ਦੌਰਾਨ 68.52 ਲੱਖ ਨਵੇਂ ਐੱਲਈਡੀ ਬੱਲਬ ਵੰਡੇ ਗਏ।
- ਰਾਸ਼ਟਰੀ ਪੱਧਰ 'ਤੇ ਵਿੱਤੀ ਰਲੇਵੇਂ ਦੇ ਤੌਰ 'ਤੇ ਅਗਸਤ, 2014 ਵਿਚ ਪ੍ਰਧਾਨ ਮੰਤਰੀ ਜਨ-ਧਨ ਯੋਜਨਾ ਸ਼ੁਰੂ ਕੀਤੀ ਗਈ ਇਸ ਦਾ ਉਦੇਸ਼ ਹਰ ਇਕ ਪਰਿਵਾਰ ਨੂੰ ਘੱਟ ਤੋਂ ਘੱਟ ਇਕ ਬੈਂਕ ਖਾਤੇ ਨਾਲ ਬੈਂਕਿੰਗ ਸਹੂਲਤਾਂ ਤਕ ਪਹੁੰਚ ਯਕੀਨੀ ਕਰਨਾ ਹੈ। ਇਸ ਯੋਜਨਾ ਨਾਲ ਕੋਈ ਵੀ ਵਿਅਕਤੀ ਕਿਸੇ ਵੀ ਬੈਂਕ ਸ਼ਾਖਾ ਜਾਂ ਬੈਂਕ-ਮਿੱਤਰ ਆਊਟਲੈੱਟ ਵਿਚ 'ਅਪਨੇ ਗ੍ਰਾਹਕ ਕੋ ਪਹਿਚਾਨੀਏ' ਯਾਨੀ ਕਿ ਕੇਵਾਈਸੀ ਨਾਲ ਸਬੰਧਿਤ ਵੇਰਵਾ ਦੇ ਕੇ ਮੁੱਢਲਾ ਬੱਚਤ ਬੈਂਕ ਜਮ੍ਹਾਂ ਖਾਤਾ ਹੋ ਸਕਦਾ

ਹੈ।

ਜਨ-ਧਨ ਖਾਤਾ ਖੋਲ੍ਹਣ ਲਈ ਘੱਟੋ-ਘੱਟ ਧਨ ਰਾਸ਼ੀ ਜਮ੍ਹਾਂ ਕਰਨ ਜਾਂ ਖਾਤਿਆਂ ਵਿਚ ਬਣਾਈ ਰੱਖਣ ਦੀ ਕੋਈ ਲੋੜ ਨਹੀਂ ਹੈ। ਜਨ-ਧਨ ਖਾਤਾ ਧਾਰਕਾਂ ਨੂੰ ਮੁਫ਼ਤ ਰੁਪਏ ਡੈਬਿਟ ਕਾਰਡ ਮੁਹੱਈਆ ਕਰਵਾਏ ਜਾਂਦੇ ਹਨ ਤੇ ਇਸੇ ਤੋਂ ਇਕ ਲੱਖ ਰੁਪਏ ਦਾ ਦੁਰਘਟਨਾ ਬੀਮਾ ਕਵਰ ਵੀ ਮਿਲਦਾ ਹੈ। ਗ੍ਰਾਮ ਸਵਰਾਜ ਅਭਿਆਨ ਦੇ ਦੋਵਾਂ ਪੜਾਵਾਂ ਦੇ ਤਹਿਤ 73.51 ਲੱਖ ਨਵੇਂ ਜਨ-ਧਨ ਖਾਤੇ ਖੋਲ੍ਹੇ ਗਏ।

● ਮਾਮੂਲੀ ਪ੍ਰੀਮੀਅਮ ਦੇ ਭੁਗਤਾਨ 'ਤੇ ਜੀਵਨ ਬੀਮਾ ਸਹੂਲਤ ਮੁਹੱਈਆ ਕਰਨ ਦੇ ਉਦੇਸ਼ ਨਾਲ ਰਾਸ਼ਟਰੀ ਜਨਤੰਤਰਕ ਗਠਜੋੜ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ ਵਿਚ 18 ਤੋਂ 50 ਸਾਲ ਉਮਰ ਦੇ ਸਾਰੇ ਬੈਂਕ ਖਾਤਾ ਧਾਰਕਾਂ ਨੂੰ ਦੋ ਲੱਖ ਰੁਪਏ ਪ੍ਰਤੀ ਸਾਲ ਦਾ ਜੀਵਨ ਬੀਮਾ ਕਵਰ ਮੁਹੱਈਆ ਕਰਵਾਇਆ ਜਾ ਰਿਹਾ ਹੈ। ਸਿਰਫ਼ 330 ਰੁਪਏ ਪ੍ਰਤੀ ਸਾਲ ਦੇ ਪ੍ਰੀਮੀਅਮ 'ਤੇ ਕਿਸੇ ਵੀ ਕਾਰਨ ਹੋਣ ਵਾਲੀ ਮੌਤ ਲਈ ਸੁਰੱਖਿਆ ਕਵਰ ਉਪਲਬਧ ਕਰਵਾਇਆ ਜਾ ਰਿਹਾ ਹੈ। ਇਹ ਰਾਸ਼ੀ ਪ੍ਰੀਮੀਅਮ ਯੋਜਨਾ ਤੋਂ ਲਾਭ ਉਠਾਉਣ ਵਾਲੇ ਦੇ ਬੈਂਕ ਖਾਤੇ ਵਿਚੋਂ ਸਿੱਧੀ ਹੀ ਕੱਟ ਲਈ ਜਾਂਦੀ ਹੈ। ਇਸ ਨੂੰ ਹਰ ਸਾਲ ਨਵਿਆਇਆ ਜਾ ਸਕਦਾ ਹੈ। ਗ੍ਰਾਮ ਸਵਰਾਜ ਅਭਿਆਨ ਦੇ ਦੋਵਾਂ ਪੜਾਵਾਂ ਦੇ ਤਹਿਤ ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ ਵਿਚ 50.43 ਲੱਖ ਨਵੇਂ ਲੋਕਾਂ ਦਾ ਬੀਮਾ ਕੀਤਾ ਗਿਆ।

● 18 ਤੋਂ 70 ਸਾਲ ਉਮਰ ਦੇ ਸਾਰੇ ਬੈਂਕ ਖਾਤਾ ਧਾਰਕਾਂ ਨੂੰ ਸਿਰਫ਼ 12 ਰੁਪਏ ਪ੍ਰਤੀ ਸਾਲ ਦੇ ਪ੍ਰੀਮੀਅਮ 'ਤੇ ਦੋ ਲੱਖ ਰੁਪਏ ਦਾ ਦੁਰਘਟਨਾ ਬੀਮਾ ਕਵਰ, ਮੌਤ ਅਤੇ ਅਪਾਹਜ ਹੋਣ ਦੀ ਸਥਿਤੀ ਵਿਚ ਪ੍ਰਦਾਨ ਕੀਤਾ ਜਾਂਦਾ ਹੈ। ਅਭਿਆਨ ਦੇ ਦੌਰਾਨ 84.99 ਲੱਖ ਨਵੇਂ ਲਾਭ ਪ੍ਰਾਪਤ ਕਰਨ ਵਾਲੇ ਇਸ ਯੋਜਨਾ ਨਾਲ ਜੁੜੇ।




## 63,974 ਸਹੂਲਤਾਂ ਤੋਂ ਸੱਖਣੇ ਪਿੰਡਾਂ ਦੀ ਨੁਹਾਰ ਬਦਲੀ

● ਔਰਤਾਂ ਤੇ ਬੱਚਿਆਂ ਦੇ ਟੀਕਾਕਰਨ ਨਾਲ ਜੁੜੇ ਮਹੱਤਵਪੂਰਨ ਪ੍ਰੋਗਰਾਮ ਮਿਸ਼ਨ ਇੰਦਰਧਨੁਸ਼ ਦੇ ਤਹਿਤ ਦਸੰਬਰ, 2018 ਤਕ 90 ਫ਼ੀਸਦੀ ਟੀਕਾਕਰਨ ਦਾ ਟੀਚਾ ਹਾਸਿਲ ਕੀਤਾ ਜਾਣਾ ਹੈ। ਇਸ ਯੋਜਨਾ ਦਾ ਉਦੇਸ਼ ਰੋਕਥਾਮ ਕੀਤੀਆਂ ਜਾ ਸਕਣ ਵਾਲੀਆਂ 12 ਬਿਮਾਰੀਆਂ ਤੋਂ ਰੱਖਿਆ ਲਈ ਅਜਿਹੇ ਬੱਚਿਆਂ ਅਤੇ ਗਰਭਵਤੀ ਔਰਤਾਂ ਨੂੰ ਟੀਕੇ ਲਾਉਣਾ ਹੈ ਜਿਨ੍ਹਾਂ ਦਾ ਟੀਕਾਕਰਨ ਨਹੀਂ ਹੋਇਆ ਹੈ। ਮਿਸ਼ਨ ਇੰਦਰਧਨੁਸ਼ ਦੇ ਤਹਿਤ ਲੋੜਵੰਦ ਜ਼ਿਲ੍ਹਿਆਂ ਲਈ ਵਿਸ਼ੇਸ਼ ਵਿਵਸਥਾ ਕੀਤੀ ਗਈ ਹੈ। ਮੁਹਿੰਮ ਦੇ ਦੌਰਾਨ ਹਫ਼ਤੇ ਦੇ ਸੱਤੇ ਦਿਨ ਟੀਕਾਕਰਨ ਪ੍ਰੋਗਰਾਮ ਕਾਰਜਸ਼ੀਲ ਕੀਤਾ ਗਿਆ। ਮੁਹਿੰਮ ਦੇ ਦੋਵਾਂ ਪੜਾਵਾਂ ਦੇ ਤਹਿਤ 6.29 ਲੱਖ ਬਾਲਾਂ ਅਤੇ 1.80 ਲੱਖ ਗਰਭਵਤੀ ਔਰਤਾਂ ਨੂੰ ਰੱਖਿਆਤਮਕ ਟੀਕੇ ਲਾਏ ਗਏ।

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਦੀ ਗਤੀਸ਼ੀਲ ਅਗਵਾਈ ਵਿਚ ਕੇਂਦਰ ਸਰਕਾਰ ਨੇ ਜਨਜੀਵਨ ਦੇ ਬਹੁਤ ਹੀ ਜ਼ਰੂਰੀ ਪਹਿਲੂਆਂ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਦ੍ਰਿੜ੍ਹ ਸੰਕਲਪ ਅਤੇ ਦ੍ਰਿੜ੍ਹ ਇੱਛਾ ਸ਼ਕਤੀ ਦੇ ਨਾਲ ਕੰਮ ਕੀਤਾ ਹੈ। ਇਨ੍ਹਾਂ ਸਾਰੀਆਂ ਸੱਤੇ ਜਨ-ਕਲਿਆਣਕਾਰੀ ਯੋਜਨਾਵਾਂ ਦੇ ਤਹਿਤ ਆਸਾਂ ਮੁਤਾਬਕ ਅਤੇ ਕੁਝ ਮਾਮਲਿਆਂ ਵਿਚ ਆਸਾਂ ਤੋਂ ਵੀ ਵੱਧ ਕੇ ਨਤੀਜੇ ਮਿਲੇ ਹਨ। ਅਸਲ ਵਿਚ ਦੇਖਿਆ ਜਾਵੇ ਤਾਂ 'ਗ੍ਰਾਮ ਸਵਰਾਜ ਅਭਿਆਨ' ਅਤੇ 'ਵਿਸਥਾਰਤ ਗ੍ਰਾਮ ਸਵਰਾਜ ਅਭਿਆਨ' ਕਲਿਆਣਕਾਰੀ ਯੋਜਨਾਵਾਂ ਨੂੰ ਜਨ-ਜਨ ਤਕ ਪਹੁੰਚਾਉਣ ਦੀ ਦਿਸ਼ਾ ਵਿਚ ਬੇਮਿਸਾਲ ਅਤੇ ਇਤਿਹਾਸਕ ਸਾਬਤ ਹੋਏ ਹਨ। ਇਨ੍ਹਾਂ ਅਭਿਆਨਾਂ ਨਾਲ ਪਿੰਡ, ਗ਼ਰੀਬ ਕਿਸਾਨ ਅਤੇ ਵਾਂਝਿਆਂ ਨੂੰ ਉਨ੍ਹਾਂ ਦਾ ਹੱਕ ਦਿਵਾਉਣ ਅਤੇ ਉਨ੍ਹਾਂ ਨੂੰ ਵਿਕਾਸ ਦੀ ਮੁੱਖ ਧਾਰਾ ਨਾਲ ਜੋੜਨ ਵਿਚ ਵੱਡੀ ਸਫ਼ਲਤਾ ਮਿਲੀ ਹੈ। ਦੇਸ਼ ਦੇ ਕਰੋੜਾਂ ਗ਼ਰੀਬਾਂ, ਵਾਂਝਿਆਂ ਦੀ ਜ਼ਿੰਦਗੀ ਖ਼ੁਸ਼ਹਾਲ ਹੋਵੇ, ਸੁਰੱਖਿਅਤ ਹੋਵੇ, ਭਰਪੂਰ ਹੋਵੇ, ਇਸੇ ਸੰਕਲਪ ਨਾਲ ਮੌਜੂਦਾ ਸਰਕਾਰ ਨਿਰੰਤਰ ਯਤਨਸ਼ੀਲ ਰਹੀ ਹੈ ਅਤੇ ਇਹ ਸਿਲਸਿਲਾ ਰੁਕਣ ਵਾਲਾ ਨਹੀਂ ਹੈ। ◆



ਗ੍ਰਾਮੀਣ ਭਾਰਤ ਦਾ ਨਵੋਦਿਯ

# ਜੀਪੀਡੀਪੀ ਨਾਲ ਹੋਇਆ ਮੁਸ਼ਕਿਲ ਰਾਹ ਆਸਾਨ, ਖੁਸ਼ਹਾਲ ਪਿੰਡ ਦਾ ਸੁਪਨਾ ਹੋ ਰਿਹਾ ਸਾਕਾਰ





**ਅਮਰਜੀਤ ਸਿਨਹਾ**
ਸਕੱਤਰ, ਪੰਚਾਇਤੀ ਰਾਜ ਮੰਤਰਾਲਾ ਤੇ ਗ੍ਰਾਮੀਣ ਵਿਕਾਸ ਮੰਤਰਾਲਾ, ਭਾਰਤ ਸਰਕਾਰ

ਦੇਸ਼ ਦੇ ਜ਼ਮੀਨੀ ਪੱਧਰ ਤੋਂ ਸਮੁੱਚੇ ਵਿਕਾਸ ਦੇ ਉਦੇਸ਼ ਨਾਲ ਪੰਚਾਇਤੀ ਰਾਜ ਮੰਤਰਾਲਾ ਨੇ ਗ੍ਰਾਮ ਪੰਚਾਇਤ ਵਿਕਾਸ ਯੋਜਨਾ (ਜੀਪੀਡੀਪੀ) ਦਾ ਸ਼ੁੱਭ ਆਰੰਭ ਕੀਤਾ। ਪਿੰਡਾਂ ਦੀ ਭਲਾਈ ਦੇ ਮੰਤਵ ਨਾਲ ਕੀਤੇ ਗਏ ਇਸ ਯਤਨ ਦੇ ਕਈ ਉਦੇਸ਼ ਹਨ, ਜਿਵੇਂ, ਗ਼ਰੀਬੀ ਘੱਟ ਕਰਨਾ, ਮਨੁੱਖੀ ਵਿਕਾਸ, ਆਰਥਿਕ ਵਿਕਾਸ, ਸਮਾਜਕ ਵਿਕਾਸ, ਬੁਨਿਆਦੀ ਢਾਂਚੇ ਦਾ ਵਿਕਾਸ, ਸਰਵਜਨਕ ਸੇਵਾ ਦੀ ਪੂਰਤੀ, ਸੁਸ਼ਾਸਨ ਆਦਿ। ਗ੍ਰਾਮ ਪੰਚਾਇਤ ਵਿਕਾਸ ਯੋਜਨਾ (ਜੀਪੀਡੀਪੀ) ਦਾ ਵਿਚਾਰ ਰਾਸ਼ਟਰੀ ਪੱਧਰ ’ਤੇ ਫਰਵਰੀ, 2015 ਵਿਚ ਆਇਆ ਜਦੋਂ 14ਵੇਂ ਵਿੱਤ ਕਮਿਸ਼ਨ ਨੇ 2015 ਤੋਂ 2020 ਦੇ ਦੌਰਾਨ ਰੁਪਏ 2,00,292.20 ਕਰੋੜ (13ਵੇਂ ਵਿੱਤ ਕਮਿਸ਼ਨ ਦੀ ਤਿੰਨ ਗੁਣਾ ਤੋਂ ਵੱਧ ਰਾਸ਼ੀ) ਦੇ ਦਾਨ ਦੀ ਸਿਫ਼ਾਰਸ਼ ਕੀਤੀ। ਇਹ ਨਿਸ਼ਚਿਤ ਕੀਤਾ ਗਿਆ ਕਿ ਗ੍ਰਾਮ ਪੰਚਾਇਤਾਂ ਦੇ ਹੱਥਾਂ ਵਿਚ ਆਰਥਿਕ ਬਲ ਦਿੱਤਾ ਜਾਵੇ ਤੇ ਉਨ੍ਹਾਂ ਨੇ ਇਸ ਦਾ ਉਪਯੋਗ ਕਰਦਿਆ ਬੁਨਿਆਦੀ ਸੇਵਾਵਾਂ ਜੁਟਾਉਣ ਦੀ ਆਗਿਆ ਦਿੱਤੀ ਜਾਵੇ।

ਯੋਜਨਾ ਦਾ ਕੰਮ ਆਮ ਤੌਰ ’ਤੇ ਬਹੁਤ ਹੀ ਤਕਨੀਕੀ ਸੁਭਾਅ ਦਾ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਜਿਸ ਨੂੰ ਜ਼ਿੰਮੇਵਾਰੀ ਦਿੱਤੀ ਗਈ ਹੈ, ਉਸ ਦਾ ਹੱਥ ਫੜੀ ਰੱਖਣਾ ਅਤੇ ਮਦਦ ਕਰਨਾ। ਇਸ ਅਨੁਸਾਰ ਪੰਚਾਇਤੀ ਰਾਜ ਮੰਤਰਾਲਾ ਨੇ ਸਾਰੇ ਸਬੰਧਿਤ ਲੋਕਾਂ ਨੂੰ ਵਰਕਸ਼ਾਪ ਅਤੇ ਰਾਈਟਸ਼ਾਪ ਰਾਹੀਂ ਟਰੇਨਿੰਗ ਅਤੇ ਅਨੁਸਾਰ ਬਣਾਉਣ ਦਾ ਲਾਭ ਦੇਣ ਲਈ ਆਪਸੀ ਤਾਲਮੇਲ ਦੇ ਜ਼ਰੀਏ ਯਤਨ ਕੀਤਾ। ਸ਼ੁਰੂ ਵਿਚ ਸੂਬਿਆਂ ਤੋਂ ਸੂਬਾ ਪੱਧਰੀ ਅਜਿਹੇ ਕੋਰ ਗਰੁੱਪ ਬਣਾਉਣ ਨੂੰ ਕਿਹਾ ਗਿਆ ਜੋ ਜੀਪੀਡੀਪੀ ਦਿਸ਼ਾ ਨਿਰਦੇਸ਼ ਤਿਆਰ ਕਰਨ ਵਿਚ ਸਹਾਇਕ ਹੋਣ। ਜੁਲਾਈ, 2015 ਵਿਚ ਮੰਤਰਾਲਾ ਨੇ ਸਾਰੇ ਸੂਬਿਆਂ ਲਈ ਵਰਕਸ਼ਾਪ ਦਾ ਆਯੋਜਨ ਕੀਤਾ। ਇਸ ਤੋਂ ਬਾਅਦ ਪਿਛਲੇ ਤਿੰਨ ਸਾਲਾਂ ਦੇ ਦੌਰਾਨ ਪੰਚਾਇਤੀ ਰਾਜ ਮੰਤਰਾਲਾ ਨੇ ਪੂਰੇ ਦੇਸ਼ ਵਿਚ ਵੱਡੇ ਪੈਮਾਨੇ ’ਤੇ ਟਰੇਨਿੰਗ ਅਤੇ ਅਭਿਆਸ ਪ੍ਰੋਗਰਾਮ ਆਪਣੇ ਹੱਥਾਂ ਵਿਚ ਲੈ ਲਿਆ ਹੈ। ਇਸ ਦਾ ਆਯੋਜਨ ਗ੍ਰਾਮੀਣ ਵਿਕਾਸ ਤੇ ਪੰਚਾਇਤੀ ਰਾਜ ਦੇ ਸੂਬਾ ਪੱਧਰੀ ਸੰਸਥਾਨਾਂ ਰਾਹੀਂ ਕੀਤਾ ਗਿਆ ਹੈ। ਇਸ ਦੀਆਂ ਕਈ ਵਰਕਸ਼ਾਪ/ਰਾਈਟਸ਼ਾਪ ਵੀ ਲਾਇਆ ਗਈਆਂ ਹਨ। ਭਾਰਤ ਸਰਕਾਰ ਨੇ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਅਜਿਹੀਆਂ ਸਾਰੀਆਂ ਯੋਜਨਾਵਾਂ ਨੂੰ ਆਪਸ ਵਿਚ ਜੋੜ ਕੇ ਜਨ-ਜਨ ਤਕ ਬੁਨਿਆਦੀ ਤੇ ਹੋਰ ਸੇਵਾਵਾਂ ਪਹੁੰਚਾਉਣ ਦਾ ਉਦੇਸ਼ ਰੱਖਿਆ ਹੈ। ਪੰਚਾਇਤੀ ਰਾਜ ਮੰਤਰਾਲਾ ਨੇ ਪੰਚਾਇਤਾਂ ਦੇ ਅਧੀਨ ਸਾਰੇ ਸਾਧਨਾਂ ਨੂੰ ਇਕ ਸੂਤਰ ਵਿਚ ਬੰਨ੍ਹਣ ਦੇ ਉਦੇਸ਼ ਨਾਲ ਵੱਖ-ਵੱਖ ਸੂਬਿਆਂ ਦੀਆਂ ਢੁੱਕਵੀਆਂ ਗ੍ਰਾਮ ਪੰਚਾਇਤ ਵਿਕਾਸ ਯੋਜਨਾਵਾਂ (ਜੀਪੀਡੀਪੀ) ਦੇ ਵਿਕਾਸ ਵਿਚ ਸਹਿਯੋਗ ਕੀਤਾ ਹੈ। ਇਨ੍ਹਾਂ ਸਾਧਨਾਂ ਵਿਚ 14ਵੇਂ ਵਿੱਤ ਕਮਿਸ਼ਨ ਦੇ ਫੰਡ, ਮਨਰੇਗਾ ਫੰਡ, ਸਵੱਛ ਭਾਰਤ ਫੰਡ ਆਦਿ ਸ਼ਾਮਿਲ ਹਨ। ਗ੍ਰਾਮ ਪੰਚਾਇਤ ਯੋਜਨਾਵਾਂ ਸਬੰਧਿਤ ਸਮੂਹਾਂ ਲਈ ਸਥਾਨਕ ਵਿਕਾਸ ਦੇ ਉਦੇਸ਼ ਨਿਰਧਾਰਤ ਕਰਨ ਅਤੇ ਵਿਕਾਸ ਦੇ ਲਈ ਸਥਾਨਕ ਸਾਧਨਾਂ ਨੂੰ ਲੱਭਣ ਦਾ ਜ਼ਰੀਆ ਹੋਣਗੀਆਂ।

ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ 14ਵੇਂ ਵਿੱਤ ਕਮਿਸ਼ਨ (ਐੱਫਐੱਫਸੀ) ਦੀ ਰਾਸ਼ੀ ਗ੍ਰਾਮ ਪੰਚਾਇਤਾਂ ਲਈ ਜੀਵਨ ਦਾਤੀ

ਆਕਸੀਜਨ ਦੇ ਬਰਾਬਰ ਹੈ ਅਤੇ ਇਸ ਨਾਲ ਗ੍ਰਾਮ ਪੰਚਾਇਤਾਂ ਵਿਚ ਨਵੀਂ ਜਾਨ ਆਈ ਹੈ। ਕੇਂਦਰ ਵਿਚ ਵਰਤਮਾਨ ਸਰਕਾਰ ਦੀ ਮਨਜ਼ੂਰ ਐੱਫਐੱਫਸੀ ਦੀਆਂ ਸਿਫਾਰਸ਼ਾਂ ਅਨੁਸਾਰ ਵਿੱਤੀ ਸਾਲ 2015-20 ਦੌਰਾਨ ਲਗਪਗ 2,00,292.20 ਕਰੋੜ ਰੁਪਏ ਦੀ ਰਾਸ਼ੀ ਸਿੱਧੀ ਗ੍ਰਾਮ ਪੰਚਾਇਤਾਂ ਨੂੰ ਦਿੱਤੀ ਜਾਵੇਗੀ ਜਿਨ੍ਹਾਂ ਦਾ ਗਠਨ ਸੰਵਿਧਾਨ ਦੇ ਭਾਗ 9 ਦੇ ਤਹਿਤ ਕੀਤਾ ਗਿਆ ਹੈ। ਇਸ ਵਿਚ 26 ਸੂਬਿਆਂ ਲਈ 1,80,262.98 ਕਰੋੜ ਰੁਪਏ (90 ਫ਼ੀਸਦੀ) ਦੀ ਬੁਨਿਆਦੀ ਰਾਸ਼ੀ ਹੈ ਅਤੇ 20,029.22 ਕਰੋੜ ਰੁਪਏ (10 ਫ਼ੀਸਦੀ) ਕਾਰਜ ਪ੍ਰਦਰਸ਼ਨ 'ਤੇ ਅਧਾਰਤ ਰਾਸ਼ੀ ਦਿੱਤੀ ਜਾਵੇਗੀ। ਐੱਫਐੱਫਸੀ ਰਾਸ਼ੀ 13ਵੇਂ ਵਿੱਤ ਕਮਿਸ਼ਨ ਦੀ ਤੁਲਨਾ ਵਿਚ ਤਿੰਨ ਗੁਣਾਂ ਤੋਂ ਵੀ ਵੱਧ ਹੈ। ਇਸ ਦੀ ਵਰਤੋਂ ਗ੍ਰਾਮ ਪੰਚਾਇਤਾਂ ਵਿਚ ਬੁਨਿਆਦੀ ਸੇਵਾਵਾਂ ਵਿਚ ਸੁਧਾਰ ਲਈ ਹੁੰਦੀ ਹੈ। ਵਿੱਤ ਮੰਤਰਾਲਾ ਨੇ ਧਨ ਜ਼ਾਰੀ ਕਰਨ ਤੇ ਉਪਯੋਗ ਕਰਨ ਦੇ ਜੋ ਨਿਰਦੇਸ਼ ਦਿੱਤੇ ਹਨ, ਉਸ ਵਿਚ ਕਿਹਾ ਗਿਆ ਹੈ ਕਿ ਐੱਫਐੱਫਸੀ ਅਵਾਰਡ ਦੇ ਤਹਿਤ ਕੋਈ ਵੀ ਖ਼ਰਚ ਕੀਤੇ ਜਾਣ ਤੋਂ ਪਹਿਲਾਂ ਗ੍ਰਾਮ ਪੰਚਾਇਤ ਵਿਕਾਸ ਯੋਜਨਾ (ਜੀਪੀਡੀਪੀ) ਤਿਆਰ ਕਰਨਾ ਜ਼ਰੂਰੀ ਹੈ। ਇਸ ਲਈ 14ਵੇਂ ਵਿੱਤ ਆਯੋਗ ਨੇ ਗ੍ਰਾਮ ਪੰਚਾਇਤ ਵਿਕਾਸ ਯੋਜਨਾ (ਜੀਪੀਡੀਪੀ) ਨੂੰ ਸਭ ਤੋਂ ਵੱਧ ਮਹੱਤਵ ਦਿੱਤਾ ਹੈ। ਇਸ ਵਿਚ ਆਰਥਿਕ ਮਜ਼ਬੂਤੀ 'ਤੇ ਜ਼ੋਰ ਦਿੱਤਾ ਗਿਆ ਹੈ ਤੇ ਨਿਸ਼ਚਿਤ ਕੀਤਾ ਗਿਆ ਹੈ ਕਿ ਜ਼ਮੀਨੀ ਪੱਧਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਹੋਵੇ।

ਇਸ ਵਿਚ ਦੂਰਦ੍ਰਿਸ਼ਟੀ ਇਹ ਹੈ ਕਿ ਗ੍ਰਾਮ ਪੰਚਾਇਤਾਂ ਆਪ ਸਮੂਹ ਵਿਕਾਸ ਦੀਆਂ ਪੰਜ ਸਾਲਾ ਤੇ ਸਾਲਾਨਾ ਯੋਜਨਾਵਾਂ ਬਣਾਏਗੀ। ਗ੍ਰਾਮ ਪੰਚਾਇਤ ਵਿਕਾਸ ਯੋਜਨਾਵਾਂ ਬਣਾਉਣ ਵਿਚ ਹਿੱਸੇਦਾਰੀ ਤੇ ਵੱਖ-ਵੱਖ ਸਾਧਨਾਂ ਨੂੰ ਆਪਸ ਵਿਚ ਜੋੜਨ 'ਤੇ ਆਧਾਰਿਤ ਹੋਣਗੀਆਂ। ਜੀਪੀਡੀਪੀ ਦੇ ਤਹਿਤ 14ਵੇਂ ਵਿੱਤ ਕਮਿਸ਼ਨ, ਸੂਬਾ ਵਿੱਤ ਕਮਿਸ਼ਨ, ਮਨਰੇਗਾ ਅਤੇ ਐੱਨਆਰਐੱਲਐੱਮ ਤੋਂ ਪ੍ਰਾਪਤ ਹੋਣ ਵਾਲੀ ਧਨ ਰਾਸ਼ੀ ਅਤੇ ਮਾਨਵ ਸੰਸਾਧਨਾਂ ਨੂੰ ਸਮੂਹਕ ਤੌਰ 'ਤੇ ਸ਼ਾਮਿਲ ਕੀਤਾ ਜਾਵੇਗਾ। ਇਸ ਵਿਚ ਸਵੱਛ ਭਾਰਤ ਮਿਸ਼ਨ (ਪੇਂਡੂ), ਪੰਚਾਇਤ ਭਵਨ, ਸ਼ਮਸ਼ਾਨ ਭੂਮੀ ਅਤੇ ਖ਼ੁਦ ਗ੍ਰਾਮ ਪੰਚਾਇਤ ਦੀ ਆਮਦਨ ਦਾ ਰਲੇਂਵਾਂ ਕੀਤਾ ਜਾਵੇਗਾ। ਜੀਪੀਡੀਪੀ ਦੇ ਮੁੱਖ ਉਦੇਸ਼ ਇਸ ਤਰ੍ਹਾਂ ਹਨ:

(ਕ) ਗ੍ਰਾਮ ਪੰਚਾਇਤਾਂ ਦਾ ਸਮੁੱਚਾ ਤੇ ਸਰਬਪੱਖੀ ਵਿਕਾਸ ਕਰਨਾ ਜਿਸ ਵਿਚ ਨਾ ਸਿਰਫ਼ ਬੁਨਿਆਦੀ ਸਹੂਲਤਾਂ ਦਾ ਵਿਕਾਸ ਸਗੋਂ ਸਮਾਜਕ, ਆਰਥਿਕ ਅਤੇ ਭਾਈਚਾਰਕ ਵਿਕਾਸ ਵੀ ਸ਼ਾਮਿਲ ਹੈ।

(ਖ) ਫ਼ੈਸਲੇ ਲੈਣ ਦੀ ਪ੍ਰਕਿਰਿਆ ਦਾ ਵਿਕੇਂਦਰੀਕਰਨ ਕਰਕੇ ਸਮੂਹ ਨੂੰ ਫ਼ੈਸਲੇ ਲੈਣ ਵਿਚ ਸਮਰੱਥ ਕਰਨਾ।

(ਗ) ਲੋੜਾਂ ਦੀ ਪਛਾਣ ਗ੍ਰਾਮ ਪੰਚਾਇਤ ਪੱਧਰ 'ਤੇ ਕਰਨ, ਆਪਸੀ ਸਹਿਯੋਗ ਨਾਲ ਯੋਜਨਾ ਬਣਾਉਣ ਅਤੇ ਸਰੋਤਾਂ ਨੂੰ ਆਪਸ ਵਿਚ ਜੋੜਨ ਨੂੰ ਪਹਿਲ ਦੇਣਾ।

(ਘ) ਜੀਪੀਡੀਪੀ ਦੀ ਰੂਪ ਰੇਖਾ ਤੇ ਕਾਰਜਸ਼ੀਲਤਾ ਵਿਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ ਦੇ ਕਲਿਆਣ ਨੂੰ ਪਹਿਲ ਦੇਣਾ।

ਇਸ ਦੇ ਤਹਿਤ ਬੁਨਿਆਦੀ ਸਹੂਲਤਾਂ ਦੇਣ ਨਾਲ-ਨਾਲ ਰੋਟੀ-ਰੋਜ਼ੀ, ਗ਼ਰੀਬੀ ਦੂਰ ਕਰਨੀ ਅਤੇ ਸਮਾਜਕ ਸੁਰੱਖਿਆ ਵਰਗੇ ਅਹਿਮ ਮੁੱਦਿਆਂ 'ਤੇ ਜ਼ੋਰ ਦਿੱਤਾ ਜਾਵੇਗਾ।

ਐੱਫਐੱਫਸੀ ਅਵਾਰਡ ਨਾਲ ਗ੍ਰਾਮ ਪੰਚਾਇਤ ਪੱਧਰ 'ਤੇ ਸਮੂਹ ਯੋਜਨਾਵਾਂ ਤਿਆਰ ਕਰਨ ਦਾ ਮੌਕਾ ਮਿਲਿਆ ਹੈ ਅਤੇ ਇਸ ਦੀ ਅਗਵਾਈ ਵੀ ਗ੍ਰਾਮ ਪੰਚਾਇਤ ਦੇ ਹੱਥ ਵਿਚ ਹੈ ਤਾਂ ਕਿ ਜਨ-ਜਨ ਤਕ ਬੁਨਿਆਦੀ ਸੇਵਾਵਾਂ ਅਤੇ ਹੋਰ ਸਹੂਲਤਾਂ ਆਸਾਨੀ ਨਾਲ ਪਹੁੰਚ ਸਕਣ। ਗ੍ਰਾਮ ਪੰਚਾਇਤ ਵਿਕਾਸ ਯੋਜਨਾਵਾਂ ਸਬੰਧਿਤ ਸਮੂਹਾਂ ਲਈ ਸਥਾਨਕ ਵਿਕਾਸ ਦੇ ਟੀਚੇ ਨਿਰਧਾਰਤ ਕਰਨ ਅਤੇ ਵਿਕਾਸ ਲਈ ਸਥਾਨਕ ਸਾਧਨਾਂ ਨੂੰ ਲੱਭਣ ਦਾ ਮੌਕਾ ਹੋਣਗੀਆਂ।

ਪੰਚਾਇਤੀ ਰਾਜ ਮੰਤਰਾਲਾ ਨੇ ਐੱਫਐੱਫਸੀ ਫੰਡ, ਸੂਬੇ ਦਾ ਯੋਗਦਾਨ, ਨਿੱਜੀ ਆਮਦਨ ਸਰੋਤ (ਓਐੱਸਆਰ), ਮਨਰੇਗਾ ਫੰਡ ਆਦਿ ਸਮੇਤ ਪੰਚਾਇਤਾਂ ਦੇ ਅਧੀਨ ਸਾਰੇ ਸਰੋਤਾਂ ਨੂੰ ਇਕ ਥਾਂ ਕਰਨ ਦੇ ਮੰਤਵ ਨਾਲ ਵੱਖ-ਵੱਖ ਸੂਬਿਆਂ ਨੂੰ ਢੁਕਵੀਆਂ ਗ੍ਰਾਮ ਪੰਚਾਇਤ ਵਿਕਾਸ ਯੋਜਨਾਵਾਂ (ਜੀਪੀਡੀਪੀ) ਦੇ ਵਿਕਾਸ ਵਿਚ ਸਹਿਯੋਗ ਦਿੱਤਾ ਹੈ ਅਤੇ ਸਮਰੱਥਾ ਨਿਰਮਾਣ 'ਤੇ ਕੰਮ ਕਰ ਰਿਹਾ ਹੈ। ਰਾਸ਼ਟਰੀ ਸੰਸਾਧਨ ਸਮੂਹ ਦਾ ਗਠਨ ਕੀਤਾ ਗਿਆ ਹੈ ਜਿਸ ਦਾ ਮਕਸਦ ਸਾਂਝ ਵਾਲੇ ਕੰਮਾਂ 'ਚ ਮਦਦ ਕਰਨਾ ਹੈ। ਮੰਤਰਾਲਾ ਨੇ ਸੂਬਿਆਂ ਨੂੰ ਜੀਪੀਡੀਪੀ ਟਰੇਨਿੰਗ 'ਤੇ ਧਿਆਨ ਕੇਂਦਰਤ ਕਰਨ ਨੂੰ ਕਿਹਾ ਹੈ। ਇਸ ਲਈ ਮੰਤਰਾਲਾ ਦਾ ਯਤਨ ਹੈ ਕਿ ਕਲੱਸਟਰ, ਬਲਾਕ ਅਤੇ ਜ਼ਿਲ੍ਹਾਂ ਪੱਧਰ 'ਤੇ ਯੋਜਨਾ ਵਿਚ ਹਿੱਸੇਦਾਰੀ ਨਾਲ ਜੋੜੀਆਂ ਭੂਮਿਕਾਵਾਂ ਲਈ ਜਨ-ਅਨੁਕੂਲ ਵਾਤਾਵਰਨ ਬਣਾਇਆ ਜਾਵੇ। ਸਾਰੇ ਹਿੱਸੇਦਾਰ ਸੂਬਿਆਂ ਨੇ ਜੀਪੀਡੀਪੀ ਦੇ ਆਪਣੇ ਦਿਸ਼ਾ ਨਿਰਦੇਸ਼ ਤਿਆਰ ਕਰ ਲਏ ਹਨ। ਇਸ ਸੰਬੰਧ ਵਿਚ ਸੂਬਿਆਂ ਨੇ ਵਾਹਵਾ ਉਤਸ਼ਾਹ ਦਿਖਾਇਆ ਹੈ। ਵੰਡ ਸੂਚਕ ਅੰਕ ਤੇ ਹੇਠਲੇ ਪੱਧਰ ਦੇ ਸੂਬੇ ਜੀਪੀਡੀਪੀ ਦੀ ਰੂਪ ਰੇਖਾ ਵਿਚ ਗ੍ਰਾਮ ਪੰਚਾਇਤ ਨੂੰ ਮਦਦ ਦੇਣ ਲਈ ਸਭ ਤੋਂ ਜ਼ਿਆਦਾ ਉਤਸ਼ਾਹਤ ਹਨ। ਇਸ ਵਿਚ ਵਿਸ਼ੇਸ਼ ਵਰਨਣਯੋਗ ਹਨ- ਆਸਾਮ, ਝਾਰਖੰਡ, ਉੱਤਰਾਖੰਡ, ਤੇਲੰਗਾਨਾ, ਆਂਧਰਾ ਪ੍ਰਦੇਸ਼, ਤ੍ਰਿਪੁਰਾ, ਸਿੱਕਮ, ਮੱਧ ਪ੍ਰਦੇਸ਼, ਮਹਾਰਾਸ਼ਟਰ, ਗੋਆ, ਤੇ ਗੁਜਰਾਤ ਆਦਿ। ਜ਼ਮੀਨੀ ਪੱਧਰ 'ਤੇ ਕੰਮ ਤੇਜ਼ ਕਰਨ ਅਤੇ ਸਮਰੱਥਾ ਵਿਕਾਸ ਨੂੰ ਉਤਸ਼ਾਹ ਦੇਣ ਲਈ ਕੀਤੇ ਗਏ ਇਨ੍ਹਾਂ ਦੇ



ਕਾਰਜ ਸਲਾਹੁਣਯੋਗ ਹਨ। ਇਹ ਵੀ ਦੇਖਿਆ ਗਿਆ ਹੈ ਕਿ ਜ਼ਮੀਨੀ ਪੱਧਰ 'ਤੇ ਪਿੰਡ ਦੇ ਲੋਕ ਲੀਹ ਤੋਂ ਹੱਟ ਕੇ ਸੋਚ ਰਹੇ ਹਨ ਤਾਂ ਕਿ ਸਥਾਨਕ ਸਮੱਸਿਆਵਾਂ ਦਾ ਛੇਤੀ ਹੱਲ ਹੋ ਸਕੇ। ਕਈ ਗ੍ਰਾਮ ਪੰਚਾਇਤਾਂ ਕਮਾਲ ਦੇ ਵਿਚਾਰਾਂ ਨਾਲ ਅੱਗੇ ਆਈਆਂ ਹਨ। ਜੀਪੀਡੀਪੀ ਦਾ ਵਿਚਾਰ ਅਤੇ ਰੂਪ ਰੇਖਾ ਤਿਆਰ ਕਰਨ ਵਿਚ ਨਵੇਂ ਦ੍ਰਿਸ਼ਟੀਕੋਣ ਦੇਖਣ ਨੂੰ ਮਿਲੇ ਹਨ।

ਸਾਲ 2015-16 ਦੌਰਾਨ ਤਕਰੀਬਨ 1. 32 ਲੱਖ ਜੀਪੀਡੀਪੀ ਤਿਆਰ ਕੀਤੀਆਂ ਗਈਆਂ ਜਦ ਕਿ ਸਾਲ 2016-17 ਦੌਰਾਨ ਤਕਰੀਬਨ 2.44 ਲੱਖ ਜੀਪੀਡੀਪੀ ਬਣਾਈਆਂ ਗਈਆਂ।

ਸਾਲ 2017-18 ਦੌਰਾਨ ਦੇਸ਼ ਵੱਖ-ਵੱਖ ਹਿੱਸਿਆਂ ਦੀਆਂ ਗ੍ਰਾਮ ਪੰਚਾਇਤਾਂ ਵਿਚ ਕਰੀਬ 2.42 ਲੱਖ ਜੀਪੀਡੀਪੀ ਤਿਆਰ ਕੀਤੀਆਂ ਜਾ

ਚੁੱਕੀਆਂ ਹਨ। ਇਸ ਸਾਲ ਗ੍ਰਾਮ ਪੰਚਾਇਤਾਂ ਨੂੰ ਉਤਸ਼ਾਹ ਦੇਣ ਲਈ ਗ੍ਰਾਮ ਪੰਚਾਇਤ ਵਿਕਾਸ ਯੋਜਨਾ (ਜੀਪੀਡੀਪੀ) ਦੇ ਨਾਂ ਨਾਲ ਇਕ ਨਵਾਂ ਪੁਰਸਕਾਰ ਸ਼ੁਰੂ ਕੀਤਾ ਗਿਆ ਹੈ। ਪੰਚਾਇਤੀ ਰਾਜ ਮੰਤਰਾਲਾ ਵੱਲੋਂ ਨਿਰਮਤ ਮਾਡਲ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਪਣਾ ਜੀਪੀਡੀਪੀ ਵਿਕਸਿਤ ਕੀਤਾ ਗਿਆ ਹੈ। ਇਸ ਸਾਲ ਰਾਸ਼ਟਰੀ ਪੰਚਾਇਤੀ ਰਾਜ ਦਿਵਸ ਦੇ ਮੌਕੇ ’ਤੇ ਤਿੰਨ ਸਰਬੋਤਮ ਗ੍ਰਾਮ ਪੰਚਾਇਤਾਂ ਨੂੰ ਪੁਰਸਕਾਰ ਦਿੱਤਾ ਗਿਆ। ਜੀਪੀਡੀਪੀ ਦੇ ਕੋਲ ਹਿੱਸੇਦਾਰੀ ਯੋਜਨਾ ਵਿਚ ਯੋਗਦਾਨ ਪਾਉਣ ਅਤੇ ਜ਼ਮੀਨੀ ਪੱਧਰ ’ਤੇ ਲੋਕਤੰਤਰ ਨੂੰ ਸੰਸਥਾਗਤ ਬਣਾਉਣ ਦੀ ਸਮਰੱਥਾ ਹੈ। ਇਹੀ ਸਭ ਤੋਂ ਢੁੱਕਵਾਂ ਸਮਾਂ ਹੈ ਜਦ ਸਾਨੂੰ ਚਰਚਾ ਕਰਕੇ ਇਸ ਨਤੀਜੇ ’ਤੇ ਪਹੁੰਚਣਾ ਚਾਹੀਦਾ ਹੈ ਕਿ ਕਿਸ ਤਰ੍ਹਾਂ ਨਾਲ ਜੀਪੀਡੀਪੀ ਨੂੰ ਸਾਰੇ ਵਿਕਾਸ ਉਦੇਸ਼ ਹਾਸਿਲ ਕਰਨ ਦਾ ਮਹੱਤਵਪੂਰਨ ਤੰਤਰ ਸਹੀ ਅਰਥਾਂ ਵਿਚ ਬਣਾਇਆ ਜਾਵੇ ਅਤੇ ਗ੍ਰਾਮ ਪੰਚਾਇਤ ਨੂੰ ਸਥਾਨਕ ਸ਼ਾਸਨ ਦੀ ਪ੍ਰਭਾਵਸ਼ਾਲੀ ਸੰਸਥਾ ਬਣਾਉਣ ਵਿਚ ਇਸ ਦੀ ਸਹਾਇਤਾ ਕੀਤੀ ਜਾਵੇ। ਇਸ ਦੇ ਨਾਲ ਹੀ ਯੋਜਨਾਵਾਂ ਅਧਿਕਾਰ ਤੇ ਬਾਹਰੀ ਵੰਡੀਆਂ ਤੋਂ ਅੱਗੇ ਦੀ ਗੱਲ ਸੋਚਣ ਅਤੇ ਇਸ ’ਤੇ ਕੰਮ ਕਰਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਅਸੀਂ ਗ੍ਰਾਮ ਪੰਚਾਇਤ ਦੇ ਵਰਤਮਾਨ ਰੂਪ ਨੂੰ ਬਦਲਣ ਅਤੇ ਸਮਰੱਥਾ ਨਿਰਮਾਣ ’ਤੇ ਧਿਆਨ ਕੇਂਦਰਤ ਕਰੀਏ। ਸਮਾਜਕ-ਆਰਥਿਕ ਵਿਕਾਸ ਦੇ ਨਾਲ ਹੀ ਸੱਭਿਆਚਾਰਕ ਕੀਮਤਾਂ (ਵਿਰਾਸਤ, ਭਿੰਨਤਾ, ਰਚਨਾਤਮਕਤਾ ਅਤੇ ਗਿਆਨ) ਨੂੰ ਉਤਸ਼ਾਹਤ ਕਰਨ ਲਈ ਸਥਾਨਕ ਹਿੱਤ ਵਾਲੇ ਅਤੇ ਸਮੂਹ ਵਿਕਾਸ ਦੇ ਵਾਹਕ ਦੇ ਰੂਪ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਉਦੇਸ਼ਾਂ ਨੂੰ ਹਾਸਿਲ ਕਰਨ ਤੇ ਸਥਾਨਕ ਸਰਕਾਰਾਂ, ਨਾਗਰਿਕ ਸਮਾਜ ਸੰਗਠਨਾਂ, ਨਿੱਜੀ ਖੇਤਰਾਂ, ਸਿੱਖਿਆ ਸੰਸਥਾਵਾਂ ਅਤੇ ਹੋਰ ਸਥਾਨਕ ਹਿੱਤ ਵਾਲਿਆਂ ਦਰਮਿਆਨ ਹਿੱਸੇਦਾਰੀ ਅਤੇ ਜ਼ਿੰਮੇਵਾਰੀ ਨੂੰ ਉਤਸ਼ਾਹਤ ਕਰਨ ਵਿਚ ਸਾਰਿਆਂ ਨੂੰ ਲੈ ਕੇ ਚੱਲਣ ਵਾਲੀ ਸਥਾਨਕ ਵਿਕਾਸ ਯੋਜਨਾ ਇਕ ਬਿਹਤਰ ਬਦਲ ਹੈ।

ਸਿੱਟੇ ਵਜੋਂ ਗ੍ਰਾਮ ਪੰਚਾਇਤਾਂ ਵੱਲੋਂ ਵਿਆਪਕ ਅਤੇ ਪ੍ਰਭਾਵੀ ਜੀਪੀਡੀਪੀ ਦੇ ਨਿਰਮਾਣ ਲਈ ਜ਼ਰੂਰੀ ਹੈ ਕਿ ਦਿੱਤੇ ਗਏ ਫੰਡ ਨੂੰ ਹਰ ਪੰਚਾਇਤ ਦੇ ਅਧਿਕਾਰ ਖੇਤਰ ਦੇ ਅੰਦਰ ਖ਼ਰਚ ਕਰਨ ਅਤੇ ਉਨ੍ਹਾਂ ਦੀਆਂ ਸਰਗਰਮੀਆਂ ਨਾਲ ਸਬੰਧਿਤ ਜਾਣਕਾਰੀ ਬਾਰੇ ਜਨਤਕ ਪ੍ਰਤੱਖੀਕਰਨ ਦੇ ਤੌਰ ’ਤੇ ਹਰ ਪੰਚਾਇਤ ਨੂੰ ਸੂਚਿਤ ਕੀਤਾ ਜਾਵੇ। ਇਸ ਦ੍ਰਿਸ਼ਟੀ ਤੋਂ ਸੁਝਾਅ ਦਿੱਤਾ ਜਾਂਦਾ ਹੈ ਕਿ ਵੱਖ-ਵੱਖ ਮੰਤਰਾਲਿਆਂ ਵੱਲੋਂ ਸੰਚਾਲਤ ਯੋਜਨਾਵਾਂ ਦੇ ਤਹਿਤ ਵੰਡਿਆ ਧਨ, ਸਬੰਧਿਤ ਸੂਬੇ ਦੇ ਵਿਭਾਗਾਂ ਦੀ ਸਲਾਹ ਨਾਲ ਵੱਖ-ਵੱਖ ਪੰਚਾਇਤ ਨੂੰ ਦਿੱਤਾ ਜਾਵੇ ਅਤੇ ਇਸ ਬਾਰੇ ਸਬੰਧਿਤ ਗ੍ਰਾਮ ਪੰਚਾਇਤਾਂ ਨੂੰ ਸੂਚਿਤ ਕੀਤਾ ਜਾਵੇ। ਗ੍ਰਾਮ ਪੰਚਾਇਤਾਂ ਨੂੰ ਵੀ ਉਨ੍ਹਾਂ ਵਿਸ਼ੇਸ਼ ਸਰਗਰਮੀਆਂ ਬਾਰੇ ਵੱਡੇ ਪੱਧਰ ’ਤੇ ਸੰਵੇਦਨਸ਼ੀਲ ਹੋਣਾ ਜ਼ਰੂਰੀ ਹੈ ਜਿਨ੍ਹਾਂ ਨੂੰ ਉਨ੍ਹਾਂ ਵੱਲੋਂ ਵਿਸ਼ੇਸ਼ ਯੋਜਨਾ ਲਈ ਜ਼ਰੂਰੀ ਹਮਾਇਤ ਯਕੀਨੀ ਬਣਾਉਣ ਲਈ ਪੂਰਾ ਕੀਤਾ ਜਾਣਾ ਜ਼ਰੂਰੀ ਹੈ। ਪੰਚਾਇਤੀ ਰਾਜ ਪ੍ਰਣਾਲੀ, ਤਿੰਨ ਪੱਧਰਾਂ ’ਤੇ ਚੁਣੇ ਗਏ 31 ਲੱਖ ਤੋਂ ਵੱਧ ਪ੍ਰਤੀਨਿਧੀਆਂ ਨਾਲ ਜਨ ਕੇਂਦਰਤ ਵਿਕਾਸ ਦੀ ਅਗਵਾਈ ਕਰ ਰਹੀ ਹੈ। ਭਾਰਤ ਵਿਚ ਵਿਸ਼ਵ ਪੱਧਰ ’ਤੇ ਸਭ ਤੋਂ ਵੱਧ 14 ਲੱਖ ਤੋਂ ਵੱਧ ਔਰਤਾਂ ਪ੍ਰਤੀਨਿਧ ਹਨ। ਜੀਪੀਡੀਪੀ ਦੀ ਪ੍ਰਕਿਰਿਆ ਵਿਚ ਚੰਗੇ ਸ਼ਾਸਨ ਜ਼ਰੀਏ ਲਿੰਗ ਭੇਦ ਨੂੰ ਨੱਥ ਪਵੇਗੀ। ਇਸ ਨਾਲ ਪਾਰਦਰਸ਼ਤਾ, ਜਵਾਬਦੇਹੀ ਅਤੇ ਬਰਾਬਰ ਨਾਗਰਿਕ ਦੇ ਤੌਰ ’ਤੇ ਔਰਤਾਂ ਦੇ ਅਧਿਕਾਰਾਂ ਨੂੰ ਉਤਸ਼ਾਹ ਮਿਲੇਗਾ। ਜਨਤਕ ਸੇਵਾਵਾਂ ਕੁਸ਼ਲਤਾ ਤੇ ਸਮਰੱਥਾ ਵਿਚ ਵਾਧਾ ਹੋਵੇਗਾ ਤੇ ਸਾਲ 2030 ਤਕ ਵਿਸ਼ਸ਼ ਪੱਧਰੀ ਐੱਸਜੀਡੀ ਏਜੰਡਾ ਪ੍ਰਾਪਤ ਕਰਨ ਲਈ ਸੰਸਥਾਗਤ, ਵਿਅਕਤੀਗਤ ਅਤੇ ਕੰਡਕਟ ਕਰਨ ਦੀਆਂ ਸਮਰੱਥਾਵਾਂ ਦਾ ਨਿਰਮਾਣ ਹੋ ਸਕੇਗਾ। ਇਹ ਧਿਆਨ ਦੇਣਾ ਜ਼ਰੂਰੀ ਹੈ ਕਿ ਲਿੰਗ ਆਧਾਰਤ ਯੋਜਨਾ ਅਤੇ ਲਿੰਗਕ ਵਿਸ਼ਲੇਸ਼ਣ ਨੂੰ ਇਕ ਵੱਖਰਾ ਕਾਰਜ ਨਾ ਬਣਾ ਕੇ ਨਿਯਮਤ ਜੀਪੀਡੀਪੀ ਯੋਜਨਾ ਪ੍ਰਕਿਰਿਆ ਦਾ ਹਿੱਸਾ ਬਣਾਉਣਾ ਜ਼ਰੂਰੀ ਹੈ। ਜੀਪੀਡੀਪੀ, ਸਰਕਾਰੀ ਯੋਜਨਾਵਾਂ ਅਤੇ ਪ੍ਰਮੁੱਖ ਪ੍ਰੋਗਰਾਮਾਂ, ਪੰਚਾਇਤਾਂ ਦੀ ਪ੍ਰਕਿਰਿਆ ਅਤੇ ਸਰੋਤ ਤੇ ਜਵਾਬਦੇਹੀ ਦੇ ਉਪਾਵਾਂ ’ਤੇ ਜਾਗਰੂਕਤਾ ਪੈਦਾ ਕਰਨ ਲਈ ਵਾਂਝੇ ਰਹਿ ਗਏ ਸਮੂਹਾਂ ਅਤੇ ਔਰਤਾਂ ’ਤੇ ਧਿਆਨ ਦੇਣਾ ਜ਼ਰੂਰੀ ਹੈ। ਸੂਬਿਆਂ ਨੂੰ ਬਜਟ, ਯੋਜਨਾ ਨਿਰਮਾਣ, ਕਾਰਜਸ਼ੀਲਤਾ ਅਤੇ ਜੀਪੀਡੀਪੀ ਦੀ ਨਿਗਰਾਨੀ ਵਿਚ ਔਰਤਾਂ ਦੀ ਸਰਗਰਮ ਹਿੱਸੇਦਾਰੀ ਯਕੀਨੀ ਬਣਾਉਣੀ ਚਾਹੀਦੀ ਹੈ।



ਵਿਆਪਕ ਪੱਧਰ ’ਤੇ ਜੀਪੀਡੀਪੀ ਨਿਰਮਾਣ ਅਤੇ ਉਨ੍ਹਾਂ ਦੀ ਕਾਰਜਸ਼ੀਲਤਾ ਯਕੀਨੀ ਬਣਾਉਣ ਅਤੇ ਗ੍ਰਾਮੀਣ ਭਾਰਤ ਵਿਚ ਤਬਦੀਲੀ ਦਾ ਇਨਕਲਾਬ ਲਿਆਉਣ ਲਈ ਪੰਚਾਇਤੀ ਰਾਜ ਮੰਤਰਾਲਾ, ਭਾਰਤ ਸਰਕਾਰ 2 ਅਕਤੂਬਰ ਤੋਂ 31 ਦਸੰਬਰ, 2018 ਤਕ ਮੁਹਿੰਮ- ‘ਸਬ ਕੀ ਯੋਜਨਾ ਸਬ ਕਾ ਵਿਕਾਸ’ ਸ਼ੁਰੂ ਕਰ ਰਿਹਾ ਹੈ। ਇਸ ਦੌਰਾਨ ਹਰ ਪੰਚਾਇਤ ਵੱਲੋਂ ਵਿਸਥਾਰਤ ਜੀਪੀਡੀਪੀ ਤਿਆਰ ਕੀਤੀ ਜਾਵੇਗੀ। 6ਵੇਂ ਅਨੁਸੂਚਿਤ ਖੇਤਰਾਂ ਵਿਚ, ਗ੍ਰਾਮ ਵਿਕਾਸ ਯੋਜਨਾ (ਜੀਪੀਡੀਪੀ) ਸਬੰਧਿਤ ਗ੍ਰਾਮ ਪ੍ਰੀਸ਼ਦਾਂ ਜਾ ਅਥਾਰਟੀ ਵੱਲੋਂ ਤਿਆਰ ਕੀਤੀ ਜਾਵੇਗੀ। ਇਸ ਯੋਜਨਾ ਵਿਚ ਸਬੰਧਿਤ ਮੰਤਰਾਲਿਆਂ ਅਤੇ ਵਿਭਾਗਾਂ ਦੇ ਸਰੋਤਾਂ ਦੀ ਹਮਾਇਤ ਵਿਚ ਪੰਚਾਇਤ ਦੀਆਂ ਵਿਕਾਸ ਸੰਬੰਧੀ ਲੋੜਾਂ ਸ਼ਾਮਿਲ ਕੀਤੀਆਂ ਜਾਣਗੀਆਂ। ਜੀਪੀਡੀਪੀ ਮੁਹਿੰਮ ਨਾ ਸਿਰਫ਼ ਦੇਸ਼ ਦੀਆਂ ਗ੍ਰਾਮ ਸਭਾਵਾਂ ਦੀ ਅਗਵਾਈ ਕਰ ਰਹੇ 31 ਲੱਖ ਚੁਣੇ ਹੋਏ ਪ੍ਰਤੀਨਿਧੀਆਂ ’ਤੇ ਧਿਆਨ ਕੇਂਦਰਤ ਕਰੇਗਾ ਸਗੋਂ ਉਨ੍ਹਾਂ ਨੂੰ ਦੀਨਦਿਆਲ ਅੰਤੋਦਯ ਯੋਜਨਾ ਐੱਨਆਰਐੱਲਐੱਮ ਦੇ ਤਹਿਤ ਜੀਪੀਡੀਪੀ ਰਾਹੀਂ ਪਿੰਡ ਨੂੰ ਵਿਕਾਸ ਯੋਜਨਾ ਦੀ ਰੂਪ ਰੇਖਾ ਬਣਾਉਣ ਅਤੇ ਉਸ ਨੂੰ ਅਮਲੀ ਜਾਮਾ ਪਹਿਨਾਉਣ ਲਈ ਲਗਪਗ 5.25 ਕਰੋੜ ਮਹਿਲਾ ਸਵੈ-ਸਹਾਇਤਾ ਸਮੂਹਾਂ ਤੋਂ ਵੀ ਹਮਾਇਤ ਜੁਟਾਉਣ ਵਿਚ ਮਦਦ ਕਰੇਗਾ। ◆

# ਪਿੰਡ ਦਾ ਵਿਕਾਸ, ਸਰਕਾਰ ਦਾ ਸੰਕਲਪ – ਪ੍ਰਧਾਨ ਮੰਤਰੀ

## ਰਾਸ਼ਟਰੀ ਪੰਚਾਇਤੀ ਰਾਜ ਦਿਵਸ, 24 ਅਪ੍ਰੈਲ,2018






24 ਅਪ੍ਰੈਲ,2018 ਨੂੰ ਪੰਚਾਇਤੀ ਰਾਜ ਦਿਵਸ ਮਨਾਇਆ ਗਿਆ। ਇਸ ਮੌਕੇ 'ਤੇ ਪ੍ਰਧਾਨ ਮੰਤਰੀ ਨੇ ਰਾਸ਼ਟਰੀ ਗ੍ਰਾਮ ਸਵਰਾਜ ਅਭਿਆਨ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ ਦੇਸ਼ ਦੀਆਂ 2.5 ਲੱਖ ਪੰਚਾਇਤਾਂ ਨੂੰ ਸਲਾਮ ਕੀਤੀ ਅਤੇ ਉਨ੍ਹਾਂ ਨੂੰ ਆਪਣੀਆਂ ਸ਼ੁੱਭ ਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਇਹ ਆਦਰਯੋਗ ਬਾਪੂ ਦੇ ਸੁਪਨਿਆਂ ਨੂੰ ਅਨੁਭਵ ਕਰਨ ਦਾ ਮਹੱਤਵਪੂਰਨ ਮੌਕਾ ਸੀ ਕਿਉਂਕਿ ਮਹਾਤਮਾ ਗਾਂਧੀ ਨੇ ਭਾਰਤ ਦੀ ਪਛਾਣ ਇਸ ਦੇ ਪਿੰਡਾਂ ਨਾਲ ਕੀਤੀ ਸੀ। ਇਸ ਮੌਕੇ 'ਤੇ ਸਰਬੋਤਮ ਪੰਚਾਇਤ ਪੁਰਸਕਾਰ ਯੋਜਨਾ ਤਹਿਤ ਰਾਸ਼ਟਰੀ ਈ-ਪੰਚਾਇਤ ਪੁਰਸਕਾਰ ਅਤੇ ਗ੍ਰਾਮ ਪੰਚਾਇਤ ਵਿਕਾਸ ਪੁਰਸਕਾਰ ਯੋਜਨਾ ਦੇ ਜੇਤੂਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਸਾਲ ਰਾਸ਼ਟਰੀ ਪੰਚਾਇਤੀ ਰਾਜ ਦਿਵਸ ਦੇ ਮਹੱਤਵਪੂਰਨ ਮੌਕੇ 'ਤੇ ਮਾਣਯੋਗ ਪ੍ਰਧਾਨ ਮੰਤਰੀ ਨੇ ਰਾਸ਼ਟਰੀ ਗ੍ਰਾਮ ਸਵਰਾਜ ਅਭਿਆਨ (ਆਰਜੀਐੱਸਏ) ਦੀ ਪੁਨਰ ਗਠਿਤ ਯੋਜਨਾ ਦੇ ਨਾਲ-ਨਾਲ ਸਥਾਨਕ ਸਰਕਾਰ ਡਾਇਰੈਕਟੋਰੇਟ (ਐੱਲਜੀਡੀ) ਦੀ ਸ਼ੁਰੂਆਤ ਕੀਤੀ। ਪ੍ਰਧਾਨ ਮੰਤਰੀ ਨੇ ਈ-ਪੰਚਾਇਤ ਪੁਰਸਕਾਰ ਅਤੇ ਗ੍ਰਾਮ ਪੰਚਾਇਤਾਂ ਦੇ ਸੰਦਰਭ 'ਚ ਚੰਗਾ ਪ੍ਰਦਰਸ਼ਨ ਕਰਨ ਵਾਲੇ ਰਾਜਾਂ ਨੂੰ ਜੀਪੀਡੀਪੀ ਪੁਰਸਕਾਰ ਪ੍ਰਦਾਨ ਕੀਤਾ। ਮਾਣਯੋਗ ਪ੍ਰਧਾਨ ਮੰਤਰੀ ਨੇ ਜਨ ਸਮੂਹ ਦੇ ਨਾਲ-ਨਾਲ ਦੇਸ਼ ਭਰ ਦੀਆਂ ਗ੍ਰਾਮ ਸਭਾਵਾਂ ਨੂੰ ਸੰਬੋਧਨ ਕੀਤਾ।

ਪੱਛਮੀ ਬੰਗਾਲ, ਕਰਨਾਟਕ ਅਤੇ ਸਿੱਕਮ ਤੋਂ ਇਕ-ਇਕ ਗ੍ਰਾਮ ਪੰਚਾਇਤ ਨੂੰ ਜੀਪੀਡੀਪੀ ਪੁਰਸਕਾਰ ਪ੍ਰਦਾਨ ਕੀਤੇ ਗਏ। ਪ੍ਰਭਾਵੀ ਗ੍ਰਾਮ ਸਭਾਵਾਂ ਰਾਹੀਂ ਪਿੰਡ ਦੀ ਸਮਾਜਕ ਤੇ ਆਰਥਕ ਸੰਰਚਨਾ ਦੇ ਸੁਧਾਰ ਲਈ ਬਿਹਤਰ ਪ੍ਰਦਰਸ਼ਨ ਕਰ ਵਾਲੀਆਂ 21 ਗ੍ਰਾਮ ਸਭਾਵਾਂ ਨੂੰ ਨਾਨਾਜੀ ਦੇਸ਼ਮੁੱਖ ਰਾਸ਼ਟਰੀ ਗੌਰਵ ਗ੍ਰਾਮ ਸਭਾ ਪੁਰਸਕਾਰ (ਐੱਨਡੀਆਰਜੀਐੱਸਪੀ) ਨਾਲ ਸਨਮਾਨਿਤ ਕੀਤਾ ਗਿਆ। ਆਮ ਤੇ 9 ਥੀਮਾਂ 'ਤੇ ਆਧਾਰਿਤ ਸ਼੍ਰੇਣੀਆਂ ਯਾਨੀ ਕਿ ਸਵੱਛਤਾ, ਨਾਗਰਿਕ ਸੇਵਾਵਾਂ (ਪੀਣ ਵਾਲਾ ਪਾਣੀ, ਸਟਰੀਟ ਲਾਈਟ, ਮੁੱਢਲਾ ਢਾਂਚਾ) ਕੁਦਰਤੀ ਸਰੋਤਾਂ ਦਾ ਪ੍ਰਬੰਧਨ, ਵੰਚਿਤ ਵਰਗ (ਔਰਤਾਂ, ਐੱਸਸੀ/ਐੱਸਟੀ, ਦਿਵਿਆਂਗ, ਬਜ਼ੁਰਗ) ਦੀ ਸੇਵਾ, ਸਮਾਜਕ ਖੇਤਰ 'ਚ ਪ੍ਰਦਰਸ਼ਨ, ਬਿਪਤਾ ਪ੍ਰਬੰਧਨ, ਗ੍ਰਾਮ ਪੰਚਾਇਤ ਦੀ ਮਦਦ ਕਰਨ ਵਾਲੇ ਸਵੈ-ਇਛੁੱਕ ਭੂਮਿਕਾ ਨਿਭਾਉਣ ਵਾਲੇ ਸੀਵੀਓ/ਇਕੱਲਾ ਵਿਅਕਤੀ, ਮਾਲੀਆ ਨਿਰਮਾਣ 'ਚ ਨਵੀਨੀਕਰਨ ਅਤੇ ਈ-ਸ਼ਾਸਨ ਦੇ ਖੇਤਰ 'ਚ ਸੇਵਾ ਅਤੇ ਨਾਗਰਿਕ ਸਹੂਲਤਾਂ ਮੁਹੱਈਆ ਕਰਵਾਉਣ 'ਚ ਸਰਬੋਤਮ ਪ੍ਰਦਰਸ਼ਨ ਕਰਨ ਵਾਲੀਆਂ 191 ਪੰਚਾਇਤਾਂ (ਜ਼ਿਲ੍ਹਾ, ਸੈਕੰਡਰੀ ਅਤੇ ਗ੍ਰਾਮ ਪੰਚਾਇਤ) ਦੀਨ ਦਿਆਲ ਉਪਾਧਿਆਏ ਪੰਚਾਇਤ ਸਸ਼ਕਤੀਕਰਨ ਪੁਰਸਕਾਰ (ਡੀਡੀਯੂਪੀਐੱਸਪੀ) ਵੀ ਪ੍ਰਦਾਨ ਕੀਤਾ ਗਿਆ। ਪੰਚਾਇਤ ਰਾਜ ਦਿਵਸ ਦੇ ਮੌਕੇ 'ਤੇ ਦਿੱਤੇ ਗਏ ਉਨ੍ਹਾਂ ਦੇ ਭਾਸ਼ਣ ਦੇ ਕੁਝ ਮਹੱਤਵਪੂਰਨ ਅੰਸ਼ ਹੇਠ ਲਿਖੇ ਹਨ :

> ਮਹਾਤਮਾ ਗਾਂਧੀ ਨੇ 'ਗ੍ਰਾਮੋਦਯਾ ਨਾਲ ਰਾਸ਼ਟਰਉਦੈ' ਦੇ ਸੁਪਨੇ ਨੂੰ ਸਾਕਾਰ ਕਰਨ ਲਈ ਸਾਨੂੰ ਉਤਸ਼ਾਹਿਤ ਕੀਤਾ ਸੀ। ਭਾਰਤ ਸਰਕਾਰ ਉਨ੍ਹਾਂ ਲੋਕਾਂ ਨੂੰ ਆਪਣੇ ਪਿੰਡਾਂ ਦੇ ਲੋਕਾਂ ਨੂੰ ਸਸ਼ਕਤ ਕਰਨ ਤੇ ਸੰਕਲਪਾਂ ਨੂੰ ਪੂਰਾ ਕਰਨ ਵਿਚ ਸਹਿਯੋਗ ਕਰੇਗੀ।

* ਪੰਚਾਇਤੀ ਰਾਜ ਦਿਵਸ ਸੰਕਲਪਾਂ ਨੂੰ ਸਵੀਕਾਰ ਕਰਨ ਦਾ ਦਿਨ ਹੋਣਾ ਚਾਹੀਦੈ। ਸਾਨੂੰ ਸਰਕਾਰ ਬਣਾਉਣ ਲਈ ਲੋਕਾਂ ਦੀ ਸੇਵਾ ਕਰਨ ਲਈ ਚੁਣਿਆ ਗਿਆ ਹੈ। ਇਸ ਲਈ ਜੇ ਸਾਡੀ ਤਾਕਤ ਅਤੇ ਸਾਡਾ ਸਮਾਂ ਇਸੇ ਕਾਰਜ ਲਈ ਰੱਖਿਆ ਜਾਂਦਾ ਹੈ ਤਾਂ ਅਸੀਂ ਪਿੰਡਾਂ ਦੀ ਤਸਵੀਰ ਬਦਲ ਸਕਦੇ ਹਾਂ।

* ਅੱਜ ਸਾਡੀ ਚਿੰਤਾ ਨਿਰਧਾਰਤ ਸਮੇਂ 'ਚ ਅਸਲ ਲਾਭਪਾਤਰਾਂ ਲਈ ਪੈਸੇ ਦੀ ਸਹੀ ਵਰਤੋਂ ਕਰਨ 'ਤੇ ਹੈ। ਪਿੰਡ 'ਚ ਕੋਈ ਵੀ ਪਰਿਵਾਰ ਅਜਿਹਾ ਨਹੀਂ ਹੋਵੇਗਾ ਜਿਸ ਕੋਲ ਇਕ ਜਨ ਧਨ ਬੈਂਕ ਖਾਤਾ ਅਤੇ ਘੱਟੋ-ਘੱਟ 90 ਪੈਸੇ 'ਚ ਜੀਵਨ ਬੀਮਾ ਉਪਲੱਬਧ ਨਹੀਂ ਹੈ। ਜੇ ਉਹ ਪਰਿਵਾਰ ਬਦਕਿਸਮਤ ਘਟਨਾ ਦਾ ਸਾਹਮਣਾ ਕਰਦੇ ਹਨ ਤਾਂ ਉਨ੍ਹਾਂ ਨੂੰ 2 ਲੱਖ ਰੁਪਏ ਦੀ ਆਰਥਕ ਸਹਾਇਤਾ ਮੁਹੱਈਆ ਹੋਵੇਗੀ।

* ਸਾਨੂੰ ਸਾਰੇ ਲੋਕਾਂ ਨੂੰ ਦੇਸ਼ ਨੂੰ ਬਦਲਣ ਲਈ ਪਿੰਡਾਂ ਨੂੰ ਬਦਲਣ ਦਾ ਯਤਨ ਕਰਨਾ ਚਾਹੀਦੈ। ਸਾਨੂੰ ਸਾਰਿਆਂ ਨੂੰ ਪਿੰਡਾਂ ਦੇ ਫੰਡ ਦੀ ਸਹੀ ਵਰਤੋਂ ਕਰਨੀ ਚਾਹੀਦੀ ਹੈ। ਮੈਂ ਚਾਹੁੰਦਾ ਹਾਂ ਕਿ ਅਸੀਂ ਸਾਰੇ ਪਿੰਡਾਂ 'ਚ 'ਜੈ ਜਵਾਨ, ਜੈ ਕਿਸਾਨ, ਜੈ ਵਿਗਿਆਨ' ਦੇ ਮੰਤਰ ਨਾਲ ਅੱਗੇ ਵਧੀਏ। ◆



# ਗ੍ਰਾਮ ਪੰਚਾਇਤਾਂ ਰਾਹੀਂ ਪਿੰਡਾਂ ਦੀਆਂ ਔਰਤਾਂ ਦਾ ਸਸ਼ਕਤੀਕਰਨ

## ਪਿੰਡਾਂ ਦੀਆਂ ਔਰਤਾਂ ਦੀ ਸਥਿਤੀ 'ਤੇ ਇਕ ਨਜ਼ਰ

**ਪਿੰਡਾਂ ਦੀ ਰੋਟੀ-ਰੋਜ਼ੀ ਦਾ ਔਰਤ-ਪੁਰਸ਼ ਦੇ ਆਧਾਰ 'ਤੇ ਵਰਗੀਕਰਨ :** 'ਰਾਸ਼ਟਰੀ ਪੇਂਡੂ ਰੋਟੀ-ਰੋਜ਼ੀ ਮਿਸ਼ਨ ਦੇ ਜੈਂਡਰ ਆਧਾਰਿਤ ਕਾਰਜ ਨੂੰ ਹਮਾਇਤ' ਸਿਰਲੇਖ ਨਾਲ ਜਾਰੀ ਸੰਯੁਕਤ ਰਾਸ਼ਟਰ ਮਹਿਲਾਂ ਰਿਪੋਰਟ ਦੇ ਅਨੁਸਾਰ ਔਰਤ ਦੀਆਂ 79 ਫ਼ੀਸਦੀ ਪੇਂਡੂ ਔਰਤਾਂ ਖੇਤੀਬਾੜੀ ਦੇ ਕਾਰਜ 'ਚ ਲੱਗੀਆਂ ਹੋਈਆਂ ਹਨ। ਉਨ੍ਹਾਂ ਨੂੰ ਮਰਦਾਂ ਦੀ ਤੁਲਨਾ 'ਚ ਸਿਰਫ਼ 50 ਤੋਂ 75 ਫ਼ੀਸਦੀ ਹੀ ਮਜ਼ਦੂਰੀ ਮਿਲਦੀ ਹੈ। ਸਿਰਫ਼ 9 ਫ਼ੀਸਦੀ ਪੇਂਡੂ ਔਰਤਾਂ ਕੋਲ ਨਿੱਜੀ ਜਾਇਦਾਦ ਹੈ। ਇਸ ਦੇ ਨਤੀਜੇ ਵੱਜੋਂ ਕੁਝ ਹੀ ਔਰਤਾਂ ਦੀ ਪਹੁੰਚ ਸੰਸਥਾਗਤ ਕਰਜ਼ਿਆਂ ਤਕ ਹੈ ਕਿਉਂਕਿ ਉਨ੍ਹਾਂ ਕੋਲ ਕੋਈ ਜ਼ਮੀਨ ਜਾਂ ਪੈਦਾਵਾਰ ਦੇ ਸਾਧਨ ਨਹੀਂ ਹਨ। 80 ਫ਼ੀਸਦੀ ਪੇਂਡੂ ਔਰਤਾਂ ਖੇਤੀ ਮਜ਼ਦੂਰ ਅਨੁਸੂਚਿਤ ਜਾਤੀ ਤੇ ਜਨਜਾਤੀ ਅਤੇ ਹੋਰ ਪਿਛੜੇ ਵਰਗ ਵਰਗੇ ਹਾਸ਼ੀਆਗਤ ਫਿਰਕਿਆਂ ਨਾਲ ਸਬੰਧਿਤ ਹਨ। ਭਾਰਤ 'ਚ ਪੇਂਡੂ ਔਰਤਾਂ ਬਹੁਤ ਹੀ ਘੱਟ ਮਜ਼ਦੂਰੀ ਵਾਲੇ ਕੰਮਾਂ 'ਚ ਲੱਗੀਆਂ ਹੋਈਆਂ ਹਨ ਅਤੇ ਬਰਾਬਰ ਮਜ਼ਦੂਰੀ,



ਕੰਮ ਕਰਨ ਦੀ ਚੰਗੀ ਸਥਿਤੀ ਅਤੇ ਬਰਾਬਰ ਮੌਕਿਆਂ ਤਕ ਉਨ੍ਹਾਂ ਦੀ ਪਹੁੰਚ ਬਹੁਤ ਘੱਟ ਹੈ। ਹਾਲਾਂਕਿ ਪੇਂਡੂ ਔਰਤ ਦੇ ਖੇਤੀਬਾੜੀ ਮਜ਼ਦੂਰਾਂ ਅਤੇ ਕਿਸਾਨਾਂ 'ਚ ਗਿਣਤੀ ਜ਼ਿਆਦਾ ਹੈ, ਰਖਵਾਲੀ ਕਰਨ ਵਰਗੇ ਪ੍ਰਥਮ ਕਾਰਜ ਲਈ ਉਨ੍ਹਾਂ ਨੂੰ ਬਿਨਾਂ ਕਿਸੇ ਮਿਹਨਤਾਨੇ ਤੋਂ ਕੰਮ ਕਰਨਾ ਪੈਂਦਾ ਹੈ ਅਤੇ ਇਸ ਤਰ੍ਹਾਂ ਉਹ ਦੇਸ਼ ਦੀ ਬਿਨਾਂ ਪਛਾਣ ਵਾਲੀ ਕਾਰਜ ਸ਼ਕਤੀ ਬਣੀਆਂ ਰਹਿੰਦੀਆਂ ਹਨ। ਲਿੰਗਕ ਬਰਾਬਰੀ ਸੂਚਕ ਅੰਕ 'ਚ ਭਾਰਤ ਦਾ ਸਥਾਨ ਦੁਨੀਆ ਦੇ 188 ਦੇਸ਼ਾਂ 'ਚੋਂ 125ਵਾਂ ਹੈ ਅਤੇ ਇਹ ਸਭ ਤੋਂ ਹੇਠਲੀ ਪੌੜੀ ਵਾਲੇ ਦੇਸ਼ਾਂ 'ਚ ਸ਼ਾਮਲ ਹੈ। ਭਾਰਤ ਸਰਕਾਰ ਪੇਂਡੂ ਔਰਤਾਂ ਦੀ ਕਮਜ਼ੋਰ ਸਥਿਤੀ, ਗ਼ਰੀਬੀ ਅਤੇ ਉਨ੍ਹਾਂ ਲਈ ਸਮਾਜਕ ਅਨਿਆਂ ਦਾ ਹੱਲ ਕੱਢਣ ਦੀ ਕੋਸ਼ਿਸ਼ ਕਰ ਰਹੀ ਹੈ। ਸਰਕਾਰ ਪੇਂਡੂ ਔਰਤਾਂ ਦੇ ਸਸ਼ਕਤੀਕਰਨ ਅਤੇ ਵਿਕਾਸ ਲਈ ਕਈ ਮਹੱਤਵਪੂਰਨ ਪ੍ਰੋਗਰਾਮ ਅਤੇ ਕੇਂਦਰ ਵੱਲੋਂ ਸਪਾਂਸਰ ਯੋਜਨਾਵਾਂ ਅਮਲ 'ਚ ਲਿਆ ਰਹੀ ਹੈ। ਇਨ੍ਹਾਂ 'ਚ ਬੇਟੀ ਬਚਾਓ, ਬੇਟੀ ਪੜ੍ਹਾਓ, ਪ੍ਰਧਾਨ ਮੰਤਰੀ ਮਾਤਰੀ ਵੰਦਨਾ ਯੋਜਨਾ, ਮਹਿਲਾ ਸ਼ਕਤੀ ਕੇਂਦਰ, ਉੱਜਵਲਾ, ਐੱਮਜੀ ਨਰੇਗਾ, ਆਈਸੀਡੀਐੱਸ, ਮੱਧਿਆਂਹ ਭੋਜਨ ਯੋਜਨਾ ਤੇ ਹੋਰ ਯੋਜਨਾਵਾਂ ਸ਼ਾਮਲ ਹਨ। 73ਵੀਂ ਸੰਵਿਧਾਨਿਕ ਸੋਧ (ਅਨੁਛੇਦ 243ਡੀ) ਰਾਹੀਂ ਪੰਚਾਇਤੀ ਰਾਜ ਸੰਸਥਾਵਾਂ (ਪੀਆਰਆਈ) 'ਚ ਔਰਤਾਂ ਲਈ ਇਕ ਤਿਹਾਈ ਰਾਖਵਾਂਕਰਨ ਦੀ ਵਿਵਸਥਾ ਕੀਤੀ ਗਈ ਹੈ। ਇਸ 'ਚ ਅਨੁਸੂਚਿਤ ਜਾਤੀ ਤੇ ਜਨਜਾਤੀ ਲਈ ਰਾਖਵੀਆਂ ਸੀਟਾਂ ਸ਼ਾਮਲ ਹਨ। ਮੌਜੂਦਾ ਸਮੇਂ 'ਚ 20 ਸੂਬੇ ਪੰਚਾਇਤੀ ਰਾਜ ਸੰਸਥਾਵਾਂ 'ਚ ਔਰਤਾਂ ਲਈ 50 ਫ਼ੀਸਦੀ ਰਾਖਵਾਂਕਰਨ ਦੀ ਵਿਵਸਥਾ ਕਰ ਚੁੱਕੇ ਹਨ। ਪੰਚਾਇਤੀ ਰਾਜ ਸੰਸਥਾਵਾਂ ਦੇ ਵੱਖ-ਵੱਖ ਪੱਧਰਾਂ 'ਤੇ 15 ਲੱਖ ਤੋਂ ਵੱਧ ਔਰਤਾਂ ਚੁਣੀਆਂ ਗਈਆਂ ਹਨ। ਇਹ ਗਿਣਤੀ ਸਥਾਨਕ ਸਰਕਾਰਾਂ 'ਚ ਔਰਤਾਂ ਦੀ ਪ੍ਰਤੀਨਿਧਤਾ ਦੇ ਮਾਮਲੇ 'ਚ ਦੁਨੀਆ 'ਚ ਸਭ ਤੋਂ ਵੱਧ ਹੈ। ਪੰਚਾਇਤੀ ਰਾਜ ਮੰਤਰਾਲਾ ਦੇ ਅੰਕੜਿਆਂ ਅਨੁਸਾਰ 1 ਜਨਵਰੀ 2018 ਤਕ ਪੰਚਾਇਤੀ ਰਾਜ ਸੰਸਥਾਵਾਂ ਦੇ 31,00,804 ਚੁਣੇ ਹੋਏ ਪ੍ਰਤੀਨਿਧੀਆਂ 'ਚੋਂ 14,26,000 ਔਰਤਾਂ ਹਨ ਜੋ ਕੁਲ ਚੁਣੇ ਹੋਏ ਪ੍ਰਤੀਨਿਧੀਆਂ ਦਾ 46 ਫ਼ੀਸਦੀ ਹਨ। ਦੇਸ਼ 'ਚ 1,05,676 ਔਰਤਾਂ ਸਰਪੰਚ ਹਨ। ਸਿਆਸੀ ਪ੍ਰਤੀਨਿਧਤਾ ਅਤੇ ਹਿੱਸੇਦਾਰੀ ਰਾਹੀਂ ਮਹਿਲਾਂ ਸਸ਼ਕਤੀਕਰਨ ਇਨ੍ਹਾਂ ਕੀਰਤੀਮਾਨਾਂ ਦੇ ਬਾਵਜੂਦ ਹੁਣ ਵੀ ਪੇਂਡੂ ਔਰਤਾਂ ਕਈ ਚਣੌਤੀਆਂ ਦਾ ਸਾਹਮਣਾ ਕਰ ਰਹੀਆਂ ਹਨ। ਪੰਚਾਇਤ ਰਾਜ ਸੰਸਥਾਵਾਂ 'ਚ ਔਰਤਾਂ ਦੀ ਪ੍ਰਤੀਨਿਧਤਾ ਕਾਫ਼ੀ ਹੈ (ਇਕ ਤਿਹਾਈ ਰਾਖਵਾਂਕਰਨ ਦੇ ਨਿਯਮ ਅਨੁਸਾਰ) ਪਰ ਸਥਾਨਕ ਸ਼ਾਸ਼ਨ 'ਚ ਔਰਤਾਂ ਦੀ ਹਿੱਸੇਦਾਰੀ ਕਾਫ਼ੀ ਨਹੀਂ ਹੈ। ਖ਼ਾਸ ਸੰਸਥਾਵਾਂ ਤੇ ਨਾਗਰਿਕ ਸਮਾਜ, ਕੌਮਾਂਤਰੀ ਏਜੰਸੀਆਂ, ਦਾਨਕਰਤਾ ਸੰਗਠਨਾਂ ਅਤੇ ਜ਼ਮੀਨੀ ਪੱਧਰ 'ਤੇ ਕਾਰਜ ਕਰ ਰਹੇ ਪੇਸ਼ੇਵਰਾਂ ਦੇ ਵਿਆਪਕ ਤੇ ਤੱਥ ਆਧਾਰਿਤ ਅਧਿਐਨ ਤੋਂ ਪੇਂਡੂ ਔਰਤ ਆਗੂਆਂ ਅਤੇ ਚੁਣੀਆਂ ਹੋਈਆਂ ਪੰਚਾਇਤ ਪ੍ਰਤੀਨਿਧੀਆਂ ਦੀਆਂ ਖ਼ਾਸ-ਖ਼ਾਸ ਔਕੜਾਂ ਅਤੇ ਅੜਿੱਕਿਆਂ ਦਾ ਪਤਾ ਲੱਗਦਾ ਹੈ। ਇਨ੍ਹਾਂ 'ਚੋਂ ਕੁਝ ਇਸ ਤਰ੍ਹਾਂ ਹਨ ਕਿ ਰਵਾਇਤੀ ਪਿੱਤਰਸੱਤਾ ਅਤੇ ਪੁਰਸ਼ਵਾਦੀ ਮਾਨਸਿਕਤਾ ਤੇ ਲਿੰਗਕ ਭੇਦ-ਭਾਵ ਕਾਰਨ ਚੁਣੀਆਂ ਗਈਆਂ ਮਹਿਲਾਂ ਪ੍ਰਤੀਨਿਧੀਆਂ

ਨੂੰ ਆਪਣੀ ਉਦੇਸ਼ਪੂਰਨ ਹਿੱਸੇਦਾਰੀ ਨਿਭਾਉਣ 'ਚ ਕਾਫ਼ੀ ਔਕੜ ਹੁੰਦੀ ਹੈ। ਇਸ ਤੋਂ ਇਲਾਵਾ ਜਨਤਕ ਕੰਮਕਾਜ ਨਿਪਟਾਉਣ 'ਚ ਸਹਾਇਤਾ-ਹਮਾਇਤ ਨਾ ਮਿਲ ਸਕਣਾ ਅਤੇ ਚੁਣੀਆਂ ਹੋਈਆਂ ਔਰਤ ਪ੍ਰਤੀਨਿਧੀਆਂ ਪ੍ਰਤੀ ਰਾਜ-ਸੰਸਥਾ ਦੇ ਅਧਿਕਾਰੀਆਂ ਦੀ ਨਕਾਰਾਤਮਕ ਸੋਚ, ਦ੍ਰਿਸ਼ਟੀਕੋਣ ਅਤੇ ਅਣਦੇਖੀ ਦਾ ਵੀ ਉਲਟ ਪ੍ਰਭਾਵ ਪੈਂਦਾ ਹੈ। ਸਮਾਜੀਕਰਨ ਦੀ ਪ੍ਰਕਿਰਿਆ, ਸਿੱਖਿਆ ਅਤੇ ਤਕਨੀਕੀ ਜਾਣਕਾਰੀ ਤਕ ਉਨ੍ਹਾਂ ਦੀ ਪਹੁੰਚ ਨਾ ਹੋਣ ਨਾਲ ਵੀ ਗ੍ਰਾਮ ਪੰਚਾਇਤ ਲਈ ਯੋਜਨਾ ਬਣਾਉਣ ਦੀ ਪ੍ਰਕਿਰਿਆ, ਸਾਧਨਾਂ ਦੀ ਵੰਡ, ਯੋਜਨਾਵਾਂ ਲਾਗੂ ਕਰਨ ਅਤੇ ਉਨ੍ਹਾਂ ਦੀ ਨਿਗਰਾਨੀ ਸਬੰਧੀ ਜਾਣਕਾਰੀ ਨੂੰ ਪ੍ਰਭਾਵਿਤ ਕਰਦਾ ਹੈ। ਇਨ੍ਹਾਂ ਕਾਰਨਾਂ ਕਰਕੇ ਸਮਾਜ 'ਚ ਇਨ੍ਹਾਂ ਪ੍ਰਤੀ ਹੀਣਤਾ ਦਾ ਪ੍ਰਭਾਵ ਪੈਦਾ ਹੁੰਦਾ ਹੈ ਅਤੇ ਔਰਤ ਮੁਖੀਆਂ 'ਤੇ ਖ਼ਰਾਬ ਆਗੂ ਦਾ ਠੱਪਾ ਲੱਗ ਜਾਂਦਾ ਹੈ। ਪਿੰਡਾਂ 'ਚ ਔਰਤ ਪ੍ਰਤੀਨਿਧੀਆਂ ਨੂੰ ਘਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਦੇ ਨਾਲ-ਨਾਲ ਜਾਤ, ਪਛਾਣ, ਸ਼ਕਤੀ ਅਤੇ ਪਿੰਡ ਦੀ ਸੰਰਚਨਾਤਮਕ ਨਾ-ਬਰਾਬਰੀ ਵਰਗੀਆਂ ਚੁਣੌਤੀਆਂ ਨਾਲ ਨਜਿੱਠਣਾ ਪੈਂਦਾ ਹੈ। ਜ਼ਮੀਨੀ ਪੱਧਰ 'ਤੇ ਪ੍ਰਾਪਤ ਸਬੂਤਾਂ ਤੋਂ ਚੰਗੀ ਤਰ੍ਹਾਂ ਸਪੱਸ਼ਟ ਹੁੰਦਾ ਹੈ ਕਿ ਜ਼ਿਆਦਾਤਰ ਔਰਤ ਪੰਚਾਇਤ ਪ੍ਰਤੀਨਿਧੀਆਂ ਦੀ ਸਾਰਥਕ ਹਿੱਸੇਦਾਰੀ ਨਹੀਂ ਹੁੰਦੀ। ਸਥਾਨਕ ਸਰਕਾਰਾਂ ਪਿੰਡ ਦੀਆਂ ਔਰਤਾਂ ਦੀ ਹਿੱਸੇਦਾਰੀ ਲਈ ਢੁੱਕਵੀਂ ਅਤੇ ਉਚਿਤ ਸਥਿਤੀ ਪੈਦਾ ਕਰਨ ਦਾ ਰਾਹ 'ਚ ਇਕ ਵੱਡੀ ਚੁਣੌਤੀ ਹੈ (ਆਈਸੀਆਰਡਬਲਯੂ, ਯੂਐੱਨ ਵੋਮੈੱਨ, ਐੱਨਏ)। ਕਿਉਂਕਿ ਪੇਂਡੂ ਔਰਤਾਂ 'ਤੇ ਉਲਟ ਅਸਰ ਪਾਉਣ ਵਾਲੇ ਮੁੱਦਿਆਂ ਦਾ ਦਾਇਰਾ ਬਹੁਤ ਵਿਆਪਕ ਹੈ ਇਸ ਲਈ ਪੇਂਡੂ ਔਰਤਾਂ ਦੀ ਸਿਆਸੀ ਹਿੱਸੇਦਾਰੀ ਅਤੇ ਆਰਥਿਕ ਵਿਕਾਸ ਨਾਲ ਸਬੰਧਿਤ ਮੁੱਦਿਆਂ ਦੇ ਅਗਲੇ ਅਧਿਆਏ 'ਚ ਚਾਨਣਾ ਪਾਇਆ ਜਾ ਸਕੇਗਾ। ਇਸ ਵਿਚਾਰ-ਵਟਾਂਦਰੇ ਦਾ ਮੁੱਖ ਫੋਕਸ ਪੇਂਡੂ ਔਰਤਾਂ ਦੇ ਸਸ਼ਕਤੀਕਰਨ ਨੂੰ ਵਧਾਉਣ ਲਈ ਰਣਨੀਤੀ ਅਤੇ ਮੌਜੂਦਾ ਮੰਚ ਦੀ ਪ੍ਰਭਾਵਸ਼ਾਲੀ ਵਰਤੋਂ ਕਰਨੀ ਹੋਵੇਗੀ।

## ਪੇਂਡੂ ਔਰਤਾਂ ਦੇ ਸਸ਼ਕਤੀਕਰਨ ਲਈ ਇਕ ਮੰਚ ਦੇ ਤੌਰ 'ਤੇ ਜੀਪੀ

ਪੀਆਰਆਈ ਕੋਲ ਆਰਥਿਕ ਵਿਕਾਸ ਤੇ ਸਮਾਜਕ ਨਿਆਂ ਯਕੀਨੀ ਬਣਾਉਣ ਦਾ ਸੰਵਿਧਾਨਿਕ ਅਧਿਕਾਰ ਹੁੰਦਾ ਹੈ। ਪੰਚਾਇਤਾਂ ਨੂੰ ਸ਼ਕਤੀ ਦੇ ਤਬਾਦਲੇ 'ਤੇ ਸੰਵਿਧਾਨ ਦੇ ਅਨੁਛੇਦ 243ਜੀ, ਭਾਗ 9 ਨੇ ਸੂਬਿਆਂ ਨੂੰ ਪੰਚਾਇਤਾਂ ਨੂੰ ਸਥਾਨਕ ਸਵੈ-ਸ਼ਾਸ਼ਨ ਦੀਆਂ ਸੰਸਥਾਵਾਂ ਦੇ ਤੌਰ 'ਤੇ ਕੁਸ਼ਲਤਾ ਨਾਲ ਕੰਮ ਕਰਨ ਲਈ ਸਵੈ-ਸੱਤਾ, ਸ਼ਕਤੀ ਤੇ ਅਧਿਕਾਰ ਪ੍ਰਦਾਨ ਕਰਨ ਦਾ ਹੁਕਮ ਦਿੱਤਾ ਹੈ। ਇਸ ਸੰਵਿਧਾਨਿਕ ਹੁਕਮ ਨਾਲ ਭਾਰਤ 'ਚ ਪੰਚਾਇਤਾਂ ਕੋਲ ਪਿੰਡਾਂ ਦੇ ਵਿਕਾਸ 'ਚ ਵਰਤੋਂ ਲਈ ਰਾਜ ਵਿੱਤੀ ਯੋਗਦਾਨ, 14ਵਾਂ ਵਿੱਤੀ ਕਮਿਸ਼ਨ, ਸਰਕਾਰੀ ਫਲੈਗਸ਼ਿਪ ਯੋਜਨਾਵਾਂ ਅਤੇ ਪ੍ਰੋਗਰਾਮ ਅਤੇ ਖ਼ੁਦ ਦੇ ਸਰੋਤਾਂ ਤੋਂ ਮਾਲੀਏ ਦੇ ਤਹਿਤ ਆਪਣਾ ਫੰਡ ਹੁੰਦਾ ਹੈ। ਪੀਆਰਆਈ ਵੀ ਸਥਾਨਕ ਸੰਸਥਾ ਹੈ, ਜੋ ਕੇਂਦਰ ਅਤੇ ਸੂਬਾ ਸਰਕਾਰਾਂ ਲਈ ਹਿੱਸੇਦਾਰੀ ਯੋਜਨਾ, ਸਰੋਤਾਂ ਦੀ ਵੰਡ, ਕਾਰਜਸ਼ੀਲ ਕਰਨਾ ਅਤੇ ਨਿਗਰਾਨੀ ਕਾਰਜਾਂ ਅਤੇ ਸਰਕਾਰੀ ਯੋਜਨਾਵਾਂ ਲਈ ਜ਼ਿੰਮੇਵਾਰ ਹੈ। ਇਸ ਨਾਲ ਪੰਚਾਇਤਾਂ ਲਿੰਗਕ ਜਵਾਬਦੇਹ ਪ੍ਰਸ਼ਾਸਨ ਦੀ ਕਾਰਜਸ਼ੀਲਤਾ ਲਈ ਇਕ ਮਹੱਤਵਪੂਰਨ ਮੰਚ ਬਣਦੀਆਂ ਹਨ। ਮਹੱਤਵਪੂਰਨ ਗੱਲ ਇਹ ਹੈ ਕਿ ਪਿੰਡ





ਲਾਭਦਾਇਕ ਸਥਿਤੀ 'ਚ ਸਨ ਜਿੱਥੇ ਪੀਆਰਆਈ ਦੀ ਸਰਗਰਮ ਭੂਮਿਕਾ ਨਾਲ ਐੱਸਡੀਓ ਦਾ ਸਥਾਨਕੀਕਰਨ ਅਤੇ ਵਾਸਤਵਿਕੀਕਰਨ ਹੋ ਸਕਦਾ ਹੈ। ਇਥੇ ਕਈ ਅਜਿਹੇ ਕਾਰਕ ਹਨ ਜੋ ਕਿ ਪੇਂਡੂ ਔਰਤਾਂ ਦੇ ਸਸ਼ਕਤੀਕਰਨ ਲਈ ਗ੍ਰਾਮ ਪੰਚਾਇਤਾਂ ਨੂੰ ਸਿਆਸੀ ਮੰਚ ਬਣਾਉਂਦੇ ਹਨ। ਗ੍ਰਾਮ ਸਭਾ, ਔਰਤਾਂ ਦੇ ਸਮੂਹਕ (ਐੱਸਐੱਚਜੀ, ਸੰਘ, ਨਿਗਰਾਨ ਕਮੇਟੀਆਂ) ਅਤੇ ਜ਼ਮੀਨੀ ਸੰਗਠਨਾਂ 'ਚ ਔਰਤਾਂ ਦੀ ਹਿੱਸੇਦਾਰੀ ਮਜ਼ਬੂਤ ਕਰਨ ਦੇ ਨਾਲ-ਨਾਲ ਈਡਬਲਯੂਆਰ ਦੀ ਹਮਾਇਤ ਅਤੇ ਸਮਰੱਥਾ ਨਿਰਮਾਣ, ਸੰਭਾਵਿਤ ਔਰਤ ਉਮੀਦਵਾਰਾਂ ਅਤੇ ਉਹ ਔਰਤਾਂ ਜੋ ਕਿ ਚੋਣਾਂ 'ਚ ਫਿਰ ਖੜ੍ਹੀਆਂ ਹੋਣਾਂ ਚਾਹੁੰਦੀਆਂ ਹਨ ਨੂੰ ਪ੍ਰੋਗਰਾਮਾਂ ਦੇ ਨਿਰਮਾਣ ਅਤੇ ਕਾਰਜਸ਼ੀਲਤਾ 'ਚ ਉਤਸ਼ਾਹਿਤ ਕਰਨ ਅਤੇ ਰਲੇਵੇਂ ਦੀ ਲੋੜ ਹੁੰਦੀ ਹੈ। ਗ੍ਰਾਮ ਪੰਚਾਇਤਾਂ ਵੱਲੋਂ ਲਿੰਗਕ ਸਮਾਨਤਾ ਅਤੇ ਸਸ਼ਕਤੀਕਰਨ ਲਈ ਲਾਗੂ ਯੋਜਨਾਵਾਂ ਅਤੇ ਪ੍ਰੋਗਰਾਮਾਂ ਦੇ ਸੰਮੇਲਨ ਦੀ ਬਹੁਤ ਲੋੜ ਹੈ। ਪੰਚਾਇਤਾਂ ਦੀਆਂ ਸਾਰੀਆਂ ਸਰਗਰਮੀਆਂ ਅਤੇ ਪ੍ਰੋਗਰਾਮਾਂ ਦੇ ਲਿੰਗਕ ਵਿਸ਼ਲੇਸ਼ਣ ਦੀ ਲੋੜ ਹੈ ਅਤੇ ਇਨ੍ਹਾਂ ਨੂੰ ਇਸ ਤਰ੍ਹਾਂ ਬਣਾਉਣ ਦੀ ਲੋੜ ਹੈ ਜਿਸ ਨਾਲ ਨਾ-ਬਰਾਬਰੀਆਂ ਘੱਟ ਹੋ ਸਕਣ। ਸਰਗਰਮੀਆਂ ਤੇ ਪ੍ਰੋਗਰਾਮਾਂ ਦੇ ਪੰਚਾਇਤ ਪੱਧਰ 'ਤੇ ਅੰਕੜਿਆਂ ਨੂੰ ਇਕੱਠੇ ਕਰਨ ਲਈ ਲਗਾਤਾਰ ਯਤਨ ਕੀਤੇ ਜਾਣ ਦੀ ਲੋੜ ਹੈ।

ਇਕ ਹੋਰ ਪ੍ਰਕਿਰਿਆ ਜਿਸ ਨੂੰ ਰਣਨੀਤਿਕ ਤੌਰ 'ਤੇ ਵਰਤਣ ਦੀ ਲੋੜ ਹੈ, ਉਹ ਹੈ ਗ੍ਰਾਮ ਪੰਚਾਇਤ ਵਿਕਾਸ ਯੋਜਨਾ (ਜੀਪੀਡੀਪੀ) ਜੋ ਕਿ ਗ੍ਰਾਮ ਪੰਚਾਇਤਾਂ ਵੱਲੋਂ ਏਕੀਕ੍ਰਿਤ ਵਿਕੇਂਦਰੀਕਰਨ ਯੋਜਨਾ ਦਾ ਦ੍ਰਿਸ਼ਟੀਕੋਣ ਹੈ। ਜੀਪੀਡੀਪੀ ਲਈ ਲਿੰਗਕ ਦ੍ਰਿਸ਼ਟੀਕੋਣ ਸਥਾਨਕ ਪ੍ਰਸ਼ਾਸਨ 'ਚ ਪੇਂਡੂ ਔਰਤਾਂ ਦੀ ਸਾਰਥਕ ਹਿੱਸੇਦਾਰੀ ਅਤੇ ਸੰਸਥਾਗਤ ਕਰਜ਼ੇ, ਬਾਜ਼ਾਰਾਂ ਅਤੇ ਸਾਰੀ ਰੋਟੀ-ਰੋਜ਼ੀ ਕਾਰਜ ਪ੍ਰਣਾਲੀ ਤਕ ਪੇਂਡੂ ਔਰਤਾਂ ਦੀ ਜ਼ਿਆਦਾ ਪਹੁੰਚ

ਯਕੀਨੀ ਬਣਾਏਗਾ।

ਜੀਪੀਡੀਪੀ 'ਚ ਜੈਂਡਰ ਦਾ ਏਕੀਕਰਨ ਇਕ ਵੱਖਰੀ ਜਾਂ ਸਮਾਨਅੰਤਰ ਪ੍ਰਕਿਰਿਆ ਨਹੀਂ ਹੈ ਅਤੇ ਇਹ ਰਵਾਇਤੀ ਜੀਪੀਡੀਪੀ ਪ੍ਰਕਿਰਿਆਵਾਂ 'ਚ ਜੈਂਡਰ ਨੂੰ ਅਸਲ 'ਚ ਮੁੱਖ ਧਾਰਾ 'ਚ ਲਿਆਉਂਦਾ ਹੈ। ਇਕ ਲਿੰਗਕ ਸੰਵੇਦਨਸ਼ੀਲ ਜੀਪੀਡੀਪੀ ਇਸ 'ਤੇ ਧਿਆਨ ਦੇਵੇਗਾ ਕਿ ਮਰਦ ਅਤੇ ਔਰਤਾਂ ਦੀ ਸਮਾਜਿਕ, ਧਾਰਮਿਕ ਅਤੇ ਸੱਭਿਆਚਾਰਕ ਭੇਦ-ਭਾਵ ਕਾਰਨ ਸਰੋਤਾਂ ਤਕ ਵੱਖ-ਵੱਖ ਪਹੁੰਚ ਹੁੰਦੀ ਹੈ ਅਤੇ ਯੋਜਨਾ ਪ੍ਰਕਿਰਿਆ ਨੂੰ ਪਿੰਡ ਦੇ ਸਮੂਹ ਦੇ ਵੱਖ-ਵੱਖ ਵਰਗਾਂ ਦੀਆਂ ਵੱਖ-ਵੱਖ ਲੋੜਾਂ 'ਤੇ ਧਿਆਨ ਦੇਣ ਤੇ ਪ੍ਰਕਿਰਿਆ ਦੇਣ ਦੀ ਲੋੜ ਹੈ। ਯੋਜਨਾ ਅਤੇ ਬਜਟ ਸਰਗਰਮੀ ਔਰਤਾਂ ਅਤੇ ਮਰਦਾਂ ਦੀਆਂ ਵੱਖ-ਵੱਖ ਲੋੜਾਂ ਨਾਲ ਜੋੜਨਾ ਹੈ ਅਤੇ ਲਿੰਗਕ ਨਾ-ਬਰਾਬਰੀ ਵੱਲ ਧਿਆਨ ਦੇਣ ਲਈ ਉਸ ਦੇ ਅਨੁਸਾਰ ਵਿਸ਼ੇਸ਼ ਸਰਗਰਮੀਆਂ ਨੂੰ ਸ਼ਾਮਲ ਕਰਨਾ ਹੈ। ਜੀਪੀਡੀਪੀ ਪ੍ਰਕਿਰਿਆ 'ਚ ਜੈਂਡਰ ਦੇ ਏਕੀਕਰਨ ਨੂੰ ਤਤਕਾਲ ਜੀਪੀਡੀਪੀ ਦੀ ਯੋਜਨਾ, ਬਜਟ, ਕਾਰਜਸ਼ੀਲਤਾ 'ਤੇ ਨਿਗਰਾਨੀ ਅਤੇ ਵਿਕਾਸ ਪ੍ਰੋਗਰਾਮਾਂ ਅਤੇ ਯੋਜਨਾਵਾਂ 'ਚ ਪੇਂਡੂ ਔਰਤਾਂ ਦੀ ਹਿੱਸੇਦਾਰੀ ਯਕੀਨੀ ਬਣਾਉਣ ਦੀ ਲੋੜ ਹੈ। ਐੱਸਆਈਐੱਸ, ਬਜਟ, ਹਿੱਸੇਦਾਰੀ ਪੇਂਡੂ ਤਕਨੀਕ ਅਤੇ ਵਿਕਾਸਸ਼ੀਲ ਲਿੰਗਕ ਕਿਰਿਆ ਯੋਜਨਾ ਚੰਗੀ ਤਰ੍ਹਾਂ ਨਾਲ ਪਰਿਭਾਸ਼ਿਤ ਲਿੰਗਕ ਸੰਵੇਦਨਸ਼ੀਲ ਸੰਕੇਤਕ ਤੇ ਜੀਪੀਡੀਪੀ ਲਈ ਚੈੱਕਲਿਸਟ ਇਕ ਲਿੰਗਕ ਸੰਵੇਦਨਸ਼ੀਲ ਜੀਪੀਡੀਪੀ ਵਿਕਸਿਤ ਕਰਨ ਲਈ ਮਹੱਤਵਪੂਰਨ ਕਦਮ ਹੋਵੇਗਾ। ਇਸ ਦਾ ਨਤੀਜਾ ਗ੍ਰਾਮ ਪੰਚਾਇਤ 'ਚ ਆਵੇਗਾ- ਪੇਂਡੂ ਔਰਤਾਂ ਨੂੰ ਮਹੱਤਵਪੂਰਨ ਸਵਾਲ ਉਠਾਉਣ ਅਤੇ ਉਨ੍ਹਾਂ ਨੂੰ ਏਜੰਸੀ ਦਾ ਇਸਤੇਮਾਲ ਕਰਨ ਲਈ ਮਾਹੌਲ ਅਤੇ ਜਿੱਥੇ ਉਹ ਪੰਚਾਇਤਾਂ ਦੀਆਂ ਸਰਗਰਮੀਆਂ ਅਤੇ ਪ੍ਰੋਗਰਾਮਾਂ 'ਚ ਸਾਰਥਕ ਤੌਰ 'ਤੇ ਭਾਗ ਲੈਂਦੀਆਂ ਹਨ। ਪੇਂਡੂ ਔਰਤਾਂ ਦੇ ਕਮਜ਼ੋਰ ਹੋਣ ਅਤੇ ਹਾਸ਼ੀਏ 'ਤੇ ਹੋਣ ਦੇ ਮੁੱਦੇ ਗੁੰਝਲਦਾਰ ਹਨ ਅਤੇ ਬਹੁ-ਖੇਤਰੀ ਲਿੰਗਕ ਜਵਾਬਦੇਹ ਦ੍ਰਿਸ਼ਟੀਕੋਣ ਦੀ ਲੋੜ ਹੈ।



ਆਈਡੀਆ ਅਤੇ ਸੰਭਾਵਿਤ ਹੱਲਾਂ ਨਾਲ ਪੇਂਡੂ ਔਰਤਾਂ ਦੇ ਸਸ਼ਕਤੀਕਰਨ ਤੇ ਅੱਗੇ ਕੰਮ ਕਰਨ ਲਈ ਇਲਾਕੇ ਦੀਆਂ ਨੀਤੀਆਂ ਅਤੇ ਖੋਜ ਦੇ ਦਾਇਰੇ ਤੋਂ ਵੱਧ ਹਮਾਇਤ ਦੀ ਲੋੜ ਹੈ।

ਗ੍ਰਾਮ ਪੰਚਾਇਤਾਂ 'ਚ ਔਰਤਾਂ ਦੇ ਇਤਿਹਾਸਕ ਬੰਧਨਾਂ ਨੂੰ ਤੋੜਨ, ਔਰਤਾਂ ਨੂੰ ਸਿਰਫ਼ ਘਰੇਲੂ ਸਥਾਨ ਅਤੇ ਹੋਮ ਮੇਕਰ, ਦੇਖਭਾਲ ਕਰਨ ਵਾਲੀ ਅਤੇ ਘਰ 'ਚ ਕੰਮ ਕਰਨ ਵਾਲੀ ਦੀ ਭੂਮਿਕਾ 'ਚ ਦੇਖਣ ਵਾਲੇ ਡੂੰਘੇ ਰੂੜ੍ਹੀਵਾਦੀ ਮਾਨਦੰਡਾਂ ਨੂੰ ਚੁਣੌਤੀ ਦੇਣ ਲਈ ਪ੍ਰਭਾਵਸ਼ਾਲੀ ਮੰਚ ਬਣਨ ਦੀ ਸਮਰੱਥਾ ਹੁੰਦੀ ਹੈ। ਪੀਆਰਆਈ ਮੁਲਾਜ਼ਮਾਂ ਨੂੰ ਗ੍ਰਾਮ ਪੰਚਾਇਤਾਂ 'ਚ ਯਤਨਾਂ ਨੂੰ ਖੋਜ, ਨੀਤੀਆਂ ਅਤੇ ਸਰਕਾਰੀ ਸੰਸਥਾਨਾਂ ਦੇ ਸਹਿਯੋਗ ਦੀ ਲੋੜ ਹੈ।

ਨੀਤੀ ਦੇ ਪੱਧਰ 'ਤੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਸੂਬਿਆਂ ਦੇ ਪੀਆਰਆਈ 'ਚ ਔਰਤਾਂ ਲਈ 50 ਫ਼ੀਸਦੀ ਰਾਖਵੇਂਕਰਨ ਦੀ ਵਕਾਲਤ, ਸਮਰੱਥਾ ਨਿਰਮਾਣ ਲਈ ਵੱਧ ਤੋਂ ਵੱਧ ਫੰਡ, ਐਕਸਪੋਜ਼ਰ ਦੌਰੇ ਅਤੇ ਈਡਬਲਯੂਆਰ ਦੀ ਟ੍ਰੇਨਿੰਗ, ਸਰਕਾਰੀ ਸੰਸਥਾਵਾਂ 'ਚ ਜੈਂਡਰ ਬਜਟ ਸੇਲ ਦਾ ਪਾਲਣ ਅਤੇ ਜਨਤਕ ਸੰਸਥਾਵਾਂ ਦੀ ਲਿੰਗਕ ਲੇਖਾ ਪ੍ਰੀਖਿਆ 'ਤੇ ਧਿਆਨ ਦੇਣ ਦੀ ਲੋੜ ਹੈ। ਸਰਕਾਰ ਆਪਣੀ ਯੋਜਨਾ, ਬਜਟ ਕਾਰਜਾਂ ਅਤੇ ਪ੍ਰੋਗਰਾਮਾਂ ਦੀ ਕਾਰਜਸ਼ੀਲਤਾ ਅਤੇ ਜਵਾਬਦੇਹੀ ਤੰਤਰ ਦੇ ਅੰਦਰ ਲਿੰਗਕ ਜਵਾਬਦੇਹੀ ਦਾ ਉਪਾਅ ਕਰ ਸਕਦੀ ਹੈ। ਖੋਜ ਦਾ ਇਕ ਹੋਰ ਮਹੱਤਵਪੂਰਨ ਖੇਤਰ ਹੈ ਜਿੱਥੇ ਔਰਤਾਂ ਨੂੰ ਵਿਕਾਸ ਅਤੇ ਸਮਾਜਕ ਨਿਆਂ 'ਚ ਸਾਰਥਕ ਸਿਆਸੀ ਹਿੱਸੇਦਾਰੀ ਦੀ ਆਗਿਆ ਨਾ ਦੇਣ ਦੀ ਕੀਮਤ 'ਤੇ ਸਬੂਤ ਪੈਦਾ ਕੀਤੇ ਜਾ ਸਕਦੇ ਹਨ। ਸਰਕਾਰੀ ਸੰਸਥਾਨਾਂ ਨੂੰ ਉਨ੍ਹਾਂ ਦੀਆਂ ਦਖ਼ਲਅੰਦਾਜ਼ੀਆਂ 'ਚ ਏਕੀਕ੍ਰਿਤ ਲਿੰਗਕ ਦ੍ਰਿਸ਼ਟੀਕੋਣ ਏਕੀਕਰਨ ਲਈ ਸਰਕਾਰੀ ਵਿਭਾਗਾਂ ਅਤੇ ਪੀਆਰਆਈ ਦੀ ਸਮਰੱਥਾ ਮਜ਼ਬੂਤ ਕਰਨ ਲਈ ਰਸਤਾ ਤਿਆਰ ਕਰਨ ਦੀ ਲੋੜ ਹੈ। ਔਰਤਾਂ ਦੀ ਹਿੱਸੇਦਾਰੀ ਯਕੀਨੀ ਬਣਾਉਣ ਲਈ ਨਿਗਰਾਨੀ ਕਰਨ ਅਤੇ ਵਿਕੇਂਦਰੀ ਕਰਨ ਤੇ ਜਵਾਬਦੇਹੀ ਉਪਾਵਾਂ ਨੂੰ ਉਤਸ਼ਾਹ ਦੇਣ ਲਈ ਜਵਾਬਦੇਹੀ ਉਪਾਵਾਂ ਨੂੰ ਸੰਸਥਾਗਤ ਕਰਨ ਦੀ ਸਖ਼ਤ ਲੋੜ ਹੈ। ਇਕ ਵਿਕਸਿਤ ਅਤੇ ਸਮਾਜਕ ਤੌਰ 'ਤੇ ਵਿਕਸਿਤ ਸਮਾਜ ਸਿਰਫ਼ ਔਰਤਾਂ ਦੀ ਸਰਗਰਮ ਹਿੱਸੇਦਾਰੀ ਅਤੇ ਯੋਗਦਾਨ ਨਾਲ ਬਣਾਇਆ ਜਾ ਸਕਦਾ ਹੈ ਅਤੇ ਇਹ ਖ਼ਾਸ ਤੌਰ 'ਤੇ ਭਾਰਤ ਲਈ ਸਹੀ ਹੈ। ਜਿੱਥੇ ਪੇਂਡੂ ਜਨ ਸੰਖਿਆ 'ਚ ਔਰਤਾਂ ਦੀ ਸੰਖਿਆ 48 ਫ਼ੀਸਦੀ ਤੋਂ ਜ਼ਿਆਦਾ ਹੈ। ਗ੍ਰਾਮ ਪੰਚਾਇਤਾਂ ਸਮਾਜਕ ਨਿਆਂ ਅਤੇ ਆਰਥਿਕ ਵਿਕਾਸ ਦੇ ਸੰਵਿਧਾਨਿਕ ਆਦੇਸ਼ ਨੂੰ ਸਿਰਫ਼ ਪੇਂਡੂ ਔਰਤਾਂ ਦੀ ਸਾਰਥਕ ਹਿੱਸੇਦਾਰੀ ਨਾਲ ਪ੍ਰਾਪਤ ਕਰ ਸਕਦੀਆਂ ਹਨ। ◆



**ਨਿਸ਼ਠਾ ਸੱਤਿਅਮ**
ਡਿਪਟੀ ਕੰਟਰੀ ਰੀਪ੍ਰੈਜ਼ੈਂਟੇਟਿਵ
ਯੂਐੱਨ ਵੋਮੈੱਨ ਇੰਡੀਆ (ਐੱਮਸੀਓ)
**ਸ਼ਾਸਵਤੀ ਮਿਸ਼ਰਾ**
ਪ੍ਰੋਗਰਾਮ ਐਨਾਲਿਸਟ ਐੱਮਓਪੀਆਰ-ਯੂਐੱਨ ਵੋਮੈੱਨ

Reference: Aajeevika & UN Women. (2014). Engendering Rural Livelihoods: Supporting Gender Responsive Implementation of the National Rural livelihoods Mission. Accessed on 5 April 2018. Retrieved from http://aajeevika.gov.in/sites/default/files/nrlp_repository/Engendering-Rural-Livelihoods-Final.pdf
Bhattacharyya, A. (undated). Rural Women in India: The Invisible Lifeline of RuralCommunity.

# ਕੋਵਈ ਗ੍ਰਾਮ ਪੰਚਾਇਤ ਨੇ ਆਪਣੇ ਸੋਮਿਆਂ ਤੋਂ ਬਣਾਇਆ ਆਤਮਨਿਰਭਰ

## ਪਿੰਡ ਦੇ ਪਾਰਕ, ਤਾਲਾਬ, ਦੁਕਾਨਾਂ ਤੋਂ ਤਿਆਰ ਕੀਤਾ ਰੈਵੇਨਿਊ ਮਾਡਲ



ਆਰਥਿਕ ਰੂਪ ਨਾਲ ਆਤਮਨਿਰਭਰ ਹੋਣਾ ਜਿੰਨਾ ਲੋਕਾਂ ਲਈ ਜ਼ਰੂਰੀ ਹੈ ਓਨਾ ਹੀ ਪਿੰਡਾਂ ਦੀਆਂ ਪੰਚਾਇਤਾਂ ਲਈ ਵੀ ਮਹੱਤਵਪੂਰਨ ਹੈ। ਇਸ ਨਾਲ ਹੀ ਪਿੰਡ ਦੀ ਤਰੱਕੀ ਯਕੀਨੀ ਹੁੰਦੀ ਹੈ। ਇਸ ਲੜੀ 'ਚ ਸਭ ਤੋਂ ਪਹਿਲਾਂ ਪਿੰਡ 'ਚ ਮੌਜੂਦ ਆਮਦਨ ਦੇ ਸੋਮਿਆਂ ਨੂੰ ਪਛਾਨਣ ਦੀ ਸਭ ਤੋਂ ਜ਼ਿਆਦਾ ਲੋੜ ਹੁੰਦੀ ਹੈ ਤੇ ਇਸ ਮਗਰੋਂ ਇਨ੍ਹਾਂ ਸੋਮਿਆਂ ਦੀ ਸਹੀ ਦਿਸ਼ਾ 'ਚ ਵਰਤੋਂ ਕਰਕੇ ਰੈਵੇਨਿਊ ਦਾ ਮਾਡਲ ਤਿਆਰ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਦੇ ਸਫ਼ਲ ਮਾਡਲ ਦੀ ਚੰਗੀ ਪਰਿਭਾਸ਼ਾ ਤ੍ਰਿਪੁਰਾ ਦੀ ਕੋਵਈ ਪੰਚਾਇਤ ਕਮੇਟੀ ਨੇ ਪੇਸ਼ ਕੀਤੀ ਹੈ। ਕੋਵਈ ਪਿੰਡ ਦੀ ਪੰਚਾਇਤ ਨੇ ਖ਼ੁਦ ਨੂੰ ਆਰਥਿਕ ਰੂਪ ਨਾਲ ਆਤਮਨਿਰਭਰ ਬਣਾਉਣ ਲਈ ਮੌਜੂਦਾ ਸਰੋਤਾਂ ਨੂੰ ਪਛਾਣਿਆ ਤੇ ਉਨ੍ਹਾਂ ਨੂੰ ਵਿਕਸਿਤ ਕੀਤਾ। ਇਸੇ ਕਾਰਨ ਚੰਗੇ ਸ਼ਾਸ਼ਨ ਦੀ ਉਦਾਹਰਣ ਦੇ ਤੌਰ 'ਤੇ ਕੋਵਈ ਪਿੰਡ ਨੇ ਆਪਣੀ ਪਛਾਣ ਬਣਾ ਲਈ ਹੈ। ਪੰਚਾਇਤ ਨੇ ਆਪਣੇ ਹੀ ਸਰੋਤ ਜਿਵੇਂ ਪਾਰਕ, ਮੱਛੀ ਪਾਲਨ, ਭਾਈਚਾਰਾ ਭਵਨ, ਅੰਬਾਂ ਦੇ ਬਾਗਾਂ ਨੂੰ ਆਮਦਨ ਦਾ ਸਰੋਤ ਬਣਾਇਆ ਤੇ ਉਸ ਨੂੰ ਵਿਕਸਿਤ ਕੀਤਾ। ਕੋਵਈ ਦੇ ਬਨਾਬਿਥੀ ਈਕੋ ਪਾਰਕ 'ਚ ਲੋਕ ਦੂਰ ਤੋਂ ਦੂਰ ਪਿਕਨਿਕ ਲਈ ਆਉਂਦੇ ਹਨ। ਪਾਰਕ ਨੂੰ ਸੋਹਣਾ ਬਣਾ ਕੇ ਦੇਖਣਯੋਗ ਥਾਂ ਦੇ ਤੌਰ 'ਤੇ ਪੰਚਾਇਤ ਨੇ ਵਿਕਸਿਤ ਕੀਤਾ ਹੈ। ਖ਼ਾਸ ਕਰਕੇ ਪਾਰਕ ਦੇ ਦੋ ਸਥਾਨਾਂ ਨੂੰ ਦੇਖਣ ਲਈ ਬਹੁਤ ਲੋਕ ਆਉਂਦੇ ਹਨ। ਪੰਚਾਇਤ ਨੇ ਇਨ੍ਹਾਂ ਦੋਵਾਂ ਥਾਵਾਂ ਦੇ ਅੰਦਰ ਜਾਣ ਅਤੇ ਦੇਖਣ ਦੀ ਫ਼ੀਸ ਲਾਈ ਹੋਈ ਹੈ। ਪਾਰਕ 'ਚ ਜਾਣ ਲਈ 10 ਰੁਪਏ ਪ੍ਰਤੀ ਵਿਅਕਤੀ ਫ਼ੀਸ ਹੈ। ਪਾਰਕ 'ਚ ਕਰਵਾਏ ਜਾਂਦੇ ਵਿਸ਼ੇਸ ਮਨੋਰੰਜਨ ਪ੍ਰੋਗਰਾਮਾਂ ਦਾ ਆਨੰਦ ਮਾਨਣ ਲਈ 500 ਰੁਪਏ ਦੀ ਟਿਕਟ ਰੱਖੀ ਜਾਂਦੀ ਹੈ। ਇਨ੍ਹਾਂ ਦੋਨਾਂ ਉਪਾਵਾਂ ਨਾਲ ਪੰਚਾਇਤ ਨੂੰ ਵਾਹਵਾ ਆਮਦਨ ਹੋਣ ਲੱਗ ਗਈ ਹੈ। ਪਿੰਡ 'ਚ ਮੱਛੀ ਪਾਲਣ ਦਾ ਕਾਰੋਬਾਰ ਚੱਲਦਾ ਹੈ। ਬਹੁਤ ਸਾਰੇ ਲੋਕ ਇਸ ਕਾਰੋਬਾਰ ਤੋਂ ਚੰਗੀ ਕਮਾਈ ਕਰ ਰਹੇ ਹਨ। ਕੋਵਈ ਗ੍ਰਾਮ ਪੰਚਾਇਤ ਕੋਲ 3 ਤਲਾਬ ਹਨ। ਪੰਚਾਇਤ ਨੇ ਤਿੰਨਾਂ ਤਲਾਬਾਂ ਨੂੰ ਪਟੇ 'ਤੇ ਦੇ ਕੇ ਆਮਦਨ ਦਾ ਸੋਮਾ ਵਿਕਸਿਤ ਕੀਤਾ ਹੈ। ਤਲਾਬਾਂ ਤੋਂ ਤਸੱਲੀਬਖ਼ਸ਼ ਆਮਦਨ ਹੋ ਰਹੀ ਹੈ। ਇਕ ਤਲਾਬ ਤੋਂ 55 ਹਜ਼ਾਰ, ਦੂਜੇ ਤੋਂ 52 ਹਜ਼ਾਰ ਤੇ ਤੀਜੇ ਤੋਂ 30 ਹਜ਼ਾਰ ਰੁਪਏ ਦੀ ਆਮਦਨ ਹੋਈ। ਇਸ ਤੋਂ ਇਲਾਵਾ ਸਮੂਹਿਕ ਕਾਰਜਾਂ ਲਈ ਬਣਾਏ ਗਏ ਭਾਈਚਾਰਕ ਭਵਨ ਨੂੰ ਵੀ ਆਮਦਨ ਦਾ ਸਾਧਨ ਬਣਾਇਆ ਹੈ। ਇਥੇ ਲੱਗਣ ਵਾਲੇ ਮੇਲੇ ਤੀਜ-ਤਿਉਹਾਰ 'ਚ ਹਿੱਸਾ ਲੈਣ ਲਈ 500 ਰੁਪਏ ਦੇ ਚੰਦੇ ਦੀ ਵਿਵਸਥਾ ਕੀਤੀ। ਸਮੂਹਿਕ ਸਹਿਯੋਗ ਨਾਲ ਇਨ੍ਹਾਂ ਪ੍ਰੋਗਰਾਮਾਂ 'ਚੋਂ ਚੰਗੀ ਆਮਦਨ ਹੋ ਰਹੀ ਹੈ। ਗ੍ਰਾਮ ਪੰਚਾਇਤ ਦੇ ਧਨ ਸੋਮੇ ਦਾ ਇਕ ਹੋਰ ਸਾਧਨ ਇਥੋਂ ਦੇ ਅੰਬਾਂ ਦੇ ਬਾਗ ਹਨ। ਹਾਲਾਂਕਿ ਇਹ ਤਿੰਨ ਮਹੀਨੇ ਹੀ ਚੱਲਦਾ ਹੈ। ਅੰਬਾਂ ਦੇ ਬਾਗਾਂ ਤੋਂ ਵੀ ਚੰਗੀ ਆਮਦਨ ਹੋ ਜਾਂਦੀ ਹੈ। ਸਾਲ 2015-16 'ਚ ਪੰਚਾਇਤ ਨੇ 10 ਲੱਖ ਰੁਪਏ ਕਮਾਏ।

ਇਸ ਤਰ੍ਹਾਂ ਗ੍ਰਾਮ ਪੰਚਾਇਤ ਨੇ ਸਿਰਫ਼ ਖ਼ੁਦ ਨੂੰ ਆਤਮਨਿਰਭਰ ਬਣਾਇਆ ਸਗੋਂ ਸਥਾਨਕ ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਵੀ ਦਿੱਤੇ। ਕੁਝ ਹੀ ਸਾਲਾਂ 'ਚ ਕੋਵਈ ਗ੍ਰਾਮ ਪੰਚਾਇਤ ਸੰਮਤੀ ਨੇ ਆਪਣਾ ਸਫ਼ਲ ਆਰਥਿਕ ਮਾਡਲ ਤਿਆਰ ਕੀਤਾ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਦੀਆਂ ਵਿਕਾਸ ਯੋਜਨਾਵਾਂ ਦੀ ਮਦਦ ਨਾਲ ਪਿੰਡ 'ਚ ਕਈ ਵਿਕਾਸ ਕਾਰਜ ਕੀਤੇ ਗਏ। ਹੁਣ ਪਿੰਡ ਆਪਣੇ ਪੈਰਾਂ 'ਤੇ ਖੜ੍ਹਾ ਹੈ ਅਤੇ ਦੂਸਰੇ ਪਿੰਡ ਨੂੰ ਵੀ ਆਤਮਨਿਰਭਰ ਬਣਨ ਲਈ ਪ੍ਰੇਰਿਤ ਕਰ ਰਿਹਾ ਹੈ। ◆

# ਸਮੇਂ ਸਿਰ ਟੈਕਸ ਦੇ ਭੁਗਤਾਨ ਦੀ ਅਹਿਮੀਅਤ ਨੂੰ ਸਮਝਾਇਆ

## 100 ਫ਼ੀਸਦੀ ਟੈਕਸ ਅਦਾਇਗੀ ਨਾਲ ਐੱਲਕੇਪੀ ਵੰਦਲਾਵ੍ਰੂ ਬਣਿਆ ਆਤਮਨਿਰਭਰ

ਕਿਸੇ ਵੀ ਖੇਤਰ ਦੇ ਵਿਕਾਸ 'ਚ ਫੰਡ ਦੀ ਉਪਲੱਬਧਤਾ ਅਹਿਮ ਭੂਮਿਕਾ ਨਿਭਾਉਂਦੀ ਹੈ। ਬਿਨਾਂ ਫੰਡ ਦੇ ਵਿਕਾਸ ਸੰਭਵ ਨਹੀਂ ਹੈ। ਇਸੇ ਸੱਚਾਈ ਨੂੰ ਚੰਗੀ ਤਰ੍ਹਾਂ ਸਮਝਦਿਆਂ ਆਂਧਰ ਪ੍ਰਦੇਸ਼ ਦੇ ਚਿੱਤੂਰ ਜ਼ਿਲ੍ਹੇ ਦੀ ਐੱਲਕੇਪੀ ਵੰਦਲਾਵ੍ਰੂ ਗ੍ਰਾਮ ਪੰਚਾਇਤ ਨੇ ਸਭ ਤੋਂ ਪਹਿਲਾਂ ਆਪਣੀ ਆਮਦਨ ਦੇ ਸੋਮਿਆਂ ਦੀ ਪੁਣ-ਛਾਣ ਕੀਤੀ। ਸਰਕਾਰੀ ਸਹਾਇਤਾ ਦਾ ਇੰਤਜ਼ਾਰ ਕਰਨ ਦੀ ਬਜਾਏ ਗ੍ਰਾਮ ਪੰਚਾਇਤ ਨੇ ਖ਼ੁਦ ਨੂੰ ਆਤਮਨਿਰਭਰ ਬਣਾਉਣ ਦੀ ਦਿਸ਼ਾ 'ਚ ਕੰਮ ਕੀਤਾ। ਪਿੰਡ 'ਚ ਮੌਜੂਦ ਸੋਮਿਆਂ ਨੂੰ ਲੱਭਿਆ ਅਤੇ ਤਰਾਸ਼ਿਆ। ਯੋਜਨਾਵਾਂ ਬਣਾਈਆਂ ਤੇ ਪਿੰਡ ਨੂੰ ਖ਼ੁਦ-ਬ-ਖ਼ੁਦ ਤਰੱਕੀ ਕਰਨ ਦੀ ਰਾਹ 'ਤੇ ਲੈ ਗਏ।

**ਨਤੀਜਾ :** ਪੰਚਾਇਤ ਦੇ ਅਣਥੱਕ ਯਤਨਾਂ ਅਤੇ ਮਿਹਨਤ ਨਾਲ ਆਰਥਿਕ ਤੌਰ 'ਤੇ ਪਿੰਡ ਆਤਮਨਿਰਭਰ ਬਣ ਗਿਆ। ਪਿੰਡ ਨੇ ਆਪਣਾ ਮਾਲੀਆ ਮਾਡਲ ਤਿਆਰ ਕੀਤਾ, ਸਥਾਨਕ ਸਰੋਤਾਂ ਦੀ ਪਛਾਣ ਕੀਤੀ ਜਿਸ ਨਾਲ ਵਿਕਾਸ ਕਾਰਜ ਸੰਭਵ ਹੋ ਸਕੇ। ਇਸ ਦੇ ਨਾਲ ਹੀ ਪਿੰਡ 'ਚ ਰੁਜ਼ਗਾਰ ਦੇ ਮੌਕੇ ਵੀ ਪੈਦਾ ਹੋਏ।

**ਕਿਵੇਂ ਹੋਇਆ :** ਮਾਲੀਏ ਦੇ ਸਰੋਤ ਸਾਧਨਾਂ 'ਚ ਪਿੰਡ ਦੇ ਸਰੋਤ, ਆਮ ਕੰਮਾਂ ਦਾ ਫੰਡ, ਪੀਣ ਦੇ ਪਾਣੀ ਦਾ ਟੈਕਸ, ਗਲ਼ੀਆਂ ਦੀ ਲਾਈਟਿੰਗ ਦਾ ਟੈਕਸ, ਸਵੱਛਤਾ ਲਈ ਵੰਡੇ ਵਿਸ਼ੇਸ਼ ਫੰਡ, ਸੂਬੇ ਵੱਲੋਂ ਆਉਣ ਵਾਲੀ ਗਰਾਂਟ, ਕੇਂਦਰ ਤੇ ਰਾਜ ਸਰਕਾਰ ਵੱਲੋਂ ਸੰਚਾਲਕ ਵਿਕਾਸ ਯੋਜਨਾਵਾਂ ਦੇ ਤਹਿਤ ਨਿਰਧਾਰਿਤ ਫੰਡ ਤੇ ਜਮ੍ਹਾ ਰਾਸ਼ੀ ਦਾ ਵਿਆਜ ਸ਼ਾਮਲ ਹੈ। ਇਨ੍ਹਾਂ ਸਾਰੇ ਸਰੋਤਾਂ ਤੋਂ ਪਿੰਡ 'ਚ ਫੰਡ ਆਇਆ। ਪਿੰਡ ਦੇ ਸਥਾਨਕ ਸਰੋਤਾਂ 'ਚ ਹਾਊਸ ਟੈਕਸ, ਕਾਰੋਬਾਰੀ ਟੈਕਸ, ਭਵਨ ਨਿਰਮਾਣ ਆਗਿਆ ਫ਼ੀਸ, ਬਿਜਲੀ ਟੈਕਸ, ਪਾਣੀ ਟੈਕਸ, ਸੀਵਰੇਜ ਦੇ ਨਿਪਟਾਰੇ ਦਾ ਟੈਕਸ ਅਤੇ ਲਾਇਸੈਂਸ ਫ਼ੀਸ ਨੇ ਵੱਡੀ ਭੂਮਿਕਾ ਨਿਭਾਈ। ਪਿੰਡ ਦੇ ਲੋਕਾਂ ਨੂੰ ਟੈਕਸਾਂ ਦਾ ਸਮੇਂ ਸਿਰ ਭੁਗਤਾਨ ਕਰਨ ਦੀ ਅਪੀਲ ਕੀਤੀ ਗਈ। ਟੈਕਸਾਂ ਦੇ ਭੁਗਤਾਨ ਨੂੰ ਸੌਖਾ ਕਰਨ ਲਈ ਗ੍ਰਾਮ ਪੰਚਾਇਤ ਨੇ ਡਿਜੀਟਲ ਮਾਧਿਅਮ ਦੀ ਸ਼ੁਰੂਆਤ ਕੀਤੀ। ਇਹ ਸਾਰੀਆਂ ਕੋਸ਼ਿਸ਼ਾਂ ਰੰਗ ਲਿਆਈਆਂ ਅਤੇ ਗ੍ਰਾਮ ਪੰਚਾਇਤ ਨੂੰ ਟੈਕਸ ਤੋਂ ਹੋਣ ਵਾਲੀ ਆਮਦਨ 'ਚ ਤਿੰਨ ਗੁਣਾ ਵਾਧਾ ਹੋਇਆ। ਸਾਲ 2014-15 'ਚ ਪਿੰਡ ਦੀ ਪੰਚਾਇਤ ਨੂੰ 13,602 ਰੁਪਏ ਆਮਦਨ ਹੋਈ ਸੀ ਜੋ ਸਾਲ 2015-16 'ਚ ਵੱਧ ਕੇ 42,000 ਹੋ ਗਈ। ਇਥੇ ਹੁਣ 100 ਫ਼ੀਸਦੀ ਲੋਕ ਟੈਕਸ ਦਾ ਭੁਗਤਾਨ ਕਰ ਰਹੇ ਹਨ। ਇਸ ਤੋਂ ਇਲਾਵਾ ਪਿੰਡ 'ਚ ਸਵੱਛਤਾ ਵੱਲ ਵੀ ਧਿਆਨ ਦਿੱਤਾ ਗਿਆ। ਗ੍ਰਾਮ ਪੰਚਾਇਤ ਵਿਕਾਸ ਯੋਜਨਾ (ਜੀਪੀਡੀਪੀ) ਦੇ ਤਹਿਤ ਦਿੱਤੇ ਗਏ ਫੰਡ ਨਾਲ ਪਿੰਡ 'ਚ ਸਟਰੀਟ ਲਾਈਟ, ਸੜਕਾਂ ਅਤੇ ਭਵਨ ਨਿਰਮਾਣ ਕੀਤਾ ਗਿਆ।



# ਈ-ਗਵਰਨੈਂਸ ਨਾਲ ਕੇਦਾਰਵਾਲਾ ਗ੍ਰਾਮ ਪੰਚਾਇਤ ਨੇ ਫੜੀ ਵਿਕਾਸ ਦੀ ਰਫ਼ਤਾਰ

ਸਮੂਹਿਕ ਯਤਨਾਂ ਨਾਲ ਕੰਮ ਸੌਖਾ ਹੋਣ ਦੇ ਨਾਲ-ਨਾਲ ਇਸ ਦੀ ਸਫ਼ਲਤਾ ਵੀ ਯਕੀਨੀ ਹੋ ਜਾਂਦੀ ਹੈ। ਫਿਰ ਟੀਚਾ ਕਿੰਨਾ ਵੀ ਔਖਾ ਕਿਉਂ ਨਾ ਹੋਵੇ ਮੰਜ਼ਿਲ ਦੂਰ ਨਹੀਂ ਰਹਿੰਦੀ। ਇਸੇ ਤਰ੍ਹਾਂ ਸਰੋਤਾਂ ਨੂੰ ਸਾਂਝਾ ਕਰਕੇ ਪ੍ਰਗਤੀਸ਼ੀਲ ਸਮਾਜ ਦੀ ਕਲਪਨਾ ਸਾਕਾਰ ਹੋ ਸਕਦੀ ਹੈ। ਨਵੇਂ ਜ਼ਮਾਨੇ ਦੀ ਤਕਨੀਕ ਨੂੰ ਅਪਨਾ ਕੇ ਵਿਕਾਸ ਤੇਜ਼ ਰਫ਼ਤਾਰ ਨਾਲ ਸੰਭਵ ਹੋ ਜਾਂਦਾ ਹੈ। ਉੱਤਰਾ ਖੰਡ ਦੇ ਕੇਦਾਰਵਾਲਾ ਗ੍ਰਾਮ ਪੰਚਾਇਤ ਨੇ ਈ-ਗਵਰਨੈਂਸ ਰਾਹੀਂ ਪਿੰਡ ਦੇ ਲੋਕਾਂ ਦੀ ਜ਼ਿੰਦਗੀ ਨੂੰ ਸੌਖਾ ਕਰ ਦਿੱਤਾ। ਇੰਟਰਨੈੱਟ ਨਾਂ ਦੇ ਝਰੋਖਿਆਂ ਨਾਲ ਪਿੰਡ ਨੂੰ ਦੁਨੀਆ ਨਾਲ ਜੋੜਨ ਦੀ ਕੋਸ਼ਿਸ਼ ਰੰਗ ਲਿਆਉਣ ਲੱਗੀ। ਗ੍ਰਾਮ ਪੰਚਾਇਤ ਨੇ ਖ਼ੁਦ ਨੂੰ ਤਕਨੀਕੀ ਰੂਪ ਨਾਲ ਲੈਸ ਕੀਤਾ ਅਤੇ ਸਰਕਾਰੀ ਯੋਜਨਾਵਾਂ ਨੂੰ ਇੰਟਰਨੈੱਟ ਰਾਹੀਂ ਲੋਕਾਂ ਤਕ ਪਹੁੰਚਾਇਆ। ਗ੍ਰਾਮ ਪੰਚਾਇਤ ਨੇ ਹੁਣ ਆਪਣੀ ਵੈੱਬਸਾਈਟ ....... ਅਤੇ ਫੇਸਬੁੱਕ ਪੇਜ ਵੀ ਬਣਾਇਆ ਹੈ। ਗ੍ਰਾਮ ਪੰਚਾਇਤ ਨੂੰ ਬੇਰੁਜ਼ਗਾਰ ਨੌਜਵਾਨਾਂ ਨੂੰ ਸਕਿੱਲ ਟ੍ਰੇਨਿੰਗ ਦੇਣ ਦੀ ਸ਼ੁਰੂਆਤ ਕੀਤੀ। ਸਵੱਛ ਭਾਰਤ ਅਭਿਆਨ ਦੇ ਤਹਿਤ ਗ੍ਰਾਮ ਪੰਚਾਇਤ ਨੇ ਕਈ ਕਾਰਗਰ ਕਦਮ ਚੁੱਕੇ। ਸਵੱਛਤਾ ਦੇ ਮਹੱਤਵ ਨੂੰ ਸਮਝਾਉਣ ਲਈ ਪਿੰਡ 'ਚ ਵਾਦ-ਵਿਵਾਦ ਮੁਕਾਬਲੇ ਕਰਵਾਏ ਗਏ। ਇਹ ਮੁਕਾਬਲੇ ਜਾਗਰੂਕਤਾ ਦੇ ਹਿਸਾਬ ਨਾਲ ਕਾਰਗਰ ਸਿੱਧ ਹੋਏ। ਇਨ੍ਹਾਂ ਸਾਰੇ ਕਦਮਾਂ ਨਾਲ ਪਿੰਡ ਛੇਤੀ ਹੀ ਖੁੱਲ੍ਹੇ ਥਾਵਾਂ ਤੋਂ ਸ਼ੌਚ ਮੁਕਤ ਐਲਾਨਿਆ ਗਿਆ। ਇਸ ਸਭ ਕੁਝ ਦੇ ਦਰਮਿਆਨ ਪਿੰਡ ਨੂੰ ਸਭ ਤੋਂ ਮੁੱਖ ਮੁਸ਼ਕਲ ਪੀਣ ਵਾਲੇ ਪਾਣੀ ਦੀ ਕਮੀ ਹੈ। ਪਾਣੀ ਲਿਆਉਣ ਲਈ ਔਰਤਾਂ ਨੂੰ ਮੀਲਾਂ-ਬੱਧੀ ਕਈ-ਕਈ ਘੰਟੇ ਦੂਰ ਜਾਣਾ ਪੈਂਦਾ ਹੈ। ਇਸ ਸਮੱਸਿਆ ਨੂੰ ਦੇਖਦਿਆਂ ਗ੍ਰਾਮ ਪੰਚਾਇਤ ਨੂੰ ਸਬੰਧਿਤ ਵਿਭਾਗ ਤੋਂ ਵਿੱਤੀ ਤੇ ਤਕਨੀਕੀ ਸਹਿਯੋਗ ਦੀ ਮੰਗ ਕੀਤੀ। ਇਸ ਸਮੱਸਿਆ ਨੂੰ ਦੂਰ ਕਰਨ ਲਈ ਦਿੱਤੀ ਗਈ ਰਾਸ਼ੀ ਨਾਲ ਪਿੰਡ 'ਚ ਓਵਰਹੈੱਡ ਟੈਂਕ ਦੀ ਉਸਾਰੀ ਕਰਵਾਈ ਗਈ ਅਤੇ ਸਾਰੇ ਘਰਾਂ 'ਚ ਪਾਈਪ ਲਾਈਨ ਵਿਛਾਈ ਗਈ। ਪਿੰਡ ਨੂੰ ਨਸ਼ਾ ਮੁਕਤ ਬਣਾਉਣ ਲਈ ਗੋਸ਼ਟੀ ਕਰਵਾਈ ਗਈ, ਸਿਹਤ ਕੈਂਪ ਲਾਏ ਗਏ ਅਤੇ ਵਾਦ-ਵਿਵਾਦ ਮੁਕਾਬਲੇ ਕਰਵਾਏ ਗਏ। ਨਿਯਮਾਂ ਦੇ ਤਹਿਤ ਠੋਸ ਕਦਮ ਉਠਾਏ ਗਏ। ਗ੍ਰਾਮ ਪੰਚਾਇਤ ਆਂਗਣਵਾੜੀ ਦੇ ਕੰਮਕਾਰ ਦੀ ਵੀ ਦੇਖ-ਰੇਖ ਕਰਦਾ ਹੈ। ਗਰਭਵਤੀ ਔਰਤਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਿਹਤ ਸੇਵਾਵਾਂ, ਟੀਕਾਕਰਨ ਦੀ ਵੀ ਸਮੇਂ-ਸਮੇਂ 'ਤੇ ਜਾਂਚ ਕਰਦਾ ਹੈ। ਲੜਕੀਆਂ ਦੀ ਸਿੱਖਿਆ ਨੂੰ ਪਿੰਡ ਵਾਲੇ ਅਕਸਰ ਦਰਕਿਨਾਰ ਕਰਦੇ ਹਨ ਪਰ ਗ੍ਰਾਮ ਪੰਚਾਇਤ ਨੇ 6 ਤੋਂ 14 ਸਾਲ ਦੀਆਂ ਸਾਰੀਆਂ ਲੜਕੀਆਂ ਨੂੰ ਸਕੂਲ 'ਚ ਦਾਖ਼ਲ ਕਰਵਾਇਆ। ਬਜ਼ੁਰਗ ਲੋਕਾਂ ਅਤੇ ਦਿਵਿਆਂਗਾਂ ਤਕ ਸਰਕਾਰੀ ਯੋਜਨਾਵਾਂ ਪਹੁੰਚਾਉਣ ਲਈ ਵੀ ਵਿਸ਼ੇਸ਼ ਵਿਵਸਥਾ ਕੀਤੀ ਗਈ। ਜ਼ਰੂਰਤਮੰਦ ਲੋਕਾਂ ਦੇ ਰਾਸ਼ਨ ਕਾਰਡ ਬਣਾਉਣ ਲਈ ਪੰਚਾਇਤ ਨੇ ਖ਼ੁਰਾਕ ਸੱਖਿਆ ਵਿਭਾਗ ਨਾਲ ਮਿਲ ਕੇ ਕੰਮ ਕੀਤਾ। ਇਸ ਤੋਂ ਇਲਾਵਾ ਪਿੰਡ 'ਚ ਪੰਚਾਇਤ ਘਰ ਦਾ ਨਿਰਮਾਣ ਕਰਵਾਇਆ ਗਿਆ। ਬੇਰੁਜ਼ਗਾਰ ਨੌਜਵਾਨਾਂ ਲਈ ਅੰਗਰੇਜ਼ੀ ਦੀਆਂ ਵਿਸ਼ੇਸ਼ ਕਲਾਸਾਂ ਲਵਾਈਆਂ ਗਈਆਂ। ਇਨ੍ਹਾਂ ਸਾਰੇ ਯਤਨਾਂ ਨਾਲ ਪਿੰਡ ਦੀ ਪੰਚਾਇਤ ਨੂੰ ਪਛਾਣ ਮਿਲੀ। ਸੂਬਾ ਸਰਕਾਰ ਨੇ ਇਸ ਪੰਚਾਇਤ ਨੂੰ ਮਾਡਲ ਪੰਚਾਇਤ ਦਾ ਸਨਮਾਨ ਦਿੱਤਾ। ◆




## ਥ੍ਰੀ ਪੌਂਡ ਸਿਸਟਮ ਨਾਲ ਪਿੰਡ ਹੋਇਆ ਸਵੱਛ, ਦੂਜੇ ਪਿੰਡਾਂ ਨੂੰ ਕਰ ਰਿਹਾ ਹੈ ਪ੍ਰੇਰਿਤ

# ਸਮੂਹਿਕ ਯਤਨਾਂ ਨਾਲ ਨਿਖਰਿਆ ਚਾਂਦਸਮੰਦ ਪਿੰਡ

ਹਰਿਆਣਾ ਦੇ ਕਰਨਾਲ ਜ਼ਿਲ੍ਹੇ ’ਚ ਚਾਂਦਸਮੰਦ ਪਿੰਡ ਅੱਜ ਦੂਜੇ ਪਿੰਡਾਂ ਲਈ ਇਕ ਮਿਸਾਲ ਹੈ। ਪਿੰਡ ਦੀਆਂ ਸੜਕਾਂ ਅਤੇ ਗ਼ਲੀਆਂ ਸਾਫ਼ ਰਹਿੰਦੀਆਂ ਹਨ, ਹਰ ਘਰ ’ਚ ਪਖ਼ਾਨਾ ਹੈ, ਸੀਵਰੇਜ ਦੇ ਨਿਪਟਾਰੇ ਲਈ ਥਰੀ ਪੌਂਡ ਸਿਸਟਮ ਚੰਗੀ ਤਰ੍ਹਾਂ ਸੰਚਾਲਿਤ ਹੈ। ਪਿੰਡ ’ਚ ਹੀ ਰੁਜ਼ਗਾਰ ਦੇ ਮੌਕੇ ਵੀ ਹਨ। ਪਿੰਡ ਦੇ ਲੋਕਾਂ ਦੇ ਸਹਿਯੋਗ ਅਤੇ ਪੰਚਾਇਤ ਦੇ ਅਣਥੱਕ ਯਤਨਾਂ ਨਾਲ ਇਹ ਸਭ ਸੰਭਵ ਹੋ ਸਕਿਆ ਹੈ। 2248 ਲੋਕਾਂ ਦੀ ਆਬਾਦੀ ਵਾਲੇ ਪਿੰਡ ਚਾਂਦਸਮੰਦ ’ਚ 415 ਪਰਿਵਾਰ ਰਹਿੰਦੇ ਹਨ। ਜਨਪ੍ਰਤੀਨਿਧ ਦੀ ਦੂਰਦਰਸ਼ਤਾ ਅਤੇ ਅਮਲੀ ਯੋਜਨਾਵਾਂ ਨੇ ਇਸ ਪਿੰਡ ਨੂੰ ਤਰੱਕੀ ਦੀ ਰਾਹ ’ਤੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਹੁਣ ਇਹ ਪਿੰਡ ਦੂਸਰਿਆਂ ਲਈ ਬੇਮਿਸਾਲ ਹੈ।

ਇਸ ਵਿਕਾਸ ਦੀ ਕਹਾਣੀ ਦੀ ਸੂਤਰਧਾਰ ਪਿੰਡ ਦੀ ਸਰਪੰਚ ਬਬਲੀ ਰਾਣੀ ਹੈ ਜਿਸ ਨੇ ਪਿੰਡ ਨੂੰ ਨਿਖਾਰਿਆ, ਸੁਆਰਿਆ ਅਤੇ ਆਤਮਨਿਰਭਰ ਬਣਾਇਆ। ਸਿਹਤ ਸਿੱਖਿਆ, ਰੁਜ਼ਗਾਰ ਦੇ ਖੇਤਰ ’ਚ ਬਬਲੀ ਰਾਣੀ ਨੇ ਕਈ ਨਵੇਂ ਕਦਮ ਉਠਾਏ ਜਿਸ ਕਾਰਨ ਪਿੰਡ ਦੇ ਲੋਕਾਂ ਦੀ ਜ਼ਿੰਦਗੀ ਬਿਹਤਰ ਹੋਈ। ਬਬਲੀ ਰਾਣੀ ਜਦ ਸਰਪੰਚ ਬਣੀ ਤਾਂ ਪਿੰਡ ਗੰਦੇ ਪਾਣੀ ਨਾਲ ਭਰ ਕੇ ਉਛਲਦੀਆਂ ਗਲ਼ੀਆਂ ਤੇ ਫਿਰ ਇਹ ਗੰਦਾ ਪਾਣੀ ਸੜਕਾਂ ’ਤੇ ਵਗਣ ਦੀ ਸਮੱਸਿਆ ਨਾਲ ਜੂਝ ਦਾ ਸੀ। ਸੀਵਰੇਜ ਅਤੇ ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਸੜਕਾਂ ਤੇ ਗ਼ਲੀਆਂ ’ਚ ਗੰਦਾ ਪਾਣੀ ਜਮ੍ਹਾ ਰਹਿੰਦਾ ਸੀ। ਲੋਕ ਨਰਕ ਵਰਗਾ ਜੀਵਨ ਬਿਤਾਉਣ ਲਈ ਮਜ਼ਬੂਤ ਸਨ। ਇਸ ਸਮੱਸਿਆ ਨੂੰ ਥ੍ਰੀ ਪੌਂਡ ਸਿਸਟਮ ਯਾਨੀ ਕਿ 3 ਤਲਾਬ ਪ੍ਰਣਾਲੀ ਨੇ ਦੂਰ ਕੀਤਾ। ਪਿੰਡ ਨੇ ਨਿਰਮਲ ਭਾਰਤ ਅਭਿਆਨ ਜੋ ਹੁਣ ਸਵੱਛ ਭਾਰਤ ਅਭਿਆਨ ਹੈ, ਦੇ ਤਹਿਤ ਥ੍ਰੀ ਪੌਂਡ ਸਿਸਟਮ ਨੂੰ ਬਣਾਉਣ ਦੀ ਮਨਜ਼ੂਰੀ ਸਰਕਾਰ ਤੋਂ ਲਈ। ਥ੍ਰੀ ਪੌਂਡ ਸਿਸਟਮ ਦਾ ਡਿਜਾਈਨ ਪੰਚਾਇਤੀ ਰਾਜ ਮੰਤਰਾਲਾ ਦੇ ਇੰਜੀਨੀਅਰ ਨੇ ਤਿਆਰ ਕੀਤਾ। ਯੋਜਨਾ ਦੇ ਪੱਧਰ ’ਤੇ ਇੰਜੀਨੀਅਰ ਨੇ ਅਹਿਮ ਭੂਮਿਕਾ ਨਿਭਾਈ ਅਤੇ ਇਸ ਨੂੰ ਅਮਲੀ ਜਾਮਾ ਸਰਪੰਚ ਨੇ ਆਪਣੀ ਦੇਖ-ਰੇਖ ’ਚ ਪੁਆਇਆ। ਮਹਾਤਮਾ ਗਾਂਧੀ ਨੈਸ਼ਨਲ ਰੂਰਲ ਇੰਪਲਾਇਮੈਂਟ ਗਰੰਟੀ ਸਕੀਮ (ਮਨਰੇਗਾ) ਤਹਿਤ ਤਿੰਨਾਂ ਤਲਾਬਾਂ ਦੀ ਉਸਾਰੀ ਕਰਵਾਈ ਗਈ। ਗ੍ਰਾਮ ਪੰਚਾਇਤ ਦੇ ਇਸ ਕਦਮ ਨਾਲ ਨਾ ਸਿਰਫ਼ ਪਿੰਡ ਵਾਲਿਆਂ ਦੀ ਸਮੱਸਿਆ ਦੂਰ ਹੋਈ ਸਗੋਂ ਮਨਰੇਗਾ ਦੇ ਤਹਿਤ ਲੋਕਾਂ ਨੂੰ ਰੁਜ਼ਗਾਰ ਵੀ ਮਿਲਿਆ। ਇਸ ਤਰ੍ਹਾਂ ਥ੍ਰੀ ਪੌਂਡ ਸਿਸਟਮ ਨਾਲ ਚਾਂਦਸਮੰਦ ਪਿੰਡ ਦੀ ਸਭ ਤੋਂ ਵੱਡੀ ਸਮੱਸਿਆ ਦਾ ਹੱਲ ਹੋ ਗਿਆ। ਇਸ ਥਰੀ ਪੌਂਡ ਸਿਸਟਮ ਨੂੰ ਕੁਲ 3 ਏਕੜ ਜ਼ਮੀਨ ’ਤੇ ਬਣਾਇਆ ਗਿਆ ਹੈ। ਪਹਿਲਾ ਤਲਾਬ ਇਕ ਏਕੜ ਜ਼ਮੀਨ ’ਤੇ, ਦੂਜਾ ਤਲਾਬ ਅੱਧਾ ਏਕੜ ’ਤੇ ਅਤੇ ਤੀਜਾ ਡੇਢ ਏਕੜ ਜ਼ਮੀਨ ’ਤੇ ਬਣਾਇਆ ਗਿਆ। ਤਿੰਨਾਂ ਤਲਾਬਾਂ ਦੀ ਉਸਾਰੀ ’ਤੇ 15-20 ਲੱਖ ਰੁਪਏ ਦੀ ਲਾਗਤ ਆਈ। ਇਸ ਤੋਂ ਇਲਾਵਾ ਪਿੰਡਾਂ ’ਚ ਗੰਦੇ ਪਾਣੀ ਦੇ ਨਿਪਟਾਰੇ ਲਈ ਵੇਸਟ ਸਟੇਬਲਾਈਜ਼ੇਸ਼ਨ ਪੌਂਡ (ਡਬਲਯੂਐੱਸਪੀ) ਵੀ ਇਕ ਬਿਹਤਰੀਨ ਬਦਲ ਸਾਬਤ ਹੋ ਰਿਹਾ ਹੈ। ਇਸ ਤਕਨੀਕ ਨੂੰ ਅਪਣਾਉਣ ਲਈ ਪਿੰਡ ’ਚ ਜ਼ਮੀਨ ਅਤੇ ਮਜ਼ਦੂਰ ਸੌਖੇ ਹੀ ਮਿਲ ਜਾਂਦੇ ਹਨ। ਇਸ ਤਕਨੀਕ ਨਾਲ ਪੇਂਡੂ ਖੇਤਰਾਂ ’ਚ ਗਿੱਲੇ ਕੂੜੇ ਅਤੇ ਰਸੋਈ ਘਰ ਦੇ ਪਾਣੀ ਦਾ ਨਿਪਟਾਰਾ ਆਸਾਨੀ ਨਾਲ ਹੋ ਰਿਹਾ ਹੈ। ਸਵੱਛ ਭਾਰਤ ਮੁਹਿੰਮ ਦੇ ਤਹਿਤ ਠੋਸ ਤੇ ਗਿੱਲੇ ਕੂੜੇ ਦੇ ਨਿਪਟਾਰੇ ਦੀ ਦਿਸ਼ਾ ’ਚ ਵੀ ਕੇਂਦਰ ਸਰਕਾਰ ਪੰਚਾਇਤਾਂ ਦੀ ਮਦਦ ਕਰ ਰਹੀ ਹੈ। ਇਸ ਲਈ ਸਾਰੀਆਂ ਪੰਚਾਇਤਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਕਈ ਗ੍ਰਾਮ ਪੰਚਾਇਤਾਂ ਨੇ ਇਸ ਤਕਨੀਕ ਨੂੰ ਅਪਣਾਇਆ ਕਿਉਂਕਿ ਇਸ ਨੂੰ ਡਬਲਯੂਐੱਸਪੀ ’ਤੇ ਬਹੁਤ ਘੱਟ ਖ਼ਰਚ ਆਉਂਦਾ ਹੈ। ਇਸ ਦੇ ਰੱਖ-ਰਖਾਅ ’ਤੇ ਵੀ ਨਾਂਹ ਦੇ ਬਰਾਬਰ ਪੈਸਾ ਲੱਗਦਾ ਹੈ ਅਤੇ ਨਾਲ ਹੀ ਵਾਤਾਵਰਨ ਦੇ ਵੀ ਅਨੁਕੂਲ ਹੈ। ਸਭ ਤੋਂ ਖ਼ਾਸ ਗੱਲ ਹੈ ਕਿ ਇਸ ਪ੍ਰਣਾਲੀ ’ਚ ਬਿਜਲੀ ਦੀ ਥਾਂ ਸੂਰਜੀ ਊਰਜਾ ਦੀ ਵਰਤੋਂ ਕੀਤੀ ਜਾ ਰਹੀ ਹੈ।

## ਕਿਵੇਂ ਕੰਮ ਕਰਦਾ ਹੈ ਥ੍ਰੀ ਪੌਂਡ ਸਿਸਟਮ

ਥ੍ਰੀ ਪੌਂਡ ਸਿਸਟਮ 'ਚ 3 ਤਲਾਬ ਸਮਾਨਅੰਤਰ ਤੌਰ 'ਤੇ ਬਣਾਏ ਜਾਂਦੇ ਹਨ। ਪਹਿਲੇ ਤਲਾਬ ਨਾਲ ਘਰਾਂ ਦੀਆਂ ਨਾਲੀਆਂ ਨੂੰ ਪਾਈਪਾਂ ਦੀ ਮਦਦ ਨਾਲ ਜੋੜਿਆ ਜਾਂਦਾ ਹੈ। ਪਹਿਲੇ ਨੰਬਰ ਦੇ ਤਲਾਬ 'ਚ ਡਿੱਗਣ ਵਾਲੇ ਪਾਣੀ 'ਚ ਮੌਜੂਦ ਕੂੜਾ, ਗਾਰ ਸਤਹ 'ਤੇ ਜਮ੍ਹਾਂ ਹੁੰਦਾ ਜਾਂਦਾ ਹੈ। ਤਲਾਬ ਭਰ ਨਾਲ ਪਾਣੀ ਦੂਜੇ ਤਲਾਬ 'ਚ ਵਹਿਣ ਲੱਗਦਾ ਹੈ। ਇਥੇ ਫਿਰ ਪਾਣੀ ਸਾਫ਼ ਹੁੰਦਾ ਹੈ ਅਤੇ ਪਾਣੀ 'ਚ ਮੌਜੂਦ ਗਾਰ ਤਲਾਬ ਦੀ ਸਤਹ 'ਤੇ ਜਮ੍ਹਾ ਹੁੰਦੀ ਰਹਿੰਦੀ ਹੈ। ਇਸ ਪ੍ਰਕਿਰਿਆ 'ਚ ਬੈਕਟੀਰੀਆ ਅਤੇ ਐਲਗੀ ਵਰਗੇ ਜੀਵਾਣੂ ਆਪਣੀ ਭੂਮਿਕਾ ਨਿਭਾਉਂਦੇ ਹਨ। ਇਸ ਤਰ੍ਹਾਂ ਜੈਵਿਕ ਪ੍ਰਕਿਰਿਆ 'ਚ ਗਾਰ ਦਾ ਨਿਪਟਾਰਾ ਸੁਰੱਖਿਅਤ ਤਰੀਕੇ ਨਾਲ ਸੰਭਵ ਹੁੰਦਾ ਹੈ। ਇਥੋਂ ਸੋਧ ਹੋ ਕੇ ਪਾਣੀ ਤੀਜੇ ਤਲਾਬ 'ਚ ਜਾਂਦਾ ਹੈ। ਇਸ ਪਾਣੀ ਦੀ ਵਰਤੋਂ ਪਸ਼ੂਆਂ ਦੇ ਪੀਣ ਲਈ ਅਤੇ ਰੁੱਖ-ਪੌਦਿਆਂ ਦੀ ਸਿੰਚਾਈ ਲਈ ਕੀਤੀ ਜਾਂਦੀ ਹੈ। ਇਸ ਪ੍ਰਣਾਲੀ ਦਾ ਮਹੱਤਵਪੂਰਨ ਪਹਿਲੂ ਇਹ ਵੀ ਹੈ ਕਿ ਇਸ ਨਾਲ ਜ਼ਮੀਨ ਹੇਠਲਾ ਪਾਣੀ ਵੀ ਰੀਚਾਰਜ ਹੁੰਦਾ ਹੈ।

## 70 ਫ਼ੀਸਦੀ ਘਰਾਂ ਦੀ ਸਮੱਸਿਆ ਦਾ ਹੱਲ ਸੰਭਵ

ਥ੍ਰੀ ਪੌਂਡ ਸਿਸਟਮ ਨਾਲ 70 ਫ਼ੀਸਦੀ ਘਰਾਂ ਦੇ ਸੀਵਰੇਜ ਪਾਣੀ ਦਾ ਨਿਪਟਾਰਾ ਹੋ ਰਿਹਾ ਹੈ। ਇਨ੍ਹਾਂ ਤਲਾਬਾਂ ਦੇ ਆਲੇ-ਦੁਆਲੇ ਦੀ ਜ਼ਮੀਨ ਦਾ ਸੁੰਦਰੀਕਰਨ ਕਰਕੇ ਰੁੱਖ-ਪੌਦੇ ਲਾਏ ਗਏ ਹਨ। ਆਲੇ-ਦੁਆਲੇ ਹਰੀਆਲੀ ਕਾਰਨ ਇਥੇ ਪਾਰਕ ਵਿਕਸਿਤ ਕੀਤਾ ਗਿਆ ਹੈ ਜਿੱਥੇ ਬੱਚੇ ਖੇਡਦੇ ਹਨ। ਇਨ੍ਹਾਂ ਤਲਾਬਾਂ ਦੇ ਆਸ-ਪਾਸ ਦੇ ਖੇਤਰ ਨੂੰ ਰੋਸ਼ਨ ਕਰਨ ਲਈ ਸੂਰਜੀ ਊਰਜਾ ਦੀ ਵਰਤੋਂ ਕੀਤੀ ਜਾ ਰਹੀ ਹੈ। ਸੋਲਰ ਪੈਨਲ ਲਾਏ ਜਾਣ ਨਾਲ ਸਟਰੀਟ ਲਾਈਟ 'ਚ ਖ਼ਪਤ ਹੋਣ ਵਾਲੀ ਬਿਜਲੀ ਅਤੇ ਉਸ ਦੇ ਉਪਕਰਨਾਂ ਦੇ ਰੱਖ-ਰਖਾਅ 'ਤੇ ਲੱਗਣ ਵਾਲੀ ਰਕਮ ਦੀ ਬੱਚਤ ਹੋ ਰਹੀ ਹੈ। ਇਨ੍ਹਾਂ ਤਲਾਬਾਂ 'ਚ ਜਮ੍ਹਾਂ ਹੋਣ ਵਾਲੀ ਗਾਰ ਦੀ ਵਰਤੋਂ ਖਾਦ ਦੇ ਰੂਪ 'ਚ ਕੀਤੀ ਜਾ ਰਹੀ ਹੈ। ਗੰਦੇ ਪਾਣੀ ਦੇ ਨਿਪਟਾਰੇ ਦਾ ਇਹ ਸਾਰਥਕ ਮਾਡਲ ਦੂਸਰੇ ਪਿੰਡਾਂ ਲਈ ਪ੍ਰੇਰਨਾ ਸਰੋਤ ਹੈ।

## ਥ੍ਰੀ ਪੌਂਡ ਸਿਸਟਮ ਦੇ ਰਾਹ 'ਚ ਚੁਣੌਤੀਆਂ

ਇਸ ਪ੍ਰੋਜੈਕਟ ਨੂੰ ਅਮਲੀ ਜਾਮਾ ਪਾਉਣਾ ਚਾਂਦਸਮੰਦ ਪਿੰਡ ਦੀ ਪੰਚਾਇਤ ਲਈ ਸੌਖਾ ਨਹੀਂ ਸੀ। ਪਿੰਡ 'ਚ 3 ਤਲਾਬ ਤਿਆਰ ਕਰਨ ਦੀ ਰਾਹ 'ਚ ਮਜ਼ਦੂਰਾਂ ਅਤੇ ਮਸ਼ੀਨਰੀ ਦੀ ਕਮੀ ਦਾ ਸਾਹਮਣਾ ਕਰਨ ਪਿਆ। ਇਸ ਲਈ ਇਨ੍ਹਾਂ ਤਲਾਬਾਂ ਦੇ ਨਿਰਮਾਣ 'ਚ ਇਕ ਸਾਲ ਦਾ ਸਮਾਂ ਲੱਗ ਗਿਆ। ਮਨਰੇਗਾ ਦੇ ਤਹਿਤ ਇਹ ਤਲਾਬ ਬਣਕੇ ਤਿਆਰ ਹੋਏ। ਲੋੜੀਂਦੇ ਫੰਡਾਂ ਦੀ ਕਮੀ ਕਾਰਨ ਵੀ ਇਸ ਯੋਜਨਾ 'ਚ ਦਿੱਕਤਾ ਆਈਆਂ ਪਰ ਪੰਚਾਇਤ ਨੇ ਆਪਣੇ ਮਾਲੀਏ ਨਾਲ ਇਸ ਕਮੀ ਨੂੰ ਪੂਰਾ ਕੀਤਾ। ਉਸਾਰੀ ਲਈ ਇੱਟਾਂ, ਸੀਮਿੰਟ, ਤਾਰਾਂ, ਪਾਈਪਾਂ, ਖੰਬੇ ਵਰਗੀਆਂ ਜ਼ਰੂਰੀ ਚੀਜ਼ਾਂ ਦਾ ਮਿਲਣਾ ਵੀ ਸਮੇਂ 'ਤੇ ਯਕੀਨੀ ਬਣਾਇਆ ਗਿਆ। ਜ਼ਮੀਨ 'ਚ 180 ਫੁੱਟ 'ਤੇ ਬੋਰਿੰਗ ਕਰਵਾਈ ਗਈ। ਜਿਸ ਨਾਲ ਸਿੰਚਾਈ ਵਿਵਸਥਾ ਮਜ਼ਬੂਤ ਹੋਈ। ਸਰਪੰਚ ਤੇ ਇੰਜੀਨੀਅਰ ਨੇ ਇਸ ਪੂਰੇ ਪ੍ਰੋਜੈਕਟ ਦੀ ਨਿਗਰਾਨੀ ਦੀ ਜ਼ਿੰਮੇਵਾਰੀ ਲਈ। ਇਸ ਤਰ੍ਹਾਂ ਗ੍ਰਾਮ ਪੰਚਾਇਤ ਅਤੇ ਲੋਕਾਂ ਦੇ ਸਹਿਯੋਗ ਨਾਲ ਇਸ ਪਹਿਲ ਨੂੰ ਕਾਮਯਾਬ ਕੀਤਾ। ਪਿੰਡ ਪਹਿਲਾਂ ਦੇ ਮੁਕਾਬਲੇ ਸਾਫ਼-ਸੁਥਰਾ ਹੋ ਗਿਆ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਨਵੇਂ ਮੌਕੇ ਵੀ ਮਿਲੇ।

## ਪੇਂਡੂ ਜ਼ਿੰਦਗੀ ਹੋਈ ਬਿਹਤਰ

ਇਸ ਤੋਂ ਇਲਾਵਾ ਵੀ ਪਿੰਡ 'ਚ ਕਈ ਸਲਾਹੁਣਯੋਗ ਕਦਮ ਚੁੱਕੇ ਗਏ। ਜਿਨ੍ਹਾਂ ਨਾਲ ਲੋਕਾਂ ਦੀ ਜ਼ਿੰਦਗੀ ਪਹਿਲਾਂ ਤੋਂ ਕਾਫ਼ੀ ਜ਼ਿਆਦਾ ਚੰਗੀ ਹੋਈ। ਪੰਚਾਇਤ ਦੇ ਮਾਲੀਆ ਮਾਡਲ ਨੂੰ ਵੀ ਸੁਧਾਰਿਆ ਗਿਆ। ਪਿੰਡ 'ਚ 5 ਕਾਰਜਸ਼ੀਲ ਚੌਪਾਲ ਹਨ ਜਿਥੇ ਲੋਕ ਅਕਸਰ ਮੀਟਿੰਗਾਂ ਕਰਦੇ ਹਨ। ਇਨ੍ਹਾਂ ਸਥਾਨਾਂ 'ਤੇ ਪੱਕੇ ਭਵਨਾਂ ਦੀ ਹਮੇਸ਼ਾ ਘਾਟ ਰਹੀ ਹੈ। ਵਿਆਹ ਅਤੇ ਤੀਜ ਤਿਉਹਾਰ ਵਰਗੇ ਪ੍ਰੋਗਰਾਮ ਕਰਨ ਦੀ ਸਹੂਲਤ ਹੁੰਦੀ ਹੈ। ਇਸ ਲਈ ਪੰਚਾਇਤ ਨੇ ਚੌਪਾਲਾਂ 'ਚ ਪੰਚਾਇਤ ਘਰ ਅਤੇ ਜੰਝ ਘਰਾਂ ਦੀ ਉਸਾਰੀ ਕਰਨ ਦਾ ਫ਼ੈਸਲਾ ਕੀਤਾ। ਹੁਣ ਇਹ ਕੰਮ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ। ਗ੍ਰਾਮ ਸਭਾ ਨੇ ਵੀ ਪਿੰਡ ਦੀਆਂ ਸੜਕਾਂ ਅਤੇ ਗਲੀਆਂ ਨੂੰ ਪੱਕਾ ਕਰਨ ਲਈ ਕਦਮ ਉਠਾਏ। ਸਵੱਛ ਭਾਰਤ ਮੁਹਿੰਮ ਦੇ ਤਹਿਤ ਪਿੰਡ 'ਚ ਕਈ ਪਹਿਲਾਂ ਕੀਤੀਆਂ ਗਈਆਂ। ਪੰਚਾਇਤ ਭਵਨ 'ਚ ਔਰਤਾਂ ਤੇ ਮਰਦਾਂ ਲਈ ਵੱਖ-ਵੱਖ ਸ਼ੌਚਾਲਿਆ ਬਣਵਾਏ ਗਏ। ਸਵੱਛਤਾ ਮੁਹਿੰਮ ਦੀ ਕਮਾਨ ਖ਼ੁਦ ਸਰਪੰਚ ਨੇ ਸੰਭਾਲੀ। ਪਿੰਡ ਦੇ ਸਾਰੇ ਘਰਾਂ 'ਚ ਸ਼ੌਚਾਲਿਆ ਦਾ ਨਿਰਮਾਣ ਕਰਨ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ। ਖੁੱਲ੍ਹੇ 'ਚ ਸ਼ੌਚ ਕਰਨ ਦੀ ਪ੍ਰਵਿਰਤੀ ਨੂੰ ਖ਼ਤਮ ਕਰਨ ਦੀ ਦਿਸ਼ਾ 'ਚ ਸਖ਼ਤੀ ਨਾਲ ਕਦਮ ਉਠਾਏ ਗਏ। ਇਸ ਦਾ ਨਤੀਜਾ ਵੀ ਚੰਗਾ ਰਿਹਾ। ਹੁਣ ਪਿੰਡ ਖੁੱਲ੍ਹੇ 'ਚ ਸ਼ੌਚ ਮੁਕਤ ਹਨ। ਸਵੱਛ ਭਾਰਤ ਮੁਹਿੰਮ ਦੇ ਤਹਿਤ ਹੀ ਪਿੰਡ 'ਚ ਪੀਣ ਦੇ ਨਿਰਮਲ ਪਾਣੀ ਦੀ ਵਿਵਸਥਾ ਕੀਤੀ ਗਈ। ਚਾਂਦਸਮੰਦ ਪਿੰਡ 'ਚ ਸਿੱਖਿਆ ਦੇ ਖੇਤਰ 'ਚ ਵੀ ਕਈ ਕਾਰਗਰ ਕਦਮ ਉਠਾਏ ਗਏ।

ਸਿੱਖਿਆ ਦੇ ਅਧਿਕਾਰ ਦੇ ਤਹਿਤ ਪਿੰਡ ਦੇ ਹਰ ਬੱਚੇ ਨੂੰ ਸਕੂਲ ਭੇਜਣਾ ਯਕੀਨੀ ਬਣਾਇਆ। ਪਿੰਡ ਦੇ 8ਵੀਂ ਤਕ ਦੇ ਸਕੂਲ ਨੂੰ 12ਵੀਂ ਤਕ ਕਰਵਾਇਆ। ਹੁਣ ਹਾਈ ਸਕੂਲ ਲਈ ਬੱਚਿਆਂ ਨੂੰ ਦੂਜੇ ਪਿੰਡ ਨਹੀਂ ਜਾਣਾ ਪੈਂਦਾ। ਇਸ ਦੇ ਨਾਲ ਹੀ ਸਕੂਲ ਭਵਨ 'ਚ ਕੰਪਿਊਟਰ, ਪ੍ਰਯੋਗਸ਼ਾਲਾ ਬਣਾਈ ਗਈ। ਸਕੂਲ ਕੰਪਲੈਕਸ 'ਚ ਆਰਓ ਦਾ ਪਾਣੀ, ਹੈਂਡ ਪੰਪ, ਇਨਵਰਟਰ, ਸੋਲਰ ਪੈਨਲ ਵੀ ਲਗਵਾਏ ਗਏ। ਬਿਹਤਰ ਹਾਈਜੀਨ ਲਈ ਵਿਦਿਆਰਥੀਆਂ ਤੇ ਵਿਦਿਆਰਥਣਾਂ ਲਈ ਵੱਖ-ਵੱਖ ਸ਼ੌਚਾਲਿਆ ਬਣਵਾਏ ਗਏ।

ਸਕੂਲ ਕੰਪਲੈਕਸ ਨੂੰ ਰੋਗ ਮੁਕਤ ਰੱਖਣ ਲਈ ਇਸ ਦੀ ਸਾਫ਼-ਸਫ਼ਾਈ ਰੱਖਣ ਦੀ ਦਿਸ਼ਾ 'ਚ ਵੀ ਕਈ ਕਦਮ ਉਠਾਏ। ਸਕੂਲ ਭਵਨ 'ਚ ਕਮਰਿਆਂ ਦੀ ਕਮੀ ਨੂੰ ਦੇਖ ਦੇ ਹੋਏ ਪੰਚਾਇਤ ਨੇ ਆਪਣੀ ਜ਼ਮੀਨ 'ਤੇ ਸਕੂਲ ਦੀ ਵੱਡੀ ਇਮਾਰਤ ਦਾ ਨਿਰਮਾਣ ਕਾਰਜ ਵੀ ਸ਼ੁਰੂ ਕਰਵਾਇਆ ਗਿਆ। ਖੇਡਾਂ ਨੂੰ ਉਤਸ਼ਾਹਿਤ ਕਰਨ ਦੇ ਮੰਤਵ ਨਾਲ ਬੱਚਿਆਂ ਲਈ ਸਟੇਡੀਅਮ ਬਣਾਉਣ ਲਈ 8 ਏਕੜ ਜ਼ਮੀਨ ਵੀ ਦਿੱਤੀ। ਇਸ ਜ਼ਮੀਨ 'ਤੇ ਸਟੇਡੀਅਮ ਬਣਾਇਆ ਜਾ ਰਿਹਾ ਹੈ। ਸਟੇਡੀਅਮ ਬਣ ਜਾਣ ਨਾਲ ਪਿੰਡ ਦੇ ਬੱਚਿਆਂ ਨੂੰ ਖੇਡਣ ਲਈ ਕਿਤੇ ਬਾਹਰ ਨਹੀਂ ਜਾਣਾ ਪਵੇਗਾ।

ਇਸ ਤੋਂ ਇਲਾਵਾ ਪਿੰਡ 'ਚ ਸਹਿਕਾਰੀ ਬੈਂਕ ਦੀ ਬ੍ਰਾਂਚ ਵੀ ਖੁੱਲ੍ਹਵਾਈ ਗਈ। ਹੁਣ ਲੋਕਾਂ ਨੂੰ ਆਪਣਾ ਪੈਸਾ ਜਮ੍ਹਾਂ ਕਰਵਾਉਣ ਤੇ ਕੱਢਵਾਉਣ ਲਈ ਕੁਹਾਂ ਦੂਰ ਨਹੀਂ ਜਾਣਾ ਪੈਂਦਾ। ਲੋੜੀਂਦੀ ਮਾਤਰਾ 'ਚ ਪਾਣੀ ਦੀ ਸਪਲਾਈ ਲਈ ਥਾਂ-ਥਾਂ ਹੈਂਡਪੰਪ ਲਾਏ ਗਏ। ਪੂਰੇ ਪਿੰਡ 'ਚ ਸਟਰੀਟ ਲਾਈਟਾਂ ਲਾਈਆਂ ਗਈਆਂ। ਖੇਤਾਂ ਨੂੰ ਪਾਣੀ ਦੇਣ ਲਈ ਸਬਮਰਸੀਬਲ ਮੋਟਰਾਂ ਲਾਈਆਂ ਗਈਆਂ ਅਤੇ ਪਾਈਪ ਲਾਈਨਾਂ ਵਿਛਾਈਆਂ ਗਈਆਂ। ਇਸ ਨਾਲ ਖੇਤਾਂ ਦੀ ਸਿੰਚਾਈ ਦੀ ਸਮੱਸਿਆ ਖ਼ਤਮ ਹੋ ਗਈ। ਸਮੇਂ ਸਿਰ ਹੋ ਰਹੀ ਸਿੰਚਾਈ ਨਾਲ ਖੇਤਾਂ 'ਚ ਫ਼ਸਲਾਂ ਲਹਿਲਹਾ ਰਹੀਆਂ ਹਨ।◆

ਸਾਂਸਦ ਆਦਰਸ਼ ਗ੍ਰਾਮ ਯੋਜਨਾ

# ਚਪਕਾ ਗ੍ਰਾਮ ਪੰਚਾਇਤ : ਸਾਂਸਦ ਦੀਆਂ ਕੋਸ਼ਿਸ਼ਾਂ ਨਾਲ ਲਹਿਲਹਾਏ ਖੇਤ, ਲੋਕਾਂ ਦੇ ਯਤਨਾਂ ਨਾਲ ਸਿੰਚਾਈ ਮਾਡਲ ਤਿਆਰ

**ਛੱਤੀਸਗੜ੍ਹ ਦੇ ਬਸਤਰ ਜ਼ਿਲ੍ਹੇ 'ਚ ਸਥਿਤ ਹੈ ਚਪਕਾ ਪਿੰਡ। ਇਸ ਪਿੰਡ ਦੀ ਸਿੰਚਾਈ ਵਿਵਸਥਾ ਨਾਲ ਕਿਸਾਨਾਂ ਦੇ ਚਿਹਰਿਆਂ 'ਤੇ ਖੁਸ਼ੀ ਸਾਫ਼ ਦੇਖੀ ਜਾ ਸਕਦੀ ਹੈ। ਸਿੰਚਾਈ ਦੇ ਇਸ ਮਾਡਲ ਨਾਲ ਪਿੰਡ ਦੇ ਖੇਤ-ਖਲਿਹਾਨ ਲਹਿਲਹਾ ਰਹੇ ਹਨ।**




ਚਪਕਾ ਪਿੰਡ ਮਾਰਕੰਡੇ ਨਦੀ ਦੇ ਕਿਨਾਰੇ ਵਸਿਆ ਹੋਇਆ ਹੈ। ਸਿੰਚਾਈ ਦੀ ਵਿਵਸਥਾ ਇਥੇ ਨਾਂਹ ਦੇ ਬਰਾਬਰ ਸੀ। ਸਾਲ 'ਚ 1500 ਸੈਂਟੀਮੀਟਰ ਮੀਂਹ ਪੈਂਦਾ ਸੀ। ਸਾਧਨਾਂ ਦੀ ਘਾਟ ਕਾਰਨ ਇਥੋਂ ਦੀ 90 ਫ਼ੀਸਦੀ ਖੇਤੀ ਯੋਗ ਜ਼ਮੀਨ ਸਿੰਜਣ ਬਿਨਾ ਰਹਿ ਜਾਂਦੀ ਸੀ। ਸੰਸਦ ਮੈਂਬਰ ਦਿਨੇਸ਼ ਕਸ਼ਯਪ ਨੇ ਇਸ ਸਮੱਸਿਆ ਦਾ ਹੱਲ ਕੱਢਿਆ। ਇਸ ਪਿੰਡ ਨੂੰ ਆਦਰਸ਼ ਗ੍ਰਾਮ ਵਿਕਾਸ ਯੋਜਨਾ ਦੇ ਤਹਿਤ ਗੋਦ ਲਿਆ। ਗੋਦ ਲੈਣ ਮਗਰੋਂ ਸਭ ਤੋਂ ਪਹਿਲਾਂ ਸਿੰਚਾਈ 'ਤੇ ਧਿਆਨ ਦਿੱਤਾ। ਸਰਕਾਰੀ ਯੋਜਨਾਵਾਂ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪਿੰਡ ਲਈ ਸਿੰਚਾਈ ਮਾਡਲ ਤਿਆਰ ਕੀਤਾ।

## ਕਿਵੇਂ ਤਿਆਰ ਕੀਤਾ ਸਿੰਚਾਈ ਮਾਡਲ?

ਸਾਂਸਦ ਆਦਰਸ਼ ਗ੍ਰਾਮ ਯੋਜਨਾ (ਐੱਸਏਜੀਵਾਈ) ਦੇ ਤਹਿਤ ਸਾਂਸਦ ਨੇ ਪਿੰਡ ਦੀ ਵਿਕਾਸ ਯੋਜਨਾ ਬਣਾਉਣ ਲਈ ਸਭ ਤੋਂ ਪਹਿਲਾਂ ਸਿੰਚਾਈ ਕਮੇਟੀ ਦਾ ਗਠਨ ਕੀਤਾ। ਇਸ ਕਮੇਟੀ 'ਚ ਕਿਸਾਨ, ਖੇਤੀਬਾੜੀ ਮਾਹਿਰ, ਮਨਰੇਗਾ ਦੀ ਟੀਮ ਤੇ ਸਿੰਚਾਈ ਵਿਭਾਗ ਦੇ ਇੰਜੀਨੀਅਰ ਸ਼ਾਮਲ ਕੀਤੇ ਗਏ। ਉਸ ਪਿੱਛੋਂ ਖੇਤੀਬਾੜੀ ਯੋਗ ਜ਼ਮੀਨ ਦਾ ਸਰਵੇਖਣ ਕੀਤਾ ਗਿਆ। ਸਰਵੇਖਣ ਇਸ ਲਈ ਕੀਤਾ ਗਿਆ ਤਾਂਕਿ ਕਾਰਗਰ ਯੋਜਨਾ ਤਿਆਰ ਕੀਤੀ ਦਾ ਸਕੇ। ਇਸ ਦੇ ਇਲਾਵਾ ਮੀਂਹ ਦੇ ਪਾਣੀ ਨੂੰ ਇੱਕਠਾ ਕਰਨ ਦੀ ਦਿਸ਼ਾ 'ਚ ਵੀ ਕਦਮ ਚੁੱਕੇ ਗਏ। ਪਿੰਡ 'ਚ ਰੇਨ ਵਾਟਰ ਹਾਰਵੈਸਟਿੰਗ ਭਾਵ ਮੀਂਹ ਦੇ ਪਾਣੀ ਨੂੰ ਇੱਕਠਾਂ ਕਰਨ ਲਈ ਥਾਵਾਂ ਦੀ ਨਿਸ਼ਾਨਦੇਹੀ ਕੀਤੀ ਗਈ। ਮਨਰੇਗਾ ਦੇ ਤਹਿਤ ਇਸ ਦਿਸ਼ਾ 'ਚ ਛੋਟੇ-ਛੋਟੇ ਤਲਾਬ ਬਣਾਏ ਗਏ। ਪਹਿਲਾਂ ਤੋਂ ਮੌਜੂਦ ਖੂਹਾਂ, ਤਲਾਬਾਂ ਨੂੰ ਨਵਾਂ ਜੀਵਨ ਦਿੱਤਾ ਗਿਆ।



ਸਿੰਚਾਈ ਮਾਡਲ ਦੇ ਤਹਿਤ ਦੂਜਾ ਅਹਿਮ ਕੰਮ ਸਮੂਹ ਬਣਾਉਣਾ ਸੀ ਜਿਸ ਨਾਲ ਕੰਮ ਤੇਜ਼ੀ ਨਾਲ ਸਹੀ ਦਿਸ਼ਾ 'ਚ ਪੂਰਾ ਹੋ ਸਕੇ। ਇਸ ਲਈ ਪਿੰਡ ਦੇ ਲੋਕਾਂ ਦਾ ਸਮੂਹ ਬਣਾਇਆ ਗਿਆ। ਸ਼ਾਕੰਭਰੀ ਯੋਜਨਾ ਤੇ ਪਿਛੜੇ ਖੇਤਰ ਲਈ ਯੋਗਦਾਨ ਫੰਡ ਦੇ ਤਹਿਤ ਮਾਰਕੰਡੇ ਨਦੀ ਦੇ ਕੰਡੇ 20 ਡੀਜ਼ਲ ਤੇ ਬਿਜਲੀ ਨਾਲ ਚੱਲਣ ਵਾਲੇ ਪੰਪ ਸੈਟ ਲਾਏ ਗਏ। ਇਸ ਨਾਲ 156 ਹੈਕਟੇਅਰ ਜ਼ਮੀਨ 'ਚ ਟਿਊਬਵੈੱਲ ਦੇ ਪਾਣੀ ਨੂੰ ਖੇਤਾਂ ਤਕ ਪਹੁੰਚਾਉਣ ਲਈ ਚੈਨਲ ਬਣਾਏ ਗਏ। ਘੱਟ ਲਾਗਤ ਵਾਲੀ ਡਰਿੱਪ ਸਿੰਚਾਈ ਪ੍ਰਣਾਲੀ ਨੂੰ ਪਿੰਡ 'ਚ ਲਿਆਂਦਾ ਗਿਆ। 10 ਗ਼ਰੀਬ ਪਰਿਵਾਰਾਂ ਨੂੰ 32,000 ਰੁਪਏ ਦੀ ਲਾਗਤ ਨਾਲ ਡਰਿੱਪ ਸਿੰਚਾਈ ਪ੍ਰਣਾਲੀ ਦੀਆਂ ਮਸ਼ੀਨਾਂ ਮੁਹੱਈਆ ਕਰਵਾਈਆਂ ਗਈਆਂ। ਖੇਤੀਬਾੜੀ ਵਿਭਾਗ ਨੇ 15 ਥਾਵਾਂ 'ਤੇ ਸਿੰਚਾਈ ਕੇਂਦਰ ਬਣਾਏ ਜਿੱਥੇ ਕਿਸਾਨਾਂ ਦੀ ਟ੍ਰੇਨਿੰਗ ਦੀ ਵਿਵਸਥਾ ਕੀਤੀ ਗਈ। 200 ਕਿਸਾਨਾਂ ਨੂੰ ਆਧੁਨਿਕ ਖੇਤੀ ਦੇ ਤਰੀਕਿਆਂ ਬਾਰੇ ਟ੍ਰੇਨਿੰਗ ਵੀ ਦਿੱਤੀ ਗਈ।

## ਸਫ਼ਲ ਹੋਈਆਂ ਕੋਸ਼ਿਸ਼ਾਂ

ਸਫ਼ਲ ਸਿੰਚਾਈ ਮਾਡਲ ਨਾਲ ਚਪਕਾ ਪਿੰਡ ਦੇ ਕਿਸਾਨ ਕਈ ਕਿਸਮਾਂ ਦੀਆਂ ਫ਼ਸਲਾਂ ਦੀ ਬਿਜਾਈ ਕਰਦੇ ਹਨ। ਖੇਤੀਬਾੜੀ ਵਿਕਾਸ ਕੇਂਦਰ 'ਚ ਖੇਤੀਬਾੜੀ ਦੇ ਖੇਤਰ 'ਚ ਹੋ ਰਹੇ ਹਰ ਰੋਜ਼ ਨਵੇਂ ਪ੍ਰਯੋਗਾਂ ਬਾਰੇ ਕਿਸਾਨਾਂ ਨੂੰ ਟ੍ਰੇਨਿੰਗ ਦਿੱਤੀ ਜਾ ਰਹੀ ਹੈ ਜਿਸ ਦਾ ਲਾਭ ਵੀ ਕਿਸਾਨ



ਉਠਾ ਰਹੇ ਹਨ। ਕਿਸਾਨ ਹੁਣ ਆਰਗੈਨਿਕ ਖੇਤੀ ਕਰਕੇ ਚੰਗੀ ਕਮਾਈ ਕਰ ਰਹੇ ਹਨ। ਸਿੰਚਾਈ ਦੀ ਸਮੱਸਿਆ ਦੂਰ ਹੋਣ ਮਗਰੋਂ ਇਹ ਪਿੰਡ ਹੁਣ ਦੂਜੇ ਪਿੰਡਾਂ ਲਈ ਮਿਸਾਲ ਪੇਸ਼ ਕਰ ਰਿਹਾ ਹੈ। ਇਹ ਸਾਰਾ ਕੰਮ ਸਾਂਸਦ ਸ਼੍ਰੀ ਦਿਨੇਸ਼ ਕਸ਼ਯਪ ਦੇ ਯਤਨਾਂ ਨਾਲ ਸੰਭਵ ਹੋ ਸਕਿਆ ਹੈ।

# ਗ੍ਰਾਮ ਪੰਚਾਇਤ ਵਿਕਾਸ ਯੋਜਨਾ

## ਸਬ ਕੀ ਯੋਜਨਾ, ਸਬ ਕਾ ਵਿਕਾਸ

### ਜਨ ਯੋਜਨਾ ਅਭਿਆਨ

2 ਅਕਤੂਬਰ ਤੋਂ 31 ਦਸੰਬਰ 2018

## ਗ਼ਰੀਬੀ ਮੁਕਤ ਗ੍ਰਾਮ ਪੰਚਾਇਤ




ਉਦੇਸ਼ :

ਕਿਰਿਆਸ਼ੀਲ ਗ੍ਰਾਮ ਸਭਾ 'ਚ ਡੀਏਵਾਈ-ਐੱਨਆਰਐੱਲਐੱਮ ਦੇ ਤਹਿਤ 31 ਲੱਖ ਵਿਅਕਤੀ ਪੰਚਾਇਤ ਆਗੂਆਂ ਅਤੇ 5.25 ਕਰੋੜ ਐੱਸਐੱਚਜੀ ਔਰਤਾਂ ਦੀ ਭੂਮਿਕਾ ਸਸ਼ਕਤ ਕਰਨਾ।

2018-19 'ਚ ਕੀਤੀ ਗਈ ਤਰੱਕੀ ਦਾ ਸਬੂਤਾਂ 'ਤੇ ਆਧਾਰਿਤ ਸੰਗ੍ਰਹਿ ਅਤੇ 11ਵੀਂ ਅਨੁਸੂਚੀ ਦੇ ਸਾਰੇ 29 ਵਿਸ਼ਿਆਂ 'ਚ 2019-20 ਸਬੰਧੀ ਪ੍ਰਸਤਾਵ।

ਜਨ ਸੂਚਨਾ ਅਭਿਆਨ-ਗ੍ਰਾਮ ਪੰਚਾਇਤ ਦਫ਼ਤਰ ਅਤੇ ਗ੍ਰਾਮ ਸੰਵਾਦ ਐਪ ਪ੍ਰੋਗਰਾਮਾਂ ਦੀਆਂ ਯੋਜਨਾਵਾਂ/ਬਿੱਲ ਆਦਿ ਦਾ ਵਿਲੇਜ ਡਿਸਪਲੇਅ ਬੋਰਡ 'ਤੇ ਪੂਰਾ ਜਨਤਕ ਪ੍ਰਗਟਾਵਾ।

11ਵੀਂ ਅਨੁਸੂਚੀ 'ਚ ਸਾਰੇ 29 ਖੇਤਰਾਂ ਦੇ ਮੋਹਰੀ ਵਰਕਰਾਂ/ਸੁਪਰਵਾਈਜ਼ਰਾਂ ਵੱਲੋਂ ਪੇਸ਼ਕਾਰੀ ਅਤੇ ਵਿਅਕਤੀਗਤ ਹਾਜ਼ਰੀ ਨਾਲ 2 ਅਕਤੂਬਰ ਤੋਂ31 ਦਸੰਬਰ 2018 ਤਕ ਸਰਵਵਿਆਪੀ ਗ੍ਰਾਮ ਸਭਾ ਬੈਠਕਾਂ (ਗੋਸ਼ਟੀਆਂ)।

ਵਿਵਹਾਰਿਕ ਅਤੇ ਸਮੁੱਚੀ ਗ੍ਰਾਮ ਪੰਚਾਇਤ ਵਿਕਾਸ ਯੋਜਨਾ ਪ੍ਰਦਾਨ ਕਰਨ ਲਈ ਸਸ਼ਕਤ ਪਲਾਨ ਪਲੱਸ ਯੋਜਨਾ।

## ਸੰਵਿਧਾਨ ਦੀ 11ਵੀਂ ਅਨੁਸੂਚੀ 'ਚ ਸਾਰੇ 29 ਵਿਸ਼ਿਆਂ ਨੂੰ ਜੀਪੀਡੀਪੀ 'ਚ ਸ਼ਾਮਲ ਕਰਨ ਦੀ ਯੋਜਨਾ ਹੈ

| 11ਵੀਂ ਅਨੁਸੂਚੀ ਵਿਚ 29 ਖੇਤਰ | ਸਬੰਧਿਤ ਮੰਤਰਾਲੇ | ਯੋਜਨਾ/ਨਿਧੀ |
|---|---|---|
| ਭੂਮੀ ਸੁਧਾਰ | ਗ੍ਰਾਮੀਣ ਵਿਕਾਸ ਮੰਤਰਾਲਾ ਭੂਮੀ ਸੰਸਾਧਨ ਵਿਭਾਗ | SHC, DILRMP |
| ਗ੍ਰਾਮੀਣ ਆਵਾਸ | ਗ੍ਰਾਮੀਣ ਵਿਕਾਸ ਮੰਤਰਾਲਾ | PMAY(G) |
| ਪੀਣਯੋਗ ਪਾਣੀ | ਪੀਣਯੋਗ ਪਾਣੀ ਅਤੇ ਸਵੱਛਤਾ ਮੰਤਰਾਲਾ | NRDWP |
| ਸੜਕ | ਗ੍ਰਾਮੀਣ ਵਿਕਾਸ ਮੰਤਰਾਲਾ | PMGSY, SAGY, MGNREGA |
| ਗ੍ਰਾਮੀਣ ਬਿਜਲੀਕਰਨ | ਬਿਜਲੀ ਮੰਤਰਾਲਾ | UJALA, IPDS, DDUGJY, Saubhagya |
| ਸਿੱਖਿਆ | ਮਾਨਵ ਸੰਸਾਧਨ ਵਿਕਾਸ ਮੰਤਰਾਲਾ | ICDS, SSM, SSA, SBM, MDMS |
| ਬਾਲਗ ਸਿੱਖਿਆ | ਕੌਸ਼ਲ ਵਿਕਾਸ ਤੇ ਉੱਦਮੀਤਾ ਮੰਤਰਾਲਾ | PMKVY |
| ਬਾਜ਼ਾਰ ਤੇ ਮਾਲ | ਕੱਪੜਾ ਮੰਤਰਾਲਾ, ਗ੍ਰਾਮੀਣ ਵਿਕਾਸ ਮੰਤਰਾਲਾ | NRLM |
| ਸਿਹਤ ਅਤੇ ਸਵੱਛਤਾ | ਸਿਹਤ ਤੇ ਪਰਿਵਾਰ ਕਲਿਆਣ ਮੰਤਰਾਲਾ ਪੀਣ ਯੋਗ ਪਾਣੀ ਤੇ ਸਵੱਛਤਾ ਮੰਤਰਾਲਾ | NRHM/NHM, NRDWP, Mission Indradhanush, ICDS, SBM |
| ਮਹਿਲਾ ਤੇ ਬਾਲ ਵਿਕਾਸ | ਮਹਿਲਾ ਤੇ ਬਾਲ ਵਿਕਾਸ ਕਲਿਆਣ ਮੰਤਰਾਲਾ ਸਿਹਤ ਤੇ ਸਵੱਛਤਾ ਮੰਤਰਾਲਾ | BBBP, ICDS, OSTC, UJJAWALA, Swadhar Greh, Mahila E-Haat, MSK, STEP |
| ਸਮਾਜਿਕ ਕਲਿਆਣ | ਸਮਾਜਿਕ ਨਿਆਂ ਤੇ ਅਧਿਕਾਰਿਤਾ ਮੰਤਰਾਲਾ | IPOP, Scholarship Programmes, SRMS |
| ਜਨਤਕ ਵੰਡ | | |

| ਯੋਜਨਾ/ਨਿਧੀ | ਸਬੰਧਿਤ ਮੰਤਰਾਲੇ | ਯੋਜਨਾ/ਨਿਧੀ |
|---|---|---|
| ਖੇਤੀਬਾੜੀ | ਕਿਸਾਨ ਕਲਿਆਣ ਮੰਤਰਾਲਾ | PKVY, PMKSY, PMFBY, MMAS, NFSM, MIDH, NMAET, NLM, e-NAM |
| ਪਸ਼ੂਪਾਲਣ | | |
| ਗ਼ੈਰ ਰਵਾਇਤੀ ਊਰਜਾ | ਨਵੀਨ ਤੇ ਨਵੀਨੀਕਰਨ ਊਰਜਾ ਮੰਤਰਾਲਾ | |
| ਗ਼ਰੀਬੀ ਹਟਾਉਣ ਦਾ ਪ੍ਰੋਗਰਾਮ | ਗ੍ਰਾਮੀਣ ਵਿਕਾਸ ਮੰਤਰਾਲਾ | MDMS, MGNEGS, DAY-NRLM, NSAP |
| ਸਮੂਹਕ ਜਾਇਦਾਦਾਂ ਦਾ ਰੱਖ-ਰਖਾਅ | ਪੰਚਾਇਤੀ ਰਾਜ ਮੰਤਰਾਲਾ | FFC |
| ਪਰਿਵਾਰ ਕਲਿਆਣ | ਸਿਹਤ ਤੇ ਪਰਿਵਾਰ ਕਲਿਆਣ ਮੰਤਰਾਲਾ | PMUY |
| ਕਮਜ਼ੋਰ ਵਰਗ ਦਾ ਕਲਿਆਣ | ਵਿੱਤ ਮੰਤਰਾਲਾ | PMSBY, PMJBY, HKKP |
| ਮੱਛੀ ਪਾਲਣ | | |
| ਸਮਾਜਕ ਹਾਨਿਕੀ | | |
| ਲਘੂ ਉਦਯੋਗ | ਕੱਪੜਾ ਮੰਤਰਾਲਾ, ਗ੍ਰਾਮੀਣ , ਵਿਕਾਸ ਮੰਤਰਾਲਾ | PMEGP |
| ਖਾਦੀ ਗ੍ਰਾਮ ਤੇ ਕੁਟੀਰ ਉਦਯੋਗ | ਖਾਦੀ ਗ੍ਰਾਮ ਤੇ ਕੁਟੀਰ ਉਦਯੋਗ | PMEGP |
| ਈਂਧਨ ਤੇ ਚਾਰਾ | | |
| ਬਾਲਗ ਗ਼ੈਰ-ਰਸਮੀ ਵਿੱਦਿਆ | | |
| ਲਾਇਬ੍ਰੇਰੀ | | |
| ਸੱਭਿਆਚਾਰਕ ਸਰਗਰਮੀਆਂ | | |

## ਜ਼ਿਲ੍ਹਾ ਪੰਚਾਇਤ ਵਿਕਾਸ ਯੋਜਨਾ







Public Information Board

## ਹਿੱਸੇਦਾਰ ਮੰਤਰਾਲਾ ਤੇ ਵਿਭਾਗ

- ਪੰਚਾਇਤੀ ਰਾਜ ਤੇ ਗ੍ਰਾਮੀਣ ਵਿਕਾਸ ਮੰਤਰਾਲਾ
- ਖੇਤੀਬਾੜੀ ਸਹਿਕਾਰਤਾ ਤੇ ਖੇਤੀਬਾੜੀ ਕਲਿਆਣ ਮੰਤਰਾਲਾ
- ਪਸ਼ੂਪਾਲਣ, ਡੇਅਰੀ ਤੇ ਮੱਛੀ ਵਿਭਾਗ
- ਵਾਤਾਵਰਨ, ਵਣ ਤੇ ਜਲਵਾਯੂ ਤਬਦੀਲੀ ਮੰਤਰਾਲਾ
- ਸੂਖਮ, ਲਘੂ ਤੇ ਮੱਧਮ ਉਦਯੋਗ ਮੰਤਰਾਲਾ
- ਪੀਣਯੋਗ ਪਾਣੀ ਤੇ ਸਵੱਛਤਾ ਮੰਤਰਾਲਾ
- ਸਕੂਲੀ ਸਿੱਖਿਆ ਤੇ ਸਾਖਰਤਾ ਵਿਭਾਗ
- ਸਿਹਤ ਤੇ ਪਰਿਵਾਰ ਕਲਿਆਣ ਮੰਤਰਾਲਾ
- ਮਹਿਲਾ ਤੇ ਬਾਲ ਵਿਕਾਸ ਮੰਤਰਾਲਾ
- ਖੁਰਾਕ ਤੇ ਜਨਤਕ ਵੰਡ ਵਿਭਾਗ
- ਜਨਜਾਤੀ ਮਾਮਲੇ ਤੇ ਸਮਾਜ ਨਿਆਂ ਤੇ ਅਧਿਕਾਰ ਮੰਤਰਾਲਾ
- ਵਿੱਤੀ ਸੇਵਾ ਵਿਭਾਗ
- ਬਿਜਲੀ ਮੰਤਰਾਲਾ
- ਪੈਟਰੋਲੀਅਮ ਤੇ ਕੁਦਰਤੀ ਗੈਸ ਮੰਤਰਾਲਾ

## ਜਨ ਯੋਜਨਾ ਅਭਿਆਨ : ਕਾਇਆਕਲਪ ਅਤੇ ਕਾਰਵਾਈ ਸਮੱਗਰੀ

ਅਭਿਆਨ ਲਈ ਨੋਡਲ ਅਧਿਕਾਰੀਆਂ ਦੀ ਨਿਯੁਕਤੀ ਅਤੇ ਵੈੱਬ ਪੋਰਟਲ (www.gpdp.nic.in) 'ਤੇ ਰਜਿਸਟ੍ਰੇਸ਼ਨ।

ਹਰ ਗ੍ਰਾਮ ਪੰਚਾਇਤ/ਗ੍ਰਾਮ ਸਥਾਨਕ ਸਰਕਾਰ ਲਈ ਸਹੂਲਤ ਪ੍ਰਦਾਨ ਕਰਨ ਵਾਲੇ ਦੀ ਨਿਯੁਕਤੀ।

ਗ੍ਰਾਮ ਸਭਾਵਾਂ ਦੇ ਅਧਿਕਾਰ ਲਈ ਗ੍ਰਾਮ ਪੰਚਾਇਤ ਵਾਰ ਕੈਲੰਡਰ ਨੂੰ ਆਖਰੀ ਰੂਪ ਦੇਣਾ। [ਸਿੱਟਾ]

ਮਿੱਥੇ ਦਿਨਾਂ 'ਤੇ ਗ੍ਰਾਮ ਸਭਾ ਗੋਸ਼ਟੀਆਂ ਲਈ ਤਿਆਰ ਪੇਸ਼ਕਾਰੀ ਲਈ 11ਵੀਂ ਅਨੁਸੂਚੀ ਦੇ 29 ਵਿਸ਼ਿਆਂ ਨਾਲ ਸਬੰਧਿਤ ਸਾਰੇ ਵਿਭਾਗਾਂ ਦੇ ਮੋਹਰੀ ਵਰਕਰਾਂ ਦੀ ਨਿਯੁਕਤੀ।

ਹਰ ਗ੍ਰਾਮ ਪੰਚਾਇਤ 'ਚ ਜਨ ਸੂਚਨਾ ਬੋਰਡ ਲਾਉਣਾ ਅਤੇ ਵੈੱਬ ਪੋਰਟਲ 'ਤੇ ਇਸ ਦੀਆਂ ਜੀਓਟੈਗ ਫੋਟੋਆਂ ਦੀ ਅਪਲੋਡਿੰਗ।

ਕ੍ਰਿਆਸ਼ਿਲ ਗ੍ਰਾਮ ਸਭਾ ਮੀਟਿੰਗਾਂ ਦੀਆਂ ਜੀਓ-ਟੈਗਡ ਫੋਟੋਆਂ ਦੀ ਅੱਪਲੋਡਿੰਗ

ਪਲਾਨ ਪਲੱਸ ਐਪਲੀਕੇਸ਼ਨ 'ਤੇ ਅਨੁਮੋਦਿਤ ਯੋਜਨਾ ਦਾ ਪ੍ਰਕਾਸ਼ਨ।

## ਤਾਲਮੇਲ ਕਰਨ ਵਾਲਿਆਂ ਦੀ ਭੂਮੀਕਾ :

* ਐੱਮਏ ਖਰੜਾ ਦੀ ਵਰਤੋਂ ਕਰਕੇ ਮਿਸ਼ਨ ਅੰਤੋਦਯ (ਐੱਮਏ) ਦੇ ਤਹਿਤ ਸਰਵੇਖਣ ਕਰੋ
* ਮਿੱਥੇ ਦਿਨਾਂ 'ਤੇ ਜੀਪੀਡੀਪੀ ਲਈ ਵਿਸ਼ੇਸ਼ ਗ੍ਰਾਮ ਸਭਾ ਦੀ ਸਹੂਲਤ ਦਿਉ
* ਗ੍ਰਾਮ ਸਭਾ ਦੌਰਾਨ ਐੱਸਸੀ/ਐੱਸਟੀ ਔਰਤਾਂ ਵਰਗੇ ਕਮਜ਼ੋਰ ਵਰਗਾਂ ਸਣੇ ਭਾਈਚਾਰਕ ਅੰਦੋਲਨ ਯਕੀਨੀ ਬਣਾਉ
* ਪੋਰਟਲ 'ਤੇ ਗ੍ਰਾਮ ਸਭਾ ਦੇ ਆਚਰਣ ਸਬੰਧੀ ਇਕ ਰਿਪੋਰਟ ਜਮ੍ਹਾਂ ਕਰੋ।

ਉੜੀਸਾ

# 'ਬੀਜ ਮਾਤਾ ਬਨ' ਖੇਤੀ ਦੇ ਰਵਾਇਤੀ ਗਿਆਨ ਨਾਲ ਕਰਾ ਰਹੀ ਹੈ ਲੋਕਾਂ ਨੂੰ ਜਾਣੂ

**ਬੀਜ ਦੀ ਚੋਣ ਤੇ ਸਹੇਜਨੇ ਦੇ ਰਵਾਇਤੀ ਗਿਆਨ ਦੀ ਵਰਤੋਂ ਕਰ ਰਹੀਆਂ ਹਨ ਕਬਾਇਲੀ ਔਰਤਾਂ। ਉੜੀਸਾ ਨਾਂ ਦੀ ਐੱਨਜੀਓ ਦਾ ਇਕ ਸਮੂਹ ਤਿਆਰ ਕੀਤਾ ਹੈ ਜੋ ਖੇਤੀ ਦੇ ਰਵਾਇਤੀ ਗਿਆਨ ਨਾਲ ਪਿੰਡ ਦੇ ਦੂਜੇ ਲੋਕਾਂ ਨੂੰ ਵੀ ਲਾਭ ਦੇ ਰਿਹਾ ਹੈ। ਇਨ੍ਹਾਂ ਨੂੰ ਬੀਜ ਮਾਤਾ ਦਾ ਨਾਮ ਦਿੱਤਾ ਗਿਆ ਹੈ।**



## ਪਿੱਠਭੂਮੀ

ਉੜੀਸਾ ਦਾ ਮਲਕਾਨਗਿਰੀ ਇਕ ਆਦੀਵਾਸੀ ਖੇਤਰ ਹੈ। ਇਥੋਂ ਦੇ ਲੋਕ ਮੁੱਖ ਤੌਰ 'ਤੇ ਖੇਤੀ ਕਰਕੇ ਜੀਵਨ ਬਤੀਤ ਕਰਦੇ ਹਨ। ਖੇਤੀਬਾੜੀ ਦੇ ਖੇਤਰ 'ਚ ਬਹੁਤ ਸਾਰੇ ਨਵੇਂ ਉਪਯੋਗਾਂ ਨੂੰ ਅਪਣਾਉਣ ਮਗਰੋਂ ਵੀ ਇਸ ਖੇਤਰ 'ਚ ਫ਼ਸਲ ਉਤਪਾਦਨ 'ਚ ਕੁਝ ਖ਼ਾਸ ਵਾਧਾ ਨਹੀਂ ਹੋ ਰਿਹਾ ਸੀ। ਸਥਾਨਕ ਕਿਸਮ ਦੀਆਂ ਫ਼ਸਲਾਂ ਲਗਾਤਾਰ ਪ੍ਰਭਾਵਿਤ ਹੋ ਰਹੀਆਂ ਸੀ। ਗ੍ਰਾਮ ਪੰਚਾਇਤ ਵੀ ਇਸ ਕਰਕੇ ਪਰੇਸ਼ਾਨ ਸੀ। ਉੜੀਸਾ ਨਾਮ ਦੀ ਗ਼ੈਰ ਸਰਕਾਰੀ ਸੰਸਥਾ (ਐੱਨਜੀਓ) ਨੇ ਕੰਧਮਾਲ ਜ਼ਿਲ੍ਹੇ ਦੇ ਮਲਕਾਨਗਿਰੀ ਪਿੰਡ ਦੇ ਲੋਕਾਂ ਦੀ ਇਸ ਮੁਸ਼ਕਿਲ ਨੂੰ ਦੂਰ ਕਰਨ ਦੀ ਜ਼ਿੰਮੇਵਾਰੀ ਲਈ। ਐੱਨਜੀਓ ਦੇ ਮਾਹਿਰਾਂ ਨੇ ਇਸ ਖੇਤਰ 'ਚ ਕਿਸਾਨਾਂ ਨੂੰ ਆਧੁਨਿਕ ਅਤੇ ਬਿਹਤਰ ਤਰੀਕਿਆਂ ਬਾਰੇ 'ਚ ਦੱਸਣਾ ਸ਼ੁਰੂ ਕੀਤਾ ਪਰ ਇਸ ਨਾਲ ਫ਼ਸਲ ਦੀ ਪੈਦਾਵਾਰ 'ਚ ਕੁਝ ਖ਼ਾਸ ਫ਼ਰਕ ਨਹੀਂ ਪਿਆ। ਆਧੁਨਿਕ ਅਤੇ ਬਿਹਤਰ ਤਕਨੀਕ ਬੇਅਸਰ ਦੇਖ ਕੇ ਉੜੀਸਾ ਦੇ ਮੈਂਬਰਾਂ ਨੇ ਫਿਰ ਇਥੋਂ ਦੇ ਕਬਾਇਲੀ ਬਜ਼ੁਰਗ ਕਿਸਾਨਾਂ ਤੋਂ ਸਲਾਹ ਲਈ। ਉਨ੍ਹਾਂ ਦੀ ਸਲਾਹ ਨਾਲ ਇਨ੍ਹਾਂ ਖੇਤਰਾਂ 'ਚ ਖੇਤੀਬਾੜੀ ਲਈ ਮੌਜੂਦ ਅਨੁਕੂਲ ਹਾਲਾਤਾਂ ਨੂੰ ਨਜ਼ਰ 'ਚ ਰੱਖ ਕੇ ਖੇਤੀ ਕਰਨੀ ਸ਼ੁਰੂ ਕੀਤੀ ਗਈ। ਰਵਾਇਤੀ ਤਰੀਕੇ ਅਤੇ ਫ਼ਸਲਾਂ ਦੇ ਉੱਤਮ ਅਤੇ ਦੇਸੀ ਕਿਸਮਾਂ ਚੰਗੇ ਨਤੀਜੇ ਦੇਣ ਲੱਗੀ। ਫਿਰ ਕੀ ਸੀ, ਬੀਜ ਦੀ ਚੋਣ ਅਤੇ ਸਹੇਜ ਕੇ ਰੱਖਣ ਦੀ ਪੁਸ਼ਤੈਨੀ ਬੇਸ਼ਕਿਸਮਤੀ ਗਿਆਨ ਦਾ ਵਿਸਥਾਰ ਸ਼ੁਰੂ ਹੋਇਆ। ਖੇਤੀ ਕਿਸਾਨੀ ਦੇ ਰਵਾਇਤੀ ਤਰੀਕਿਆਂ ਅਤੇ ਬੀਜ ਦੀਆਂ ਜਾਣਕਾਰ ਕਬਾਇਲੀ ਔਰਤਾਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਬੀਜ ਮਾਤਾ ਬਣਾਇਆ ਗਿਆ। ਬੀਜ ਮਾਤਾਵਾਂ ਨੇ ਬੀਜ ਦੀ ਚੋਣ ਦੇ ਤਰੀਕਿਆਂ ਦੀ ਜਾਣਕਾਰੀ ਦੇ ਨਾਲ-ਨਾਲ ਪਿੰਡ ਦੇ ਲੋਕਾਂ ਨੂੰ ਇਸ ਦੀ ਮਹੱਤਤਾ ਵੀ ਸਮਝਾਈ।

## ਸਾਬਤ ਹੋਇਆ ਮਹੱਤਵਪੂਰਨ ਕਦਮ

ਰਵਾਇਤੀ ਖੇਤੀ ਨਾਲ ਪੈਦਾਵਾਰ 'ਚ ਵਾਧਾ ਹੋਣ ਲੱਗਾ ਪਰ ਬੀਜ ਦੀ ਉਪਲੱਬਧਤਾ ਨੂੰ ਵਧਾਉਣ ਦੀ ਜ਼ਰੂਰਤ ਮਹਿਸੂਸ ਕੀਤੀ ਜਾ ਰਹੀ ਸੀ ਤਾਂਕਿ ਕਿਸਾਨ ਆਤਮਨਿਰਭਰ ਬਣ ਸਕਣ। ਇਸ ਲਈ ਕਬਾਇਲੀ ਔਰਤ ਕਿਸਾਨਾਂ ਦਾ ਰਵਾਇਤੀ ਗਿਆਨ ਕਾਰਗਰ ਸਾਬਤ ਹੋਇਆ। ਖੇਤੀ ਦੇ ਰਵਾਇਤੀ ਗਿਆਨ ਨਾਲ ਔਰਤ ਕਿਸਾਨਾਂ ਨੇ ਪਿੰਡ 'ਚ ਇਕ ਵੱਖਰੀ ਖੇਤੀਬਾੜੀ ਕ੍ਰਾਂਤੀ ਲਿਆ ਦਿੱਤੀ ਜੋ ਦੂਜੇ ਕਿਸਾਨਾਂ ਲਈ ਉਪਯੋਗੀ ਸਾਬਤ ਹੋਣ ਲੱਗੀ। ਇਸ ਲਈ ਉਹ ਬੀਜ ਮਾਤਾ ਬਣ ਕੇ ਇਸ ਦਿਸ਼ਾ 'ਚ ਲੋਕਾਂ ਨੂੰ ਜਾਗਰੂਕ ਕਰਨ ਲੱਗੀਆਂ। ਹੁਣ ਉਹ ਆਪਣੇ 'ਚ ਬੀਜ ਮਾਤਾ ਦੇ ਤੌਰ 'ਤੇ ਲੋਕਾਂ ਨੂੰ ਕਿਸਾਨੀ ਦੇ ਰਵਾਇਤੀ ਤਰੀਕਿਆਂ ਬਾਰੇ ਜਾਣਕਾਰੀ ਦਿੰਦੀਆਂ ਹਨ। ਇਹ ਪਿੰਡ ਆਪਣੇ-ਆਪ 'ਚ ਆਦਰਸ਼ ਮਾਡਲ ਬਣ ਚੁੱਕਾ ਹੈ।

## ਫ਼ਸਲ ਦੀ ਯੋਜਨਾ ਅਤੇ ਸੀਡ ਮੈਪਿੰਗ

ਬੀਜ ਸਾਂਭਣ ਦੀ ਦਿਸ਼ਾ 'ਚ ਉਸ ਖੇਤਰ 'ਚ ਮੌਜੂਦ ਫ਼ਸਲਾਂ ਦੀਆਂ ਕਿਸਮਾਂ ਦੀ ਜਾਣਕਾਰੀ ਦੇਣੀ ਵੀ ਅਹਿਮ ਗੱਲ ਹੈ। ਇਸ ਲਈ ਉਥੇ ਸੀਡ ਮੈਪਿੰਗ ਕਰਵਾਈ ਗਈ ਭਾਵ ਕਿਸ ਖੇਤਰ 'ਚ ਕਿਸ ਫ਼ਸਲ ਦੇ ਬੀਜ ਉਪਲੱਬਧ ਹਨ, ਇਸ ਬਾਰੇ ਜਾਣਕਾਰੀ ਇਕੱਠੀ ਕੀਤੀ ਗਈ। ਇਸ ਨਾਲ ਬੀਜ ਦੀਆਂ ਚੰਗੀਆਂ ਕਿਸਮਾਂ ਨੂੰ ਵਧਾਉਣ 'ਚ ਮਦਦ ਵੀ ਮਿਲੀ। ਇਸ ਦੇ ਨਾਲ ਕਮੀਆਂ ਬਾਰੇ ਵੀ ਪਤਾ ਲਗਾਇਆ ਜਾ ਸਕਿਆ ਅਤੇ ਉਸ ਦਿਸ਼ਾ 'ਚ ਕੰਮ ਕਰਨ ਲਈ ਯੋਜਨਾਵਾਂ ਵੀ ਬਣਾਈਆਂ ਗਈਆਂ।

## ਬੀਜ ਨੂੰ ਸਾਂਭਣਾ

ਫ਼ਸਲ ਲਗਾਉਣ ਦੀ ਯੋਜਨਾ ਬਣਾਉਣ ਤੋਂ ਪਹਿਲਾਂ ਉਸਦੇ ਬੀਜਾਂ ਦੀ ਉਪਲਬਧੀ ਜਾਣਨਾ ਬਹੁਤ ਜ਼ਰੂਰੀ ਹੈ ਪਰ ਬੀਜ ਦੀ ਉਪਲਬਧਤਾ ਨੂੰ ਯਕੀਨੀ ਬਣਾਉਣਾ ਸੌਖਾ ਕੰਮ ਨਹੀਂ ਹੈ। ਇਸ ਲਈ ਬੀਜਾਂ ਦਾ ਲੈਣ-ਦੇਣ ਕਰਨਾ ਵੀ ਇਕ

> ਦੀਨ ਦਿਆਲ ਅੰਤਿਯੋਦਯ ਯੋਜਨਾ - ਰਾਸ਼ਟਰੀ ਗ੍ਰਾਮੀਣ ਆਜੀਵਿਕਾ ਮਿਸ਼ਨ ਦੇ ਤਹਿਤ ਔਰਤ ਕਿਸਾਨ ਸਸ਼ਕਤੀਕਰਨ ਪਰਿਯੋਜਨਾ (ਐੱਮਕੇਐੱਸਪੀ) ਦੀ ਸ਼ੁਰੂਆਤ ਕੀਤੀ ਗਈ। ਔਰਤ ਕਿਸਾਨਾਂ ਦੀ ਆਜੀਵਿਕਾ ਨੂੰ ਯਕੀਨੀ ਕਰਨ ਦੇ ਉਦੇਸ਼ ਨੂੰ ਕੇਂਦਰ 'ਚ ਰੱਖ ਕੇ ਐੱਮਕੇਐੱਸਪੀ ਦੀ ਸ਼ੁਰੂਆਤ ਕੀਤੀ ਹੈ। ਇਸ ਯੋਜਨਾ ਨਾਲ ਖੇਤੀਬਾੜੀ ਪੈਦਾਵਾਰ ਵਧਾਉਣ ਦਾ ਟੀਚਾ ਪੂਰਾ ਕਰਨ 'ਚ ਮਦਦ ਮਿਲੇਗੀ।
>
> **ਸ਼੍ਰੀ ਅਮਰਜੀਤ ਸਿਨਹਾ**
>
> ਸਕੱਤਰ, ਗ੍ਰਾਮੀਣ ਵਿਕਾਸ ਮੰਤਰਾਲੇ ਅਤੇ ਪੰਚਾਇਤ ਰਾਜ ਮੰਤਰਾਲੇ



ਮਾਤਰ ਬਿਹਤਰ ਵਧੀਆ ਤਰੀਕਾ ਹੈ। ਇਸ ਬਾਰੇ 'ਚ ਲੋਕਾਂ ਨੂੰ ਪ੍ਰੇਰਿਤ ਕਰਨ ਦੇ ਕਦਮ ਲ'ਚ ਬੀਜ ਮਾਤਾਵਾਂ ਨੇ ਅਹਿਮ ਭੂਮਿਕਾ ਨਿਭਾਈ।

ਪਿੰਡ ਦੇ ਲੋਕ ਪਹਿਲਾਂ ਬੀਜ ਦੀ ਕਿਸਮ ਦੀ ਚੋਣ ਕਰਦੇ ਹਨ ਫਿਰ ਉਸ ਦਾ ਲੈਣ-ਦੇਣ ਦੂਜੀ ਫ਼ਸਲ ਦੇ ਬੀਜ ਨਾਲ ਕਰਨ ਦੀ ਯੋਜਨਾ ਤਿਆਰ ਕਰਦੇ ਹਨ। ਔਰਤ ਕਿਸਾਨਾਂ ਦੇ ਸਮੂਹ ਨੇ ਨਰਸਰੀ ਤਿਆਰ ਕੀਤੀ ਜਿਸ 'ਚ ਮੌਸਮੀ ਸਬਜ਼ੀਆਂ ਉਗਾਈਆਂ ਜਾਂਦੀਆਂ ਹਨ। ਇਸ ਨਾਲ ਕਈ ਕਿਸਮਾਂ ਦੇ ਬੀਜ ਵੀ ਤਿਆਰ ਹੋ ਜਾਂਦੇ ਹਨ। ਇਸ ਨਰਸਰੀ 'ਚ ਸਿਰਫ਼ ਉਨ੍ਹਾਂ ਰੁੱਖ-ਪੌਦਿਆਂ ਦਾ ਬੀਜ ਲਿਆ ਜਾਂਦਾ ਹੈ ਜੋ ਸਹੀ ਅਤੇ ਉੱਤਮ ਹੁੰਦੇ ਹਨ। ਉਨ੍ਹਾਂ ਰੁੱਖਾਂ ਦੀ ਮਾਰਕਿੰਗ ਕੀਤੀ ਜਾਂਦੀ ਹੈ ਤਾਂਕਿ ਉਨ੍ਹਾਂ ਵਧੀਆ ਤੇ ਚੰਗੇ ਰੁੱਖਾਂ ਦੀ ਕਿਸਮ ਦੇ ਬੀਜਾਂ ਨੂੰ ਇਕੱਠੇ ਕੀਤਾ ਜਾ ਸਕੇ। ਇਸ ਪ੍ਰਕਿਰਿਆ 'ਚ ਬੀਜ ਮਾਤਾ ਹਰ ਪੱਧਰ 'ਤੇ ਰੁੱਖਾਂ ਨੂੰ ਇੱਕਠੇ ਕਰਦੀ ਹੈ। ਚੰਗੇ ਤੇ ਸਿਹਤਮੰਦ ਬੀਜਾਂ ਲਈ ਬੀਜ ਮਾਤਾ ਹਰ ਪਹਿਲੂ ਨੂੰ ਪਰਖਦੀ ਹੈ। ਉਦਾਹਰਨ ਦੇ ਤੌਰ 'ਤੇ ਫ਼ਸਲ ਟਹਿਣੀਆਂ ਦੀ ਜਾਂਚ ਕਰਦੀ ਹੈ ਫਿਰ ਫੁੱਲ ਅਤੇ ਫਲ ਨੂੰ ਕੱਟਣ ਤਕ ਦੀ ਪ੍ਰਕਿਰਿਆ ਦਾ ਬਰੀਕੀ ਨਾਲ ਅਧਿਐਨ ਕਰਦੀ ਹੈ। ਰਵਾਇਤੀ ਗਿਆਨ ਦੇ ਆਪਸੀ ਲੈਣ-ਦੇਣ ਨਾਲ ਬੀਜ ਨੂੰ ਸਟੋਰ ਕਰਨ ਤੇ ਰੱਖ-ਰਖਾਅ ਦੀ ਦਿਸ਼ਾ 'ਚ ਬਦਲਾਅ ਆਇਆ ਹੈ।

## ਜਮੁਨਾ ਕਿਸਾਨੀ ਦੀ ਕਹਾਣੀ

ਮਲਕਾਨਗਿਰੀ ਪਿੰਡ ਦੀ ਜਮੁਨਾ ਕਿਸਾਨੀ ਇਸ ਬੀਜ ਮਾਤਾ ਹੈ। ਇਨ੍ਹਾਂ ਨੂੰ ਹੁਣ ਤਕ ਝੋਨੇ ਦੀਆਂ 61 ਕਿਸਮਾਂ ਨੂੰ ਆਪਣਿਆ ਹੈ ਅਤੇ ਦਾਲ, ਤਿਲਹਨ ਅਤੇ ਸਬਜ਼ੀਆਂ ਤੇ ਪਸ਼ੂਚਾਰਾ ਦੀਆਂ 123 ਕਿਸਮਾਂ ਦੇ ਬੀਜਾਂ ਨੂੰ ਇੱਕਠਾ ਕੀਤਾ ਹੈ। ਖੇਤੀਬਾੜੀ ਦੇ ਗਿਆਨ ਦਾ ਲੋਹਾ ਪਿੰਡ ਦੇ ਸਾਰੇ ਲੋਕ ਮੰਨਦੇ ਹਨ। ਉਹ ਖ਼ੁਦ ਵੀ ਮੰਨਦੀਆਂ ਹਨ ਕਿ ਜਦੋਂ ਉਨ੍ਹਾਂ ਕੋਲ ਖੇਤੀਬਾੜੀ ਦੇ ਰਵਾਇਤੀ ਤਰੀਕਿਆਂ ਦੀ ਜਾਣਕਾਰੀ ਹੈ ਤਾਂ ਫਿਰ ਕਿਉਂ ਨਾਂਹ ਉਹ ਇਸ ਦਾ ਲਾਭ ਉਠਾਉਣ। ਖ਼ਾਸ ਗੱਲ ਇਹ ਹੈ ਕਿ ਆਪਣੇ ਗਿਆਨ ਨਾਲ ਘੱਟ ਲਾਗਤ ਵਾਲੀ ਵਰਮੀ ਕੰਪੋਸਟ ਕੇਂਦਰ ਵੀ ਸਥਾਪਿਤ ਕੀਤਾ ਹੈ। ਇਸ ਕੇਂਦਰ 'ਚ ਉਹ ਕੀੜੇ ਮਾਰਨ ਵਾਲੀ ਸਸਤੀ ਦਵਾਈ ਬਣਾਉਂਦੇ ਹਨ। ਬੀਜ ਦੀਆਂ ਕਿਸਮਾਂ ਅਤੇ ਉਨ੍ਹਾਂ ਦੀ ਗੁਣਵੱਤਾ ਦੇ ਅਦਭੁੱਤ ਗਿਆਨ ਕਾਰਨ ਉਹ ਆਸ-ਪਾਸ ਦੇ ਪਿੰਡਾਂ 'ਚ ਵੀ ਮਸ਼ਹੂਰ ਹੈ। ਜਮੁਨਾ ਦੱਸਦੀ ਹੈ ਕਿ 'ਮੈਨੂੰ ਮਾਣ ਹੈ ਆਪਣੇ ਕਬਾਇਲੀ ਹੋਣ ਅਤੇ ਬੀਜ ਮਾਤਾ ਬਣਾਏ ਜਾਣ 'ਤੇ ਵੀ। ਬੀਜ ਦੇ ਗਿਆਨ ਕਾਰਨ ਮੈਨੂੰ ਨਵੀਂ ਪਛਾਣ ਮਿਲੀ ਅਤੇ ਹੁਣ ਸਨਮਾਨ ਵੀ ਮਿਲਣ ਲੱਗਾ ਹੈ।" ◆

## ਫੂਡ ਫੈਸਟੀਵਲ

**ਸਥਾਨਕ ਫ਼ਸਲਾਂ ਦੀਆਂ ਕਿਸਮਾਂ ਨੂੰ ਪ੍ਰਚਾਰਿਤ ਕਰਨ ਲਈ ਸਭ ਤੋਂ ਪ੍ਰਭਾਵੀ ਤਰੀਕਾ ਫੂਡ ਫੈਸਟੀਵਲ ਕਰਵਾਏ ਜਾਣੇ ਚੰਗਾ ਸਾਬਤ ਹੋ ਰਿਹਾ ਹੈ। ਬੀਜ ਮਾਤਾ ਪੇਂਡੂ ਪੱਧਰ 'ਤੇ ਫੂਡ ਫੈਸਟੀਵਲ ਕਰਵਾ ਰਹੀ ਹੈ। ਫੈਸਟੀਵਲ 'ਚ ਮੌਸਮੀ ਅਤੇ ਸਥਾਨਕ ਭੋਜਨਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਇਨ੍ਹਾਂ ਭੋਜਨਾਂ ਦੇ ਸਰੋਤ ਅਤੇ ਰਵਾਇਤੀ ਗੁਣਾਂ ਬਾਰੇ ਵੀ ਪੇਂਡੂ ਲੋਕਾਂ ਨੂੰ ਦੱਸਦੀ ਹੈ। ਇਸ ਪਹਿਲ 'ਚ ਚੰਗੇ ਪਰਿਣਾਮਾਂ 'ਤੇ ਇਕ ਨਜ਼ਰ :**

1) ਬੀਜ ਮਾਤਾ ਕਾਰਨ ਰਵਾਇਤੀ ਤਰੀਕਿਆਂ ਦੀ ਜਾਣਕਾਰੀ ਸਾਰੇ ਲੋਕਾਂ 'ਚ ਸਾਂਝਾ ਕਰਨੀ ਸੰਭਵ ਹੋ ਸਕਿਆ ਹੈ। ਖੇਤੀ ਦੇ ਰਵਾਇਤੀ ਪੁਰਾਣੇ ਤਰੀਕਿਆਂ ਨੂੰ ਅਪਣਾ ਕੇ ਕਿਸਾਨ ਚੰਗਾ ਮੁਨਾਫ਼ਾ ਲੈ ਰਹੇ ਹਨ।

2)ਸਥਾਨਕ ਕਿਸਮਾਂ ਦੇ ਬੀਜਾਂ ਦੀ ਸਟੋਰੇਜ ਨਾਲ ਬਾਜ਼ਾਰ 'ਤੇ ਨਿਰਭਰਤਾ ਬਹੁਤ ਘੱਟ ਗਈ ਹੈ। ਕਿਸਾਨ ਪੁਰਾਣੀਆਂ ਕਿਸਮਾਂ ਦੀ ਖੇਤੀ ਕਰ ਕੇ ਚੰਗਾ ਮੁਨਾਫ਼ਾ ਕਮਾ ਰਹੇ ਹਨ ਤੇ ਇਸ ਦੇ ਨਾਲ ਹੀ ਉਹ ਆਤਮ ਨਿਰਭਰ ਵੀ ਬਣ ਰਹੇ ਹਨ।

3)ਜਵਾਰ ਵਰਗੇ ਮੋਟੇ ਅਨਾਜ ਨਾਲ ਮਿਸ਼ਰਤ ਖੇਤੀ ਨੂੰ ਵਾਧਾ ਦੇਣ ਨਾਲ ਚੰਗੇ ਨਤੀਜੇ ਮਿਲ ਰਹੇ ਹਨ। ਮੌਸਮ ਦੇ ਸਹੀ ਰਹਿਣ 'ਤੇ ਵੀ ਇਸ ਤਰ੍ਹਾਂ ਦੀ ਖੇਤੀ ਦੇ ਨਤੀਜੇ ਵਧੀਆ ਰਹੇ ਕਿਉਂਕਿ ਵਾਤਾਵਰਨ'ਚ ਆਉਣ ਵਾਲੇ ਬਦਲਾਅ ਦਾ ਅਸਰ ਸਥਾਨਕ ਬੀਜਾਂ ਦੀਆਂ ਕਿਸਮਾਂ 'ਤੇ ਘੱਟ ਦੇਖਣ ਨੂੰ ਮਿਲਦਾ ਹੈ।

4)ਬੀਜ ਮਾਤਾ ਖੇਤੀਬਾੜੀ ਦੇ ਖੇਤਰ 'ਚ



ਸਮੂਹਕ ਵਿਕਾਸ ਦੀ ਵਾਹਕ ਬਣ ਚੁੱਕੀ ਹੈ ਕਿਉਂਕਿ ਇਸ ਦੀ ਵਜ੍ਹਾ ਨਾਲ ਪਿੰਡ 'ਚ ਕਿਸਾਨੀ ਦੇ ਰਵਾਇਤੀ ਤਰੀਕਿਆਂ ਨੂੰ ਪ੍ਰਚਾਰਿਤ ਕੀਤਾ ਜਾ ਸਕਿਆ। ਇਸ ਦੇ ਨਤੀਜੇ ਇਨ੍ਹਾਂ ਖੇਤਰਾਂ ਦੇ ਲਹਿ-ਲਹਾਉਂਦੇ ਖੇਤਾਂ ਦੇ ਰੂਪ 'ਚ ਦੇਖੇ ਦਾ ਸਕਦੇ ਹਨ।

# 500 ਔਰਤਾਂ ਨੇ ਮਿਲਾਇਆ ਹੱਥ, ਬਣਾਈ ਥੇਨਲਾ ਐਗਰੋ ਫਰਮਜ਼ ਪ੍ਰੋਡਿਊਸਰ ਕੰਪਨੀ ਲਿਮਟਿਡ

### ਝੋਨੇ ਦੀ ਖੇਤੀ ਕਰ ਕੇ ਔਰਤਾਂ ਖ਼ੁਦ ਹੋ ਰਹੀਆਂ ਹਨ ਆਤਮਨਿਰਭਰ, ਦੂਸਰਿਆਂ ਲਈ ਬਣੀਆਂ ਮਿਸਾਲ

ਕੇਰਲਾ ਦੇ ਮੱਲਾਪੁਰਮ ਜ਼ਿਲ੍ਹੇ 'ਚ ਪਿੰਡ ਥੇਨਲਾ ਨੂੰ ਝੋਨੇ ਦਾ ਕਟੋਰਾ ਕਹਿਣਾ ਗ਼ਲਤ ਨਹੀਂ ਹੋਵੇਗਾ। ਥੇਨਲਾ ਪਿੰਡ ਹੁਣ ਉੱਤਮ ਗੁਣਵੱਤਾ ਵਾਲੇ ਚੌਲਾਂ ਦੀ ਪੈਦਾਵਾਰ ਲਈ ਜਾਣਿਆ ਜਾਣ ਲੱਗਾ ਹੈ। ਪਿੰਡ 'ਚ ਬਦਲਾਅ ਦੀ ਲਹਿਰ ਦੀ ਸ਼ੁਰੂਆਤ ਥੇਨਲਾ ਐਗਰੋ ਫਰਮਜ਼ ਪ੍ਰੋਡਿਊਸਰ ਕੰਪਨੀ ਲਿਮਟਿਡ ਦੀ ਸਥਾਪਨਾ ਹੋਈ। ਇਹ ਕੰਪਨੀ 9 ਦਸੰਬਰ 2015 ਨੂੰ ਹੋਂਦ 'ਚ ਆਈ। ਮੱਲਾਪੁਰਮ ਜ਼ਿਲ੍ਹਾ ਸਥਿਤ ਥੇਨਲਾ ਗ੍ਰਾਮ ਪੰਚਾਇਤ ਦੀ ਇਹ ਕੰਪਨੀ ਦੇ ਸੰਯੁਕਤ ਦੇਯਤਾ ਸਮੂਹ (ਜੇਐੱਲਜੀ) ਅਤੇ ਨੇਬਰਹੁੱਡ ਗਰੁੱਪ ਵੱਲੋਂ ਸੰਚਾਲਿਤ ਹੈ। ਇਸ ਕੰਪਨੀ ਦੇ ਮੈਂਬਰ ਮੰਨਦੇ ਹਨ ਕਿ ਥੇਨਲਾ ਐਗਰੋ ਕੰਪਨੀ ਇਸ ਤਰ੍ਹਾਂ ਦਾ ਮੰਚ ਹੈ ਜਿਥੇ ਉਤਪਾਦਕ, ਕਿਸਾਨ, ਬਾਜ਼ਾਰ, ਪ੍ਰੋਫੈਸ਼ਨਲ ਸਾਰੇ ਇਕੱਠੇ ਕੰਮ ਕਰ ਰਹੇ ਹਨ ਜੋ ਭਾਈਚਾਰੇ ਦੀ ਬਿਹਤਰੀ ਨੂੰ ਯਕੀਨੀ ਕਰਦਾ ਹੈ।



## ਸਮੂਹ ਨਾਲ ਕੰਪਨੀ ਬਣਨ ਤਕ ਦਾ ਅਨੋਖਾ ਸਫ਼ਰ

ਥਨੇਲਾ ਰਾਈਸ ਦੀ ਸ਼ੁਰੂਆਤ ਕੇਰਲਾ ਰਾਜ ਪੇਂਡੂ ਆਜੀਵਿਕਾ ਮਿਸ਼ਨ ਦੇ ਤਹਿਤ ਕੁਦੁੰਬਸ਼ਰੀ ਸੰਯੁਕਤ ਦੇਯਤਾ ਸਮੂਹ ਦੀ ਪਹਿਲ ਨਾਲ ਹੋਈ। ਸ਼ੁਰੂਆਤੀ ਦੌਰ 'ਚ ਕੁਦੁੰਬਸ਼ਰੀ ਨੇ ਗਰਿਮਾ ਕਿਸਾਨ ਸਮੂਹ ਨੂੰ ਵਧਾ ਦਿੱਤਾ। ਇਸ ਦੇ ਮਕਸਦ ਸੀ ਝੋਨੇ ਦੀ ਪੈਦਾਵਾਰ ਤੇ ਉਸ ਦੀ ਖ਼ਰੀਦ ਨੂੰ ਉਤਸ਼ਾਹਤ ਕਰਨਾ ਅਤੇ ਚੌਲਾਂ ਨੂੰ ਪ੍ਰੋਸੈੱਸ ਕਰਕੇ ਉਸ ਨੂੰ ਬਾਜ਼ਾਰ 'ਚ ਸਹੀ ਮੁੱਲ 'ਤੇ ਵੇਚਣਾ। ਸਮੂਹ ਨੇ ਚੌਲਾਂ ਨੂੰ ਥਨੇਲਾ ਰਾਈਸ ਦੇ ਨਾਮ ਨਾਲ ਵੇਚਣਾ ਸ਼ੁਰੂ ਕੀਤਾ। ਚੌਲਾਂ ਦੀ ਮੰਗ ਤਾਂ ਵਧੀ ਪਰ ਕੰਪਨੀ ਮੁਨਾਫ਼ੇ ਤੋਂ ਕੋਹਾਂ ਦੂਰ ਸੀ ਕਿਉਂਕਿ ਇਸ ਦੀ ਬਰੈਂਡਿੰਗ ਨਹੀਂ ਹੋਈ ਸੀ। ਇਸ ਕਰਕੇ ਪਿੰਡ ਦੇ ਕਿਸਾਨਾਂ ਨੂੰ ਝੋਨੇ ਨੂੰ ਵਿਚੋਲਿਆਂ ਨੂੰ ਹੀ ਘੱਟ ਕੀਮਤ 'ਤੇ ਵੇਚਣਾ ਪੈ ਰਿਹਾ ਸੀ। ਇਸ ਕਰਕੇ ਦੇਯਤਾ ਸਮੂਹ ਦੇ ਮੈਂਬਰ ਅਤੇ ਕਿਸਾਨ ਵੀ ਬਹੁਤ ਪਰੇਸ਼ਾਨ ਸੀ।

ਪਿੰਡ ਦੇ ਲੋਕਾਂ ਦੀ ਪਰੇਸ਼ਾਨੀ ਨੂੰ ਦੇਖਦੇ ਹੋਏ ਪ੍ਰਦੇਸ਼ ਸਰਕਾਰ ਦੀ ਹਰਿਤ ਮੱਲਾਪੁਰਮ ਯੋਜਨਾ ਦੇ ਤਹਿਤ ਥਨੇਲਾ ਪੰਚਾਇਤ ਨੇ ਝੋਨੇ ਦੀ ਪੈਦਾਵਾਰ ਨੂੰ ਵਧਾਉਣ ਲਈ ਕੁਝ ਮਸ਼ੀਨਾਂ ਖ਼ਰੀਦੀਆਂ। ਇਨ੍ਹਾਂ ਮਸ਼ੀਨਾਂ ਨੂੰ ਸੰਯੁਕਤ ਦੇਯਤਾ ਸਮੂਹ ਨੂੰ ਸੌਂਪਿਆ ਗਿਆ। ਮੱਲਾਪੁਰਮ ਜ਼ਿਲ੍ਹਾ ਮਿਸ਼ਨ ਦੀ ਸਲਾਹ 'ਤੇ

ਪੰਚਾਇਤ ਨੇ ਨਵੀਂ ਮਸ਼ੀਨਰੀ ਦੀ ਵਰਤੋਂ ਝੋਨੇ ਦੀ ਪੈਦਾਵਾਰ ਨੂੰ ਵਧਾਉਣ ਲਈ ਸ਼ੁਰੂ ਕੀਤੀ।

ਇਸ ਮਿਸ਼ਨ 'ਚ ਕਿਸਾਨਾਂ ਨੂੰ ਬੀਜ ਖੇਤੀਬਾੜੀ ਭਵਨ ਨੇ ਉਪਲਬਧ ਕਰਵਾਏ। ਇਸ ਮਗਰੋਂ ਪੰਚਾਇਤ ਨੇ 10 ਲੱਖ ਲੋਕਾਂ ਦਾ ਇਕ ਸਮੂਹ ਬਣਾਇਆ ਅਤੇ ਉਨ੍ਹਾਂ ਲਈ 14 ਏਕੜ ਜ਼ਮੀਨ ਪੱਟੇ 'ਤੇ ਲੈ ਲਈ। ਉਤਸ਼ਾਹ ਦੇ ਨਾਲ ਇਸ ਪਹਿਲ ਦੀ ਸ਼ੁਰੂਆਤ ਹੋਈ ਪਰ ਖੇਤਾਂ 'ਚ ਜੋਕਾਂ ਦੀ ਸਮੱਸਿਆ ਦੇ ਕਾਰਨ ਕੁਝ ਕਿਸਾਨਾਂ ਨੇ ਕਦਮ ਪਿੱਛੇ ਖਿੱਚ ਲਏ ਤੇ ਸਮੂਹ ਛੱਡ ਦਿੱਤਾ। ਅਖੀਰ 'ਚ ਸਮੂਹ 'ਚ ਸਿਰਫ਼ ਚਾਰ ਮੈਂਬਰ ਹੀ ਬਚੇ ਜਿਨ੍ਹਾਂ ਨੇ ਖੇਤਾਂ 'ਚ ਕੰਮ ਜਾਰੀ ਰੱਖਿਆ। ਇਸ ਗਰੁੱਪ ਨੇ 14 ਏਕੜ ਜ਼ਮੀਨ 'ਤੇ ਝੋਨੇ ਦੀ ਖੇਤੀ ਕੀਤੀ। ਖੇਤਾਂ 'ਚ ਪੱਲਕੱਲ ਪਿੰਡ 'ਚ ਬੀਜੇ ਜਾਣ ਵਾਲੇ ਮੁੰਡਕਨ ਪ੍ਰਜਾਤੀ ਵਾਲੇ ਝੋਨੇ ਦੇ ਬੀਜ ਬੀਜੇ ਗਏ। ਸਮੂਹ ਨੂੰ ਇਸ ਕਦਮ ਨਾਲ ਲਾਭ ਹੋਇਆ। ਪੈਦਾਵਾਰ ਦੇ ਇਕ ਭਾਗ ਨੂੰ ਸਮੂਹ ਦੇ ਲੋਕਾਂ ਨੇ ਆਪਣੇ 'ਚ ਵੰਡ ਲਿਆ ਤੇ ਬਾਕੀ ਸਾਰੇ ਨੂੰ ਕਿਰਾਏ ਦੇ ਘਰ 'ਚ ਸੰਭਾਲ ਕੇ ਰੱਖਿਆ। ਸੰਭਾਲੇ ਗਏ ਇਸ ਝੋਨੇ ਨੂੰ ਸਪਲਾਇਰਾਂ ਨੂੰ ਵੇਚਿਆ ਗਿਆ। ਇਸ ਸੌਦੇ 'ਚ ਵੀ ਸਮੂਹ ਨੂੰ ਬਹੁਤ ਲਾਭ ਹੋਇਆ। ਫਿਰ ਕੀ ਸੀ ਸੰਯੁਕਤ ਦੇਯਤਾ ਸਮੂਹ ਨੇ ਫਿਰ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ।

ਯਾਸਮੀਨ ਅਰਿੰਬਾ ਕੰਪਨੀ ਦੀ ਪ੍ਰਧਾਨ ਹੈ। ਇਨ੍ਹਾਂ ਦੀ ਇੱਛਾ ਸ਼ਕਤੀ ਅਤੇ ਦ੍ਰਿੜ ਵਿਸ਼ਵਾਸ਼ ਨੇ ਕੰਪਨੀ ਨੂੰ ਉੱਚੇ ਮੁਕਾਮ 'ਤੇ ਆਇਆ ਖੜ੍ਹਾ ਕੀਤਾ। ਕੰਪਨੀ ਪਿੰਡ ਦੇ ਲੋਕਾਂ ਲਈ ਬਰਸਾਤੀ ਛੱਤਰੀ ਦੀ ਤਰ੍ਹਾਂ ਕੰਮ ਕਰਦੀ ਹੈ। ਯਾਸਮੀਨ ਨੇ ਪਿੰਡ ਦੀ ਦੂਜੀਆਂ ਔਰਤਾਂ ਨੂੰ ਕੰਪਨੀ ਦੇ ਨਾਲ ਜੋੜਿਆ, ਜੋ ਅਹਿਮ ਕਦਮ ਸਾਬਤ ਹੋਇਆ। ਕੰਪਨੀ ਦੇ ਸਫਲ ਮਾਡਲ ਨੇ ਦੂਜੇ ਸੰਯੁਕਤ ਦੇਯਤਾ ਸਮੂਹ (ਜੇਐੱਲਜੀ) ਨੂੰ ਵੀ ਝੋਨੇ ਦੀ ਖੇਤੀ ਕਰਨ ਲਈ ਪ੍ਰੇਰਿਤ ਕੀਤਾ। ਨਤੀਜੇ ਵਜੋਂ 236 ਏਕੜ ਜ਼ਮੀਨ 'ਤੇ ਝੋਨੇ ਦੀ ਖੇਤੀ ਹੋਣ ਲੱਗੀ। ਚੌਲ ਨੂੰ ਥੇਨਲਾ ਕੁਦੁੰਬਸ਼੍ਰੀ ਰਾਈਸ ਦੇ ਨਾਮ ਨਾਲ ਵੇਚੇ ਜਾਣ ਲੱਗੇ। ਪਿੰਡ ਦੇ 500 ਮੈਂਬਰਾਂ ਨੇ ਐਗਰੋ ਪ੍ਰੋਡਿਊਸਰ ਕੰਪਨੀ ਲਿਮਟਿਡ ਦਾ ਗਠਨ ਕੀਤਾ। ਕੰਪਨੀ ਨੇ ਕਿਸਾਨਾਂ ਤੋਂ ਝੋਨਾ ਖ਼ਰੀਦ ਕੇ ਉਸ ਨੂੰ ਪ੍ਰੋਸੈੱਸ ਕਰ ਕੇ ਚੌਲ ਲਾਭਦਾਇਕ ਰੇਟਾਂ 'ਤੇ ਵੇਚਣਾ ਸ਼ੁਰੂ ਕੀਤਾ। ਜ਼ਿਲ੍ਹੇ ਮਿਸ਼ਨ ਤੇ ਬੈਂਕਾਂ ਨੇ ਕੰਪਨੀ ਦੇ ਯਤਨਾਂ ਦੀ ਸ਼ਲਾਘਾ ਕੀਤੀ ਤੇ ਉਸ ਨੂੰ ਲੋਨ ਦੇਣ ਦੀ ਪੇਸ਼ਕਸ਼ ਦਿੱਤੀ। ਇਸ ਮਗਰੋਂ ਥੇਨਲਾ ਐਗਰੋ ਪ੍ਰੋਡਿਊਸਰ ਕੰਪਨੀ ਲਾਂਚ ਕੀਤੀ ਗਈ।

## ਬਿਜ਼ਨਸ ਮਾਡਲ

ਥੇਨਲਾ ਐਗਰੋ ਪ੍ਰੋਡਿਊਸਰ ਲਿਮਟਿਡ ਕੰਪਨੀ 'ਚ 500 ਮੈਂਬਰ ਹਨ। ਕੰਪਨੀ ਦਾ ਮੁੱਖ ਕੰਮ ਝੋਨੇ ਦੀ ਪੈਦਾਵਾਰ ਤੇ ਉਸ ਦੀ ਖ਼ਰੀਦ ਕਰਨਾ, ਝੋਨੇ ਤੋਂ ਚੌਲ ਤਿਆਰ ਕਰਨੇ, ਸਥਾਨਕ ਦੁਕਾਨਾਂ ਅਤੇ ਮੇਲਿਆਂ 'ਚ ਜੈਵਿਕ ਚੌਲਾਂ ਦੀ ਮਾਰਕਟਿੰਗ ਕਰਨਾ ਹੈ।

## ਝੋਨੇ ਦੀ ਪੈਦਾਵਾਰ ਅਤੇ ਉਸ ਦੀ ਖਰੀਦ

ਕੰਪਨੀ ਦੀਆਂ ਮੈਂਬਰਾਂ ਆਪਸੀ ਸਹਿਯੋਗ ਨਾਲ ਕੰਮ ਕਰਦੀਆਂ ਹਨ। ਮਜ਼ਦੂਰੀ 'ਤੇ ਖ਼ਰਚਾ ਘੱਟ ਕਰਨ ਲਈ ਔਰਤਾਂ ਦੂਸਰੇ ਮੈਂਬਰਾਂ ਨਾਲ ਖੇਤਾਂ 'ਚ ਝੋਨੇ ਦੀ ਬੀਜਾਈ 'ਚ ਮਦਦ ਕਰਦੀਆਂ ਹਨ। ਇਸ ਤੋਂ ਬਚਾਈ ਗਈ ਰਕਮ ਦੀ ਵਰਤੋਂ ਉਹ ਕਿਰਾਏ 'ਤੇ ਟਰੈਕਟਰ ਲੈਣਾ ਅਤੇ ਖੇਤਾਂ 'ਚ ਪਾਣੀ ਦੇਣ ਵਰਗੇ ਕੰਮਾਂ 'ਚ ਕਰਦੀਆਂ ਹਨ।

ਥੇਨਲਾ ਪ੍ਰੋਡਿਊਸਰ ਕੰਪਨੀ ਦੀ ਮੈਂਬਰ ਔਰਤਾਂ ਪੰਜ ਪਿੰਡਾਂ ਦੇ ਖੇਤਾਂ 'ਚ ਕੰਮ ਕਰਦੀਆਂ ਹਨ। ਇਸ 'ਚ ਮਰਾਕਾਦਪਮ, ਵਲਾਕੁਲਮ, ਪਾਦਮ, ਅਪਲਾ ਪਾਦਮ, ਪਾਲਕਮ ਪਾਦਮ, ਈਰਾਂਜੀ ਪਾਦਮ ਸ਼ਾਮਲ ਹਨ। ਇਨ੍ਹਾਂ ਖੇਤਾਂ 'ਚ ਉਮਾ, ਐਸ਼ਵਰਿਆ, ਸਿਓਨ, ਜੋਤੀ, ਪੋਨੀ ਅਤੇ ਜਵਾਰਾ ਵਰਗੀਆਂ ਛੇ ਕਿਸਮਾਂ ਦੀ ਝੋਨੇ ਦੀ ਬੀਜਾਈ ਕਰਦੀਆਂ ਹਨ। ਥੇਨਲਾ ਕੰਪਨੀ ਝੋਨੇ ਦੀ ਖੇਤੀ ਜੈਵਿਕ ਤਰੀਕੇ ਨਾਲ ਕਰਦੀ ਹੈ। ਖੇਤਾਂ 'ਚ ਵਰਮੀ ਕੰਪੋਸਟ ਅਤੇ ਜੈਵਿਕ ਖਾਦ ਦੀ ਵਰਤੋਂ ਕੀਤੀ ਜਾਂਦੀ ਹੈ ਤੇ ਕਿਸੇ ਵੀ ਤਰ੍ਹਾਂ ਦੇ ਰਸਾਇਣਕ ਪ੍ਰਦਾਰਥਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ। ਇਸ ਸਬੰਧ 'ਚ ਕੰਪਨੀ ਨੂੰ ਜੈਵਿਕ ਪੈਦਾਵਾਰ ਪ੍ਰਮਾਣ ਪੱਤਰ ਵੀ ਮਿਲਿਆ ਹੈ। ਕੰਪਨੀ ਪਿੰਡ ਦੇ ਹੋਰ ਸੰਯੁਕਤ ਦੇਯਤਾ ਸਮੂਹ (ਜੇਐੱਲਜੀ) ਨਾਲ ਝੋਨੇ ਦੀ ਖ਼ਰੀਦ ਵੀ ਕਰਦੀ ਹੈ, ਫਿਰ ਉਸ ਨੂੰ ਮਿੱਲ 'ਚ ਭੇਜਦੀ ਹੈ। ਚੌਲਾਂ ਨੂੰ ਪ੍ਰੋਸੈੱਸ ਕਰਨ ਤੋਂ ਲੈ ਕੇ ਉਸ ਨੂੰ ਚਮਕਾਉਣ ਅਤੇ ਛੱਟਣ ਦਾ ਕੰਮ ਵੀ ਆਪ ਕਰਦੀ ਹੈ। ਫਿਰ ਇਨ੍ਹਾਂ



ਚੌਲਾਂ ਨੂੰ 1, 5 ਅਤੇ 10 ਕਿਲੋਗ੍ਰਾਮ ਦੇ ਪੈਕਟ 'ਚ ਪੈਕ ਕਰਦੀਆਂ ਹਨ। ਇਸ ਦੇ ਇਲਾਵਾ ਥੇਨਲਾ ਰਾਈਸ ਤੇ ਹੋਰ ਉਤਪਾਦ ਜਿਵੇਂ ਰਾਈਸ ਫਲੈਕਸ, ਰਾਈਸ ਬ੍ਰਾਊਨ, ਪਾਇਸਮ ਰਾਈਸ ਅਤੇ ਟੂਟ ਦੀ ਵੀ ਵੱਖ-ਵੱਖ ਪੈਕਿੰਗ ਕੀਤੀ ਜਾਂਦੀ ਹੈ। ਮੌਜੂਦਾ ਸਮੇਂ 'ਚ ਥੇਨਲਾ ਰਾਈਸ ਦਾ ਇਕ ਕਿਲੋ ਦਾ ਪੈਕਟ 50 ਰੁਪਏ 'ਚ ਵੇਚਿਆ ਜਾ ਰਿਹਾ ਹੈ। ਚੌਲਾਂ ਅਤੇ ਉਸ ਦੇ ਉਤਪਾਦਾਂ ਦੀ ਕੀਮਤ ਕੰਪਨੀ ਦੇ ਬੋਰਡ ਆਫ ਡਾਇਰੈਕਟਰ ਤੈਅ ਕਰਦੇ ਹਨ।

## ਵਿੱਤੀ ਪ੍ਰਬੰਧਨ

ਐਗਰੋ ਕੰਪਨੀ ਦੀ ਸ਼ੁਰੂਆਤ 5 ਲੱਖ ਰੁਪਏ ਨਾਲ ਹੋਈ ਸੀ। ਪਿੰਡ ਦੇ 500 ਲੋਕਾਂ ਨੇ ਕੰਪਨੀ 'ਚ 1000-1000 ਰੁਪਏ ਦਾ ਨਿਵੇਸ਼ ਕੀਤਾ ਸੀ। ਇਸ ਦੇ ਨਾਲ ਨਾਬਾਰਡ ਨੇ 10 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਸੀ।

## ਮਾਰਕਟਿੰਗ, ਵਿੱਕਰੀ ਅਤੇ ਲਾਭਦਾਇਕ

ਥੇਨਲਾ ਪ੍ਰੋਡਿਊਸਰ ਕੰਪਨੀ ਆਪਣੇ ਉਤਪਾਦ ਨੂੰ ਸਥਾਨਕ ਦੁਕਾਨਾਂ 'ਤੇ ਵੇਚ ਰਹੀ ਹੈ। ਇਸ ਨਾਲ ਸਥਾਨਕ ਲੋਕਾਂ ਨੂੰ ਵੀ ਲਾਭਦਾਇਕ ਰੇਟਾਂ 'ਤੇ ਚੌਲ ਅਤੇ ਉਸ ਤੋਂ ਬਣੀਆਂ ਚੀਜ਼ਾਂ ਮਿਲ ਰਹੀਆਂ ਹਨ। ਥੇਨਲਾ ਦੇ ਚੌਲਾਂ ਨੂੰ ਸੂਬਾ ਸਰਕਾਰ ਦੀ ਕੁਦੁੰਬਸ਼੍ਰੀ ਵੀ ਸਰਕਾਰੀ ਯੋਜਨਾਵਾਂ ਲਈ ਖਰੀਦੀ ਹੈ। ਇਸ ਤੋਂ ਇਲਾਵਾ ਪ੍ਰਦੇਸ਼ 'ਚ ਹੀਲਿੰਗ ਸੈਂਟਰ ਅਤੇ ਆਯੂਰਵੇਦ ਕੇਂਦਰ, ਨੇਚੁਰੋਪੈਥੀ ਕੇਂਦਰ ਵੀ ਇਸ ਕੰਪਨੀ ਤੋਂ ਚੌਲ ਖਰੀਦੇ ਹਨ। ਕੰਪਨੀ ਨੇ ਕਈ ਜੈਵਿਕ ਸਟੋਰਾਂ ਦੇ ਨਾਲ ਕਰਾਰ ਵੀ ਕੀਤਾ ਹੈ। ਹੁਣ ਥਨੇਲਾ ਕੰਪਨੀ ਦੇ ਚੌਲਾਂ ਦੀ ਮੰਗ ਦੇਸ਼ ਦੇ ਬਾਹਰ

ਵੀ ਹੈ। ਥੇਨਲਾ ਕੰਪਨੀ ਦੀ ਕੁਲ ਵਿੱਕਰੀ 'ਚ 80 ਫ਼ੀਸਦੀ ਹਿੱਸੇਦਾਰੀ ਸਥਾਨਕ ਦੁਕਾਨਾਂ ਦੀ ਹੈ ਜਦਕਿ 20 ਫ਼ੀਸਦੀ ਥੋਕ ਬਾਜ਼ਾਰ 'ਚ ਜਾਂਦੀ ਹੈ।

## ਮੁੱਦੇ ਅਤੇ ਚੁਣੌਤੀਆਂ

ਥੇਨਲਾ ਐਗਰੋ ਫਾਰਮ ਪ੍ਰਡਿਯੂਸਰ ਕੰਪਨੀ ਲਿਮਟਿਡ ਦੀਆਂ ਚੁਣੌਤੀਆਂ ਵੀ ਘੱਟ ਨਹੀਂ ਹਨ। ਕੰਪਨੀ ਦੀ ਸਭ ਤੋਂ ਵੱਡੀ ਚੁਣੌਤੀ ਲਾਗਤ ਨੂੰ ਘੱਟ ਕਰਨ ਦੇ ਨਾਲ-ਨਾਲ ਮਾਰਕਟਿੰਗ ਰਣਨੀਤੀ ਨੂੰ ਮਜ਼ਬੂਤ ਕਰਨਾ ਹੈ। ਇਸ ਦੇ ਇਲਾਨਾ ਕੰਪਨੀ ਨਵੀਂ ਤਕਨੀਕ ਨੂੰ ਅਪਣਾਉਣ 'ਚ ਵੀ ਪਿੱਛੇ ਰਹਿ ਰਹੀ ਹੈ। ਪੈਕੇਜਿੰਗ ਅਤੇ ਉਸਦੀ ਬਰੈਂਡਿੰਗ ਪ੍ਰਣਾਲੀ ਨੂੰ ਹੋਰ ਵਧੀਆ ਕਰਨ ਦੀ ਲੋੜ ਹੈ। ਝੋਨੇ ਨੂੰ ਜਮ੍ਹਾਂ ਕਰ ਕੇ ਰੱਖਣ ਦੀ ਵਿਆਪਕ ਵਿਵਸਥਾ ਦੀ ਘਾਟ ਕੰਪਨੀ ਲਈ ਚਿੰਤਾ ਦਾ ਸਬੱਬ ਹੈ। ਮੌਜੂਦਾ ਸਮੇਂ 'ਚ ਕਿਰਾਏ ਦੇ ਗਡਾਊਨਾਂ 'ਚ ਚੌਲ ਦੇ ਪੈਕਟ ਰੱਖੇ ਜਾ ਰਹੇ ਹਨ। ਇਸ 'ਤੇ ਕੰਪਨੀ ਨੂੰ ਕਿਰਾਏ ਦੇ ਰੂਪ 'ਚ ਚੰਗੀ ਰਕਮ ਦੀ ਭੁਗਤਾਨ ਕਰਨਾ ਪੈਂਦਾ ਹੈ। ਸਭ ਤੋਂ ਅਹਿਮ ਗੱਲ ਹੈ ਕਿ ਕੰਪਨੀ 'ਚ ਬਿਹਤਰ ਪ੍ਰਬੰਧਕਾਂ ਦਾ ਨਾ ਹੋਣਾ ਹੈ ਇਸ ਕਾਰਨ ਕੰਪਨੀ ਨੂੰ ਨੁਕਸਾਨ ਵੀ ਚੁੱਕਣਾ ਪੈਂਦਾ ਹੈ। ਉਦਾਹਰਨ ਦੇ ਤੌਰ 'ਤੇ ਪਹਿਲਾਂ ਕੰਪਨੀ ਪਰਾਲੀ ਨੂੰ ਮਿੱਲ ਵਾਲਿਆਂ ਨੂੰ ਮੁਫ਼ਤ ਦੇ ਰਹੀ ਸੀ ਪਰ ਹੁਣ ਇਸ ਨਾਲ ਮਿੱਲ ਵਾਲਿਆਂ ਅਤੇ ਬਾਕੀ ਹੋਰ ਕਿਸਾਨਾਂ ਨੂੰ ਵੇਚ ਰਹੀ ਹੈ ਜਿਸ ਨਾਲ ਆਮਦਨ ਹੋਣ ਲੱਗੀ ਹੈ।

## ਚੰਗਾ ਪ੍ਰਬੰਧਨ

ਥੇਨਲਾ ਐਗਰੋ ਪ੍ਰੋਡਿਯੂਸਰ ਕੰਪਨੀ ਲਿਮਟਿਡ 'ਚ 126 ਸੰਯੁਕਤ ਦੇਯਤਾ ਸਮੂਹ (ਜੇਐੱਲਜੀ) ਹੈ। 10-15 ਜੇਐੱਲਜੀ ਦੇ ਇਕ ਕਲਸਟਰ 'ਤੇ ਇਕ ਪ੍ਰਧਾਨ ਅਤੇ ਇਕ ਸਕੱਤਰ ਬਣਾਇਆ ਜਾਂਦਾ ਹੈ। ਹਰ ਕਲਸਟਰ ਲਈ ਇਕ ਡਾਇਰੈਕਟਰ ਨਿਯੁਕਤ ਕੀਤਾ ਜਾਂਦਾ ਹੈ। ਪ੍ਰੋਡਿਯੂਸਰ ਕੰਪਨੀ 'ਚ 10 ਕਲਸਟਰ ਹਨ। ਡਾਇਰੈਕਟਰ ਦਾ ਕਾਰਜਕਾਲ ਤਿੰਨ ਸਾਲ ਦਾ ਹੁੰਦਾ ਹੈ। ਥੇਨਲਾ ਪ੍ਰੋਡਿਊਸਰ ਕੰਪਨੀ ਵੱਲੋਂ ਗਠਿਤ ਕਮੇਟੀ ਨਾਲ ਕੰਟਰੋਲ ਹੁੰਦਾ ਹੈ।



## ਸਮਰੱਥਾ ਨਿਰਮਾਣ ਅਤੇ ਟ੍ਰੇਨਿੰਗ

ਕੰਪਨੀ ਦੀਆਂ ਔਰਤ ਮੈਂਬਰਾਂ ਦੀ ਟ੍ਰੇਨਿੰਗ 'ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਔਰਤ ਕਿਸਾਨ ਸਸ਼ਕਤੀਕਰਨ ਪਰਿਯੋਜਨਾ ਤਹਿਤ ਕੁਦੁੰਬਸ਼ਰੀ ਨੇ ਇਨ੍ਹਾਂ ਔਰਤਾਂ ਨੂੰ ਟ੍ਰੇਨਿੰਗ ਦਿੱਤੀ। ਇਸ ਤੋਂ ਮਾਰਕੀਟਿੰਗ ਸਕਿਲ, ਉਤਪਾਦਨ ਦੇ ਤਰੀਕੇ, ਬਰੈਂਡਿੰਗ, ਗੁਣਵੱਤਾ ਦੀ ਜਾਂਚ ਵਰਗੇ ਬਹੁਤ ਸਾਰੇ ਮੁੱਦਿਆਂ ਨੂੰ ਸ਼ਾਮਲ ਕੀਤਾ ਗਿਆ। ਹਰ ਰੋਜ਼ ਨਵੀਂ ਤਕਨੀਕ ਆਉਣ ਨਾਲ ਟ੍ਰੇਨਿੰਗ ਦੀ ਗੁੰਜਾਇਸ਼ ਹਮੇਸ਼ਾ ਹੀ ਬਣੀ ਰਹਿੰਦੀ ਹੈ। ਕੰਪਨੀ ਦੇ ਅਧਿਕਾਰੀ ਨੂੰ ਪ੍ਰਬੰਧਾਂ ਦੀ ਟ੍ਰੇਨਿੰਗ ਵੀ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਦੀ ਟ੍ਰੇਨਿੰਗ ਦੇ ਕੰਮ ਅੱਗੇ ਵੀ ਜਾਰੀ ਰੱਖਣ ਲਈ ਸਮੂਹ ਇੱਛਕ ਹੈ।

## ਭਵਿੱਖ ਦੀ ਯੋਜਨਾ

ਆਉਣ ਵਾਲੇ ਦਿਨਾਂ 'ਚ ਕੰਪਨੀ ਥੇਨਲਾ ਪਿੰਡ 'ਚ ਬੀਜ ਬੈਂਕ ਬਣਾਉਣ ਦੀ ਯੋਜਨਾ ਬਣਾ ਰਹੀ ਹੈ। ਇਸ ਨਾਲ ਸਥਾਨਕ ਕਿਸਮਾਂ ਦੇ ਝੋਨੇ ਦੇ ਬੀਜ ਰੱਖਣ ਦੇ ਵਿਚਾਰ ਹਨ। ਇਸ ਨਾਲ ਕਿਸਾਨਾਂ ਨੂੰ ਝੋਨੇ ਦੀ ਗੁਣਵੱਤਾ ਬਣਾਈ ਰੱਖਣ 'ਚ ਮਦਦ ਮਿਲੇਗੀ। ਇਸ ਦੇ ਇਲਾਵਾ ਕੰਪਨੀ ਕੇਲੇ ਅਤੇ ਚੌਲ ਨਾਲ ਬਣੇ ਬੱਚਿਆਂ ਦੇ ਖਾਣ ਦੇ ਉਤਪਾਦਾਂ ਨੂੰ ਵੇਚਣ ਦੀ ਯੋਜਨਾ ਬਣਾ ਰਹੀ ਹੈ।

## ਉਲਝਣਾਂ

ਥੇਨੱਲਾ ਪ੍ਰੋਡਿਊਸਰ ਕੰਪਨੀ 500 ਪਰਿਵਾਰਾਂ ਨੂੰ ਰੁਜ਼ਗਾਰ ਦੇ ਰਹੀ ਹੈ। ਇਨ੍ਹਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਦੀ ਦਿਸ਼ਾ ਵਿਚ ਕੰਮ ਕਰ ਰਹੀ ਹੈ। ਕੰਪਨੀ ਦੇ ਲੋਕ ਚਾਹੁੰਦੇ ਹਨ ਕਿ ਉਹ ਆਪਣੀ ਸਟੋਰੇਜ, ਪੈਕੇਜਿੰਗ ਯੂਨਿਟ, ਪ੍ਰੋਸੈਸਿੰਗ ਯੂਨਿਟ ਲਗਾਉਣ। ਇਸ ਸਭ ਕੁਝ ਲਈ ਕੰਪਨੀ ਨੂੰ ਆਰਥਿਕ ਸਹਾਇਤਾ ਦੀ ਲੋੜ ਹੈ। ਕੰਪਨੀ ਦੀ ਆਮਦਨ ਨੂੰ ਵਧਾਉਣ ਲਈ ਮੈਨੇਜਮੈਂਟ ਵਿਚ ਸੁਧਾਰ ਲਿਆਉਣਾ ਜ਼ਰੂਰੀ ਹੈ ਜਿਸ ਲਈ ਪ੍ਰਬੰਧਨ ਮਾਹਰਾਂ ਨੂੰ ਸ਼ਾਮਿਲ ਕਰਨ ਦੀ ਲੋੜ ਹੈ। ◆

## ਸਵੱਛ ਭਾਰਤ ਅਭਿਆਨ

ਮਹਾਤਮਾ ਗਾਂਧੀ ਨੇ ਹਮੇਸ਼ਾ ਪਿੰਡਾਂ ਦੇ ਮਹੱਤਵ 'ਤੇ ਜ਼ੋਰ ਦਿੱਤਾ ਅਤੇ 'ਗ੍ਰਾਮ ਸਵਰਾਜ' ਬਾਰੇ ਗੱਲ ਕੀਤੀ। ਪਿੰਡਾਂ ਵਿਚ ਤਬਦੀਲੀ ਨਾਲ ਭਾਰਤ ਦੀ ਤਬਦੀਲੀ ਯਕੀਨੀ ਹੋਵੇਗੀ।

ਪ੍ਰਧਾਨ ਮੰਤਰੀ ਆਵਾਸ ਯੋਜਨਾ-ਗ੍ਰਾਮ

ਦੀਨਦਿਆਲ ਅੰਤਦੋਯ ਯੋਜਨਾ ਰਾਸ਼ਟਰੀ ਗ੍ਰਾਮੀਣ ਆਜੀਵਕਾ ਮਿਸ਼ਨ

ਗ੍ਰਾਮੀਣ ਵਿਕਾਸ ਯੋਜਨਾ

ਭਾਰਤ ਦੇ ਪੰਚਾਇਤ ਵਿਚ ਤਬਦੀਲੀ ਕਰਨ ਵਾਲਾ - ਆਂਧਰ ਪ੍ਰਦੇਸ਼

ਇਕ ਐੱਸਐੱਚਜੀ ਆਗੂ ਦੀ ਸਫ਼ਲਤਾ ਦੀ ਕਹਾਣੀ

ਸਦਭਾਵਨਾ ਦੀ ਰਾਹ - ਮਹਾਰਾਸ਼ਟਰ

ਅਬਰਸਿੰਘ ਪੰਚਾਇਤ, ਉੜੀਸ਼ਾ- ਸ਼ਕਤੀ ਵਿਚ ਏਕਤਾ

ਇਕ ਬੀ-ਟੈੱਕ ਇੰਜੀਨੀਅਰ ਦੀ ਸਫ਼ਲਤਾ ਦੀ ਕਹਾਣੀ - ਰਾਜਸਥਾਨ



ਸਾਂਸਦ ਆਦਰਸ਼ ਗ੍ਰਾਮ ਯੋਜਨਾ।

# ਗੁਲਾਬੀ ਹੋਈ ਜੋੜੰਦਾ ਝਰੀਆ ਪਿੰਡ ਦੇ ਲੋਕਾਂ ਦੀ ਜ਼ਿੰਦਗੀ

**ਸਾਲ 2014 ਵਿਚ ਛੱਤੀਸਗੜ੍ਹ ਤੋਂ ਰਾਜਸਭਾ ਸਾਂਸਦ ਨੰਦ ਕੁਮਾਰ ਸਾਈਂ ਨੇ ਸਾਂਸਦ ਆਦਰਸ਼ ਗ੍ਰਾਮ ਯੋਜਨਾ ਦੇ ਤਹਿਤ ਜੋੜੰਦਾ ਪਿੰਡ ਨੂੰ ਗੋਦ ਲਿਆ। ਤਿੰਨ ਸਾਲ ਪਹਿਲਾਂ ਜੋ ਵਿਕਾਸ ਕਾਰਜ ਸ਼ੁਰੂ ਕੀਤੇ ਗਏ ਉਸ ਦਾ ਅਸਰ ਜ਼ਮੀਨ 'ਤੇ ਦਿਸਣ ਲੱਗਾ ਹੈ।**

ਛੱਤੀਸਗੜ੍ਹ ਤੇ ਓਡੀਸ਼ਾ ਸੂਬੇ ਦੀ ਸਰਹੱਦ 'ਤੇ ਵਸੇ ਦੋ ਪਿੰਡਾਂ ਨਾਲ ਮਿਲ ਕੇ ਬਣਿਆ ਜੋੜੰਦਾ ਝਰੀਆ ਅੱਜ ਆਦਰਸ਼ ਪਿੰਡ ਦੇ ਰੂਪ ਵਿਚ ਲੋਕਾਂ ਦੇ ਸਾਹਮਣੇ ਹੈ। ਕਦੇ ਅਤਿ ਪਿਛੜਿਆ ਖੇਤਰ ਕਿਹਾ ਜਾਣ ਵਾਲਾ ਜੋੜੰਦਾ ਪਿੰਡ ਦੇ ਲੋਕਾਂ ਦੀ ਜ਼ਿੰਦਗੀ ਵੀ ਗੁਲਾਬੀ ਰੰਗ ਵਿਚ ਰੰਗੀ ਗਈ ਹੈ। ਸਮੂਹਕ ਕੋਸ਼ਿਸ਼ਾਂ ਨਾਲ ਪਿੰਡ ਵਿਚ 100 ਫ਼ੀਸਦੀ ਸਾਖਰਤਾ ਦਰ ਹੈ। ਪੋਸ਼ਣ ਦੇ ਮਾਮਲੇ ਵਿਚ ਵੀ ਇਹ ਪਿੰਡ ਸਭ ਤੋਂ ਅੱਗੇ ਹੈ। ਨਸ਼ਾ ਮੁਕਤ ਤੇ ਖੁੱਲ੍ਹੇ ਵਿਚ ਸ਼ੌਚ ਮੁਕਤ ਐਲਾਨਿਆ ਗਿਆ ਇਹ ਪਿੰਡ ਹੁਣ ਦੂਜਿਆਂ ਲਈ ਮਿਸਾਲ ਬਣ ਚੁੱਕਾ ਹੈ।

ਸਾਲ 2014 ਵਿਚ ਛੱਤੀਸਗੜ੍ਹ ਤੋਂ ਰਾਜਸਭਾ ਸਾਂਸਦ ਨੰਦ ਕੁਮਾਰ ਸਾਈਂ ਨੇ ਸਾਂਸਦ ਆਦਰਸ਼ ਗ੍ਰਾਮ ਯੋਜਨਾ ਤਹਿਤ ਜੋੜੰਦਾ ਪਿੰਡ ਗੋਦ ਲਿਆ। ਤਿੰਨ ਸਾਲ ਪਹਿਲਾਂ ਜੋ ਵਿਕਾਸ ਕਾਰਜ ਸ਼ੁਰੂ ਕੀਤੇ ਗਏ ਉਸ ਦਾ ਅਸਰ ਹਕੀਕਤ ਵਿਚ ਦਿਸਣ ਲੱਗਾ ਹੈ। ਪਿੰਡ ਦੇ ਸਰਬਪੱਖੀ ਵਿਕਾਸ ਲਈ ਤਿਆਰ ਯੋਜਨਾਵਾਂ ਦੀ ਨਿਗਰਾਨੀ ਖ਼ੁਦ ਸਾਂਸਦ ਨੰਦ ਕੁਮਾਰ ਸਾਈਂ ਨੇ ਕੀਤੀ ਇੱਥੇ ਹਰ ਘਰ ਵਿਚ ਸ਼ੌਚਾਲਯ ਬਣਵਾਏ ਗਏ ਅਤੇ ਉਨ੍ਹਾਂ ਨੂੰ ਗੁਲਾਬੀ ਰੰਗ ਵਿਚ ਰੰਗਿਆ। ਜੋੜੰਦਾ ਪਿੰਡ ਦੀਆਂ ਦਰ-ਓ-ਦੀਵਾਰਾਂ 'ਤੇ ਹੋਏ ਗੁਲਾਬੀ ਰੰਗ ਵਿਕਾਸ ਦੀ ਕਹਾਣੀ ਕਹਿ ਰਹੇ ਹਨ। ਉੱਥੇ ਹੀ, ਵਿਕਾਸ ਦੀਆਂ ਸੰਚਾਲਕਾਂ ਦੇ ਰੂਪ ਵਿਚ ਔਰਤਾਂ ਦਾ ਮਹੱਤਵਪੂਰਨ ਯੋਗਦਾਨ ਹੈ। ਖ਼ੁਸ਼ਹਾਲੀ ਦਾ ਪ੍ਰਤੀਕ ਬਣੇ ਗੁਲਾਬੀ ਰੰਗ ਦੀ ਸਾੜ੍ਹੀ ਪਹਿਨੀ ਔਰਤਾਂ ਸਵੱਛਤਾ ਦੇ ਗਿਆਨ ਨੂੰ ਜਨ-ਜਨ ਤਕ ਪਹੁੰਚਾਉਣ ਦੇ ਕੰਮ ਵਿਚ ਜੁੱਟੀਆਂ ਹੋਈਆਂ ਹਨ। ਪਿੰਡ ਨੂੰ ਸਿਹਤਮੰਦ, ਸਵੱਛ ਬਣਾਉਣ ਦਾ ਇਹ ਮਾਡਲ ਹੋਣ ਜਨ ਅੰਦੋਲਨ ਦਾ ਰੂਪ ਧਾਰਨ ਕਰ ਚੁੱਕਾ ਹੈ।

## ਕਿਹੋ ਜਿਹਾ ਤੇ ਕਿੱਥੇ ਹੈ ਜੋੜੰਦਾ ਪਿੰਡ?

ਜਸ਼ਪੁਰ ਜ਼ਿਲ੍ਹਾ ਹੈੱਡਕੁਆਰਟਰ ਤੋਂ 107 ਕਿਲੋਮੀਟਰ ਦੂਰ ਸਥਿਤ ਪਿੰਡ ਦੀ ਆਬਾਦੀ ਕਰੀਬ 1451 ਹੈ ਅਤੇ ਇੱਥੇ 285 ਪਰਿਵਾਰ ਰਹਿੰਦੇ ਹਨ। ਕਿਉਂਕਿ ਜੋੜੰਦਾ ਪਿੰਡ ਸ਼ੈਡਿਊਲ ਪੰਜ ਦੇ ਤਹਿਤ ਆਉਂਦਾ ਹੈ, ਇੱਥੇ ਪੇਸਾ 1996 ਕਾਨੂੰਨ ਲਾਗੂ ਹੈ। ਇਸ ਕਾਨੂੰਨ ਨਾਲ ਗ੍ਰਾਮ ਸਭਾ ਨੂੰ ਵਿਸ਼ੇਸ਼ ਅਧਿਕਾਰ ਪ੍ਰਾਪਤ ਹੈ ਕਿ ਉਹ ਆਪਣੇ ਭਾਈਚਾਰੇ ਦੀ ਪ੍ਰਥਾ, ਧਾਰਮਿਕ ਤੇ ਪਰੰਪਰਾਗਤ ਰੀਤਾਂ ਨੂੰ ਬਣਾਈ ਰੱਖਣ ਲਈ ਕਦਮ ਉਠਾ ਸਕਦੀ ਹੈ ਅਤੇ ਆਪਣੇ ਝਗੜਿਆਂ ਦੇ ਨਿਬੇੜੇ ਲਈ ਫ਼ੈਸਲਾ ਖ਼ੁਦ ਲੈ ਸਕਦੀ ਹੈ।

## ਸੂਬੇ ਦਾ ਪਹਿਲਾ ਖੁੱਲ੍ਹੇ 'ਚ ਸ਼ੌਚਮੁਕਤ ਅਤੇ ਨਸ਼ਾਮੁਕਤ ਪਿੰਡ

ਵਿਕਾਸ ਕਾਰਜਾਂ ਦੀ ਸਮੁੱਚੀ ਨਿਗਰਾਨੀ ਲਈ ਮਾਨਯੋਗ ਸਾਂਸਦ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਇਸ ਪਿੰਡ ਦਾ ਬਾਕਾਇਦਾ ਦੌਰਾ ਕੀਤਾ। ਪੇਂਡੂ ਵਿਕਾਸ ਪ੍ਰੋਗਰਾਮ (ਵੀਡੀਪੀ) ਦੇ ਤਹਿਤ ਸ਼ੁਰੂ ਕੀਤੇ ਗਏ ਪ੍ਰੋਗਰਾਮ ਸਮੇਂ ਸਿਰ ਪੂਰੇ ਕੀਤੇ ਗਏ। ਪੇਂਡੂ ਵਿਕਾਸ ਵਿਚ ਪੇਂਡੂ ਜ਼ਿੰਦਗੀ ਵਿਚ ਇਸ ਦਾ ਅਸਰ ਵੀ ਦਿਖਾਈ ਦੇਣ ਲੱਗਾ। ਤਿੰਨ ਸਾਲਾ ਵਿਚ ਜੋੜੰਦਾ ਪਿੰਡ ਖੁੱਲ੍ਹੇ ਵਿਚ ਸ਼ੌਚਮੁਕਤ ਅਤੇ ਨਸ਼ਾਮੁਕਤ ਹੋ ਗਿਆ ਹੈ। ਦੇਸ਼ ਦੇ ਆਜ਼ਾਦੀ ਦਿਵਸ ਯਾਨੀ ਕਿ 15 ਅਗਸਤ ਦੇ ਮੌਕੇ 'ਤੇ ਜੋੜੰਦਾ ਪਿੰਡ ਦੇ ਲੋਕਾਂ ਨੇ 15-15 ਪਿੰਡਾਂ ਨੂੰ ਜਾਗਰੂਕ ਕਰਨ ਦਾ ਬੀੜਾ ਚੁੱਕਿਆ ਹੈ। ਇਸ ਪੰਚਾਇਤ ਨੂੰ ਇਸ ਸਲਾਹੁਣਯੋਗ ਕਦਮ ਲਈ ਸਨਮਾਨਿਤ ਕੀਤਾ ਜਾ ਚੁੱਕਾ ਹੈ।

# ਗ੍ਰਾਮੀਣ ਵਿਕਾਸ ਮੰਤਰਾਲਾ ਦੀ ਪਹਿਲ 'ਐਪ' ਨਾਲ ਪੇਂਡੂਆਂ ਨੂੰ ਨਿਆਂ

**ਕੇਂਦਰ ਸਰਕਾਰ ਦੇ ਵਿਕਾਸ ਕਾਰਜਾਂ ਵਿਚ ਪਾਰਦਰਸ਼ਿਤਾ ਅਤੇ ਬੇਰੁਜ਼ਗਾਰਾਂ ਨੂੰ ਰੋਜ਼ਗਾਰ ਦੇਣ ਦੇ ਫ਼ੈਸਲੇ 'ਤੇ ਪੇਂਡੂ ਵਿਕਾਸ ਮੰਤਰਾਲਾ ਨੇ ਸੂਚਨਾ ਅਤੇ ਸੰਪੂਰਨ ਤਕਨੀਕ ਦੇ ਰਾਹੀਂ ਨਾਲ ਅਜਿਹੇ ਮੋਬਾਈਲ ਐਪ ਲਾਂਚ ਕੀਤੇ ਹਨ, ਜਿਨ੍ਹਾਂ ਦੇ ਰਾਹੀਂ ਪੇਂਡੂ ਜਨਤਾ ਜਾਗਰੂਕ ਹੀ ਨਹੀਂ ਹੋਈ ਸਗੋਂ ਸਰਕਾਰੀ ਯੋਜਨਾਵਾਂ ਦਾ ਉਨ੍ਹਾਂ ਨੂੰ ਸਿੱਧਾ ਲਾਭ ਮਿਲ ਰਿਹਾ ਹੈ।**

ਗ੍ਰਾਮੀਣ ਵਿਕਾਸ ਮੰਤਰਾਲਾ ਵੱਲੋਂ ਲਾਂਚ ਕੀਤੇ ਗਏ ਐਪ ਨੇ ਪੇਂਡੂਆਂ ਲਈ ਨਿਆਂ ਪ੍ਰਾਪਤ ਕਰਨ ਦੀ ਆਸ ਪੈਦਾ ਕੀਤੀ ਹੈ। ਇੰਨਾ ਹੀ ਨਹੀਂ ਯੋਜਨਾਵਾਂ ਨੂੰ ਲੈ ਕੇ ਜਨਤਾ ਵੱਲੋਂ ਕੀਤੀਆਂ ਗਈਆਂ ਸ਼ਿਕਾਇਤਾਂ ਨੂੰ ਹੁਣ ਅਫਸਰ ਨਜ਼ਰਅੰਦਾਜ਼ ਨਹੀਂ ਕਰ ਸਕਦੇ ਤੇ ਨਾ ਹੀ ਸਬੰਧਿਤ ਫਾਈਲਾਂ ਲਟਕਾ ਸਕਦੇ ਹਨ। ਇਕ ਨਿਸ਼ਚਿਤ ਮਿਆਦ ਵਿਚ ਉਨ੍ਹਾਂ ਨੂੰ ਪੇਂਡੂਆਂ ਦੀਆਂ ਸ਼ਿਕਾਇਤਾਂ ਦੂਰ ਕਰਨੀਆਂ ਪੈ ਰਹੀਆਂ ਹਨ ਕਿਉਂਕਿ ਸ਼ਿਕਾਇਤਾਂ ਦਾ ਨਿਪਟਰਾ ਨਾ ਹੋਣ 'ਤੇ ਸਬੰਧਿਤ ਫਾਈਲਾਂ ਖ਼ੁਦ ਹੀ ਆਨਲਾਈਨ ਸੀਨੀਅਰ ਅਧਿਕਾਰੀਆਂ ਕੋਲ ਪਹੁੰਚ ਜਾਂਦੀਆਂ ਹਨ। ਜਨਮਨਰੇਗਾ, ਆਵਾਸ, ਮੇਰੀ ਸੜਕ, ਗ੍ਰਾਮ ਸੰਵਾਦ ਮੋਬਾਈਲ, ਕੌਸ਼ਲ ਰਜਿਸਟ੍ਰੇਸ਼ਨ-ਸਕਿੱਲ ਰਜਿਸਟਰ ਐਪ ਜਨਤਾ ਵਿਚ ਚਰਚਾ ਦਾ ਵਿਸ਼ਾ ਬਣੇ ਹਨ।

## ਜਨਮਨਰੇਗਾ




ਕੇਂਦਰ ਸਰਕਾਰ ਦੀ ਅਹਿਮ ਯੋਜਨਾ ਮਨਰੇਗਾ (ਮਹਾਤਮਾ ਗਾਂਧੀ ਰੋਜ਼ਗਾਰ ਗਰੰਟੀ ਯੋਜਨਾ) ਨੂੰ 'ਜਨਮਨਰੇਗਾ' ਐਪ ਪਾਰਦਰਸ਼ੀ ਬਣਾ ਰਿਹਾ ਹੈ। ਇਸ ਐਪ ਨੂੰ ਮੋਬਾਈਲ ਵਿਚ ਡਾਊਨਲੋਡ ਕਰਕੇ ਤੁਸੀਂ ਵੀ ਆਪਣੀ ਗ੍ਰਾਮ ਪੰਚਾਇਤ ਵਿਚ ਚੱਲ ਰਹੇ ਵਿਕਾਸ ਕਾਰਜਾਂ ਦੀ ਨਿਗਰਾਨੀ ਰੱਖ ਸਕਦੇ ਹੋ।

ਇਸ ਐਪ 'ਤੇ ਕਲਿਕ ਕਰਦਿਆਂ ਹੀ ਜੀਪੀਐੱਸ ਚਾਲੂ ਹੋ ਜਾਵੇਗਾ ਅਤੇ ਜਿਸ ਇਲਾਕੇ ਵਿਚ ਤੁਸੀਂ ਖੜ੍ਹੇ ਹੋ, ਉਸ ਇਲਾਕੇ ਵਿਚ ਮਨਰੇਗਾ ਦੇ ਤਹਿਤ ਇਕ ਕਿਲੋਮੀਟਰ ਦੇ ਦਾਇਰੇ ਵਿਚ ਕੀਤੇ ਜਾ ਰਹੇ ਸਾਰੇ ਵਿਕਾਸ ਕਾਰਜਾਂ ਦਾ ਡਾਟਾ ਤੁਹਾਡੇ ਮੋਬਾਈਲ 'ਤੇ ਫੋਟੋ ਸਮੇਤ ਦਿਖਾਈ ਦੇਣ ਲੱਗੇਗਾ। ਇਸ ਨਾਲ ਭ੍ਰਿਸ਼ਟਾਚਾਰ ਨੂੰ ਨੱਥ ਪਵੇਗੀ, ਵਿਕਾਸ ਕਾਰਜਾਂ ਦੀ ਗੁਣਵੱਤਾ ਵੀ ਯਕੀਨੀ ਹੋ ਸਕੇਗੀ। ਪੇਂਡੂਆਂ ਨੂੰ ਹੁਣ ਮਨਰੇਗਾ ਵੱਲੋਂ ਕਰਵਾਏ ਗਏ ਕਾਰਜਾਂ ਦੀ ਜਾਣਕਾਰੀ ਲੈਣ ਲਈ ਦਫ਼ਤਰਾਂ ਦੇ ਗੇੜੇ ਕੱਢਣ ਦੀ ਲੋੜ ਨਹੀਂ ਰਹੀ। ਇਸ ਐਪ ਨੂੰ ਤੁਸੀਂ ਵੀ ਆਪਣੇ ਐਂਡਰਾਇਡ ਮੋਬਾਈਲ 'ਤੇ ਡਾਊਨਲੋਡ ਕਰ ਸਕਦੇ ਹੋ। ਇਸ ਲਈ ਗੂਗਲ ਪਲੇਅ ਸਟੋਰ 'ਤੇ ਜਾ ਕੇ ਹਿੰਦੀ ਵਿਚ 'ਜਨਮਨਰੇਗਾ' ਐਪ ਲਿਖ ਕੇ ਐਪ ਡਾਊਨਲੋਡ ਕਰ ਸਕਦੇ ਹੋ। ਇਸ ਤੋਂ ਪਿੱਛੋਂ ਇਹ ਐਪ ਸੇਵਾਵਾਂ ਦੇਣ ਲੱਗੇਗੀ।

## ਆਵਾਸ ਐਪ




ਆਪਣਾ ਘਰ ਹੋਣਾ ਗ਼ਰੀਬਾਂ ਲਈ ਦੂਰ ਦਾ ਸੁਪਨਾ ਹੁੰਦਾ ਸੀ ਪਰ ਹੁਣ ਨਹੀਂ, ਕੇਂਦਰ ਸਰਕਾਰ ਨੂੰ ਗ਼ਰੀਬਾਂ ਦੀ ਇਸ ਲੋੜ ਨੂੰ ਸਮਝਿਆ ਅਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਦੀ ਸ਼ੁਰੂਆਤ ਕੀਤੀ। ਇਸ ਨੂੰ ਪਾਰਦਰਸ਼ੀ ਬਣਾਉਣ ਲਈ ਆਵਾਸ ਮੋਬਾਈਲ ਐਪ ਬਾਖ਼ੂਬੀ ਕਾਰਜ ਕਰ ਰਿਹਾ ਹੈ।

**ਐਪ ਨੂੰ ਇੰਝ ਕਰੋ ਡਾਊਨਲੋਡ** : ਪੇਂਡੂਆਂ ਨੂੰ ਧਿਆਨ ਵਿਚ ਰੱਖ ਕੇ ਬਣਾਏ ਗਏ ਇਸ ਮੋਬਾਈਲ ਐਪ ਦਾ ਲਾਭ ਪੇਂਡੂ ਚੁੱਕ ਰਹੇ ਹਨ। ਇਸ ਐਪ ਦੀ ਮਦਦ ਨਾਲ ਗ੍ਰਾਮੀਣ ਖੇਤਰ ਵਿਚ ਰਹਿਣ ਵਾਲੇ ਲੋਕ ਆਪਣੇ ਸਮਾਰਟ ਫੋਨ ਦੀ ਸਹਾਇਤਾ ਨਾਲ ਐਪ ਵਿਚ ਆਪਣਾ ਲੌਗਿਨ ਕ੍ਰਿਏਟ ਕਰ ਸਕਦੇ ਹਨ।

ਇਸ ਐਪ ਨੂੰ ਆਵਾਸ ਦਾ ਨਾਂ ਦਿੱਤਾ

ਗਿਆ ਹੈ ਜੋ ਮੁਫ਼ਤ ਵਿਚ ਗੂਗਲ ਦੇ ਪਲੇਅ ਸਟੋਰ ’ਚੋਂ ਡਾਊਨਲੋਡ ਕਰਨ ਤੋਂ ਬਾਅਦ ਮੋਬਾਈਲ ਨੰਬਰ ਦੀ ਸਹਾਇਤਾ ਨਾਲ ਇਸ ਵਿਚ ਲੌਗਿਨ ਕੀਤਾ ਜਾ ਸਕਦਾ ਹੈ। ਲੌਗਿਨ ਕ੍ਰਿਏਟ ਕਰਨ ਤੋਂ ਬਾਅਦ ਇਹ ਐਪ ਤੁਹਾਡੇ ਮੋਬਾਈਲ ਨੰਬਰ ’ਤੇ ਇਕ ਵਨ ਟਾਈਮ ਪਾਸਵਰਡ ਭੇਜਦਾ ਹੈ। ਇਸ ਦੀ ਮਦਦ ਨਾਲ ਲੌਗਿਨ ਕਰਨ ਤੋਂ ਬਾਅਦ ਜ਼ਰੂਰੀ ਜਾਣਕਾਰੀਆਂ ਭਰ ਕੇ ਸਬਮਿਟ ਕਰਨ ਨਾਲ ਪ੍ਰਧਾਨ ਮੰਤਰੀ ਆਵਾਸ ਯੋਜਨਾ ਦਾ ਲਾਭ ਉਠਾਉਣ ਵਾਲੇ ਆਪਣੇ ਮਕਾਨ ਦੇ ਵੱਖ-ਵੱਖ ਪੜਾਵਾਂ ਦੀ ਫੋਟੋ ਵੀ ਇਸੇ ਦੀ ਮਦਦ ਨਾਲ ਅਪਲੋਡ ਕਰ ਸਕਦਾ ਹੈ, ਨਾਲ ਹੀ ਉਹ ਆਪਣੇ ਮਕਾਨ ਦੇ ਨਿਰਮਾਣ ਦੇ ਦੌਰਾਨ ਮਿਲਣ ਵਾਲੀਆਂ ਕਿਸ਼ਤਾਂ ਨੂੰ ਵੀ ਆਨਲਾਈਨ ਦੇਖ ਸਕਦਾ ਹੈ ਅਤੇ ਇਸ ਦੀ ਮਦਦ ਨਾਲ ਇਸ ਯੋਜਨਾ ਦੀ ਮੌਨੀਟਰਿੰਗ ਕਰਨ ਵਾਲੇ ਅਧਿਕਾਰੀਆਂ ਤਕ ਵੀ ਆਪਣੀ ਗੱਲ ਆਸਾਨੀ ਨਾਲ ਪਹੁੰਚਾ ਸਕਦਾ ਹੈ।




## ਮੇਰੀ ਸੜਕ




ਦੇਸ਼ ਵਿਚ ਵੱਧ ਗਿਣਤੀ ਬਹੁਤੀਆਂ ਥਾਵਾਂ ’ਤੇ ਸੜਕਾਂ ਦੀ ਹਾਲਤ ਖ਼ਰਾਬ ਰਹਿਣਾ ਇਕ ਆਮ ਸਮੱਸਿਆ ਹੈ। ਮੇਰੀ ਸੜਕ ਐਪਲੀਕੇਸ਼ਨ ਇਕ ਐਂਡਰੌਇਡ ਐਪ ਹੈ ਜੋ ਤੁਸੀਂ ਆਪਣੇ ਮੋਬਾਈਲ ਫੋਨ ’ਤੇ ਇੰਸਟਾਲ ਕਰ ਸਕਦੇ ਹੋ। ਇਹ ਐਪ ਪੋਸਟ ਬਾਕਸ ਵਰਗਾ ਕਾਰਜ ਕਰਦਾ ਹੈ। ਇਸ ਨੂੰ ਸ਼ਿਕਾਇਤ ਬਾਕਸ ਵੀ ਕਹਿ ਸਕਦੇ ਹਾਂ। ਇਸ ਐਪ ਦੇ ਰਾਹੀਂ ਤੁਸੀ ਟੁੱਟੀਆਂ-ਫੁੱਟੀਆਂ ਸੜਕਾਂ, ਸੜਕ ਬਣਾਉਣ ਵਿਚ ਘਟੀਆ ਸਮੱਗਰੀ ਦੇ ਕੀਤੇ ਜਾ ਰਹੇ ਪ੍ਰਯੋਗ ਦੀ ਸ਼ਿਕਾਇਤ ਕਰ ਸਕਦੇ ਹੋ। ਸਰਕਾਰ ਤੁਰੰਤ ਕਾਰਵਾਈ ਕਰੇਗੀ। ਇਸ ਵਿਚ ਉਹ ਸਾਰੀਆਂ ਸੜਕਾਂ ਸ਼ਾਮਿਲ ਹਨ ਜੋ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੇ ਤਹਿਤ ਬਣੀਆਂ ਹਨ। ਸ਼ਿਕਾਇਤਕਰਤਾ ਫੀਡਬੈਕ ਕਾਲਮ ਵਿਚ ਸੜਕ ਦੀਆਂ ਤਸਵੀਰਾਂ ਭੇਜ ਸਕਦਾ ਹੈ। ਭੇਜੀ ਗਈ ਸ਼ਿਕਾਇਤ ’ਤੇ ਕੀ ਐਕਸ਼ਨ ਲਿਆ ਗਿਆ ਇਹ ਵੀ ਦੇਖਿਆ ਜਾ ਸਕਦਾ ਹੈ।




## ਕੌਸ਼ਲ ਪੰਜੀ-ਸਕਿੱਲ ਰਜਿਸਟਰ

ਗ੍ਰਾਮੀਣ ਵਿਕਾਸ ਮੰਤਰਾਲਾ ਵੱਲੋਂ ਸੰਚਾਲਤ ਪੰਡਤ ਦੀਨਦਿਆਲ ਉਪਾਧਿਆਏ ਗ੍ਰਾਮੀਣ ਕੌਸ਼ਲ ਯੋਜਨਾ (ਡੀਡੀਯੂਜੀਕੇਵਾਈ) ਦੇ ਤਹਿਤ ਸਰਕਾਰੀ ਐਪ ‘ਕੌਸ਼ਲ ਪੰਜੀ’ ਰਾਹੀਂ ਬੇਰੁਜ਼ਗਾਰ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਨੂੰ ਟ੍ਰੇਨਿੰਗ ਮਿਲੇਗੀ ਅਤੇ ਰੁਜ਼ਗਾਰ ਪ੍ਰਾਪਤ ਹੋਣਗੇ। 15 ਤੋਂ 45 ਸਾਲ ਉਮਰ ਵਰਗ ਨੂੰ ਇਹ ਸਹੂਲਤ ਮੁਹੱਈਆ ਹੈ। ਲਾਹਾ ਲੈਣ ਵਾਲੇ ਖ਼ੁਦ ਆਪਣੇ ਮੋਬਾਈਲ ਵਿਚ ਐਪ ਡਾਊਨਲੋਡ ਕਰਕੇ ਮੁਫ਼ਤ ਵਿਚ ਰਜਿਸਟ੍ਰੇਸ਼ਨ ਕਰ ਸਕਦੇ ਹਨ। ◆

**Can be downloaded from**

GET IT ON Google Play

Download on the App Store



## ਗ੍ਰਾਮ ਸੰਵਾਦ ਮੋਬਾਈਲ ਐਪ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਟੀਚਾ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਪੇਂਡੂ ਡਿਜੀਟਲ ਇੰਡੀਆ ਨਾਲ ਜੁੜਨ ਅਤੇ ਸਮਰੱਥ ਹੋਣ ਜਿਸ ਨਾਲ ਵਿਕਾਸ ਕਾਰਜਾਂ ਦੀ ਸਮਰੱਥਾ ਦੀ ਪਾਰਦਰਸ਼ਤਾ ਸ਼ੀਸ਼ੇ ਵਾਂਗ ਸਾਫ਼-ਸੁਥਰੀ ਦਿਸੇ। ਇਸ ਉਦੇਸ਼ ਦੀ ਪੂਰਤੀ ਗ੍ਰਾਮ ਸੰਵਾਦ ਮੋਬਾਈਲ ਐਪ ਕਰ ਰਿਹਾ ਹੈ। ਇਸ ਐਪ ਰਾਹੀਂ ਗ੍ਰਾਮੀਣ ਵਿਕਾਸ ਯੋਜਨਾਵਾਂ ਦੀ ਜਾਣਕਾਰੀ ਹਾਸਿਲ ਕਰ ਸਕਦੇ ਹਨ ਅਤੇ ਵਿਕਾਸ ਪ੍ਰੋਗਰਾਮਾਂ ਦੀ ਪ੍ਰਗਤੀ ’ਤੇ ਸਰਕਾਰ ਨਾਲ ਸਿੱਧੇ ਸੰਵਾਦ ਕਰ ਸਕਦੇ ਹਨ।

## ਦੀਨ ਦਿਆਲ ਉਪਾਧਿਆਏ ਗ੍ਰਾਮੀਣ ਯੋਜਨਾ (ਡੀਡੀਯੂ-ਜੀਕੇਵਾਈ)

# ਸਫ਼ਲ ਔਰਤਾਂ ਦੀਆਂ ਪ੍ਰੇਰਣਾਦਾਇਕ ਕਹਾਣੀਆਂ

## ਟ੍ਰੇਨਰ ਬਣ ਕੇ ਦੂਜੀਆਂ ਔਰਤਾਂ ਨੂੰ ਵੀ ਸਮਰੱਥ ਬਣਾਉਣ ਦਾ ਹੈ ਸੁਪਨਾ - ਸੋਨੂੰ ਮੰਧਾਰੇ

ਸੋਨੂੰ ਮੰਧਾਰੇ ਨਾਗਪੁਰ ਦੇ ਕੋਲਾਰ ਪਿੰਡ ਦੀ ਹੈ। ਉਸ ਦਾ ਪਰਿਵਾਰ ਬਹੁਤ ਗ਼ਰੀਬ ਹੈ। ਬਾਰ੍ਹਵੀਂ ਤੋਂ ਬਾਅਦ ਘਰ ਦੀ ਖ਼ਰਾਬ ਮਾਲੀ ਹਾਲਤ ਕਾਰਨ ਉਸ ਨੂੰ ਆਪਣੀ ਪੜ੍ਹਾਈ ਛੱਡਣੀ ਪਈ। ਪੰਜ ਜੀਆਂ ਦੇ ਪਰਿਵਾਰ ਵਿਚ ਸਿਰਫ਼ ਸੋਨੂੰ ਦੇ ਪਿਤਾ ਹੀ ਕਮਾਉਣ ਵਾਲੇ ਸਨ। ਸੋਨੂੰ ਦੇ ਪਿਤਾ ਮੱਛੀ ਫਾਰਮ ਵਿਚ ਦਿਹਾੜੀ ਕਰਦੇ ਸਨ ਜਿਸ ਨਾਲ ਉਨ੍ਹਾਂ ਨੂੰ ਮਹੀਨੇ ਵਿਚ ਸਿਰਫ਼ 3500 ਰੁਪਏ ਦੀ ਹੀ ਕਮਾਈ ਹੁੰਦੀ ਸੀ।

ਧਤਰੀ ਫਾਊਂਡੇਸ਼ਨ ਨਾਲ ਡੀਡੀਯੂ-ਜੀਕੇਵਾਈ ਪ੍ਰੋਗਰਾਮ ਦੇ ਤਹਿਤ ਟ੍ਰੇਨਿੰਗ ਲੈਣ ਤੋਂ ਬਾਅਦ ਸੋਨੂੰ ਨੂੰ ਹੈਦਰਾਬਾਦ ਦੇ ਮੇਗਮ ਕਸਟਮਰ ਡਾਇਲਾਗ ਸਾਲਿਊਸ਼ਨ ਵਿਚ



ਨੌਕਰੀ ਮਿਲੀ। ਸ਼ੁਰੂਆਤ ਵਿਚ ਉਸ ਦੀ ਤਨਖਾਹ 7800 ਰੁਪਏ ਮਹੀਨਾ ਸੀ। ਪਰ ਬਾਅਦ ਵਿਚ ਕੰਮ ਦੇ ਪ੍ਰਤੀ ਉਸ ਦੀ ਲਗਨ, ਮਿਹਨਤ ਤੇ ਗੱਲਬਾਤ ਦੇ ਕੌਸ਼ਲ ਨੂੰ ਦੇਖਦੇ ਹੋਏ, ਜਲਦੀ ਹੀ ਉਸ ਦੀ ਤਨਖਾਹ ਵਧਾ ਕੇ 10 ਹਜ਼ਾਰ ਰੁਪਏ ਮਹੀਨਾ ਕਰ ਦਿੱਤੀ ਗਈ। ਇਸ ਤੋਂ ਇਲਾਵਾ ਉਸ ਨੂੰ ਸੇਲ ਇੰਸੈਂਟਿਵ ਮਿਲਣ ਤੋਂ ਬਾਅਦ ਸੈਲਰੀ 15 ਤੋਂ 22 ਹਜ਼ਾਰ ਤਕ ਪਹੁੰਚ ਜਾਂਦੀ ਹੈ।

ਹੁਣ ਸੋਨੂੰ ਰੋਜ਼ਾਨਾ ਦੀਆਂ ਜ਼ਰੂਰਤਾਂ ਲਈ ਆਪਣੇ ਪਰਿਵਾਰ ਦੀ ਮਦਦ ਕਰ ਰਹੀ ਹੈ ਤੇ ਆਪਣੀ ਪੜ੍ਹਾਈ ਲਈ ਪੈਸੇ ਜਮ੍ਹਾਂ ਕਰ ਰਹੀ ਹੈ। ਸੋਨੂੰ ਦਾ ਸੁਪਨਾ ਡੀਡੀਯੂ-ਜੀਕੇਵਾਈ ਵਿਚ ਟ੍ਰੇਨਰ ਬਣਨ ਦਾ ਹੈ ਤਾਂਕਿ ਉਹ ਆਪਣੇ ਵਰਗੇ ਗ਼ਰੀਬ ਜ਼ਰੂਰਤਮੰਦ ਨੌਜਵਾਨਾਂ ਦੀ ਮਦਦ ਕਰ ਸਕੇ।

## ਡੀਡੀਯੂ-ਜੀਕੇਵਾਈ ਦੇ ਤਹਿਤ ਰੇਵਤੀ ਨੇ ਲਈ ਟ੍ਰੇਨਿੰਗ, ਕੱਪੜਿਆਂ ਦੀ ਆਨਲਾਈਨ ਮਾਰਕਟਿੰਗ ਦਾ ਕੰਮ ਕੀਤਾ ਸ਼ੁਰੂ, ਕਮਾ ਰਹੀ ਹੈ 20 ਹਜ਼ਾਰ ਰੁਪਏ ਪ੍ਰਤੀ ਮਹੀਨਾ

ਮੱਧ ਪ੍ਰਦੇਸ਼ ਦੇ ਜੈਤਪੁਰ ਵਿਚ ਰਹਿਣ ਵਾਲੀ ਰੇਵਤੀ ਬਹੁਤ ਹੀ ਗ਼ਰੀਬ ਪਰਿਵਾਰ ਵਿਚੋਂ ਹੈ। 9 ਭੈਣਾਂ ਦੇ ਨਾਲ ਇਨ੍ਹਾਂ ਦਾ ਪਰਿਵਾਰ ਬਹੁਤ ਵੱਡਾ ਹੈ ਤੇ ਪਿਤਾ ਦੀ ਕਮਾਈ ਬਹੁਤ ਘੱਟ ਹੈ। ਰੇਵਤੀ ਦੇ ਪਿਤਾ ਕਿਸਾਨ ਹਨ ਅਤੇ ਉਨ੍ਹਾਂ ਦੀ ਆਮਦਨ ਸਾਲਾਨਾ 35000 ਰੁਪਏ ਤੋਂ ਵੀ ਘੱਟ ਹੈ। ਅਜਿਹੇ ਵਿਚ ਇੰਨੇ ਵੱਡੇ ਪਰਿਵਾਰ ਦਾ ਪਾਲਣ-ਪੋਸ਼ਣ ਕਾਰਨ ਵਿਚ ਉਨ੍ਹਾਂ ਨੂੰ ਬਹੁਤ ਔਖ ਹੋ ਰਹੀ ਸੀ।

ਇਸੇ ਕਾਰਨ ਰੇਵਤੀ ਆਪਣੀ ਬਾਰ੍ਹਵੀਂ ਦੀ ਪੜ੍ਹਾਈ ਪੂਰੀ ਨਾ ਕਰ ਸਕੀ। ਆਪਣੇ ਪਿਤਾ ਦੀ ਸਹਾਇਤਾ ਲਈ ਰੇਵਤੀ ਨੇ ਨੌਕਰੀ ਲੱਭਣੀ ਸ਼ੁਰੂ ਕੀਤੀ ਪਰ ਕਿਸੇ ਵੀ ਤਰ੍ਹਾਂ ਦਾ ਹੁਨਰ ਅਤੇ ਟ੍ਰੇਨਿੰਗ ਨਾ ਹੋਣ ਕਾਰਨ ਉਸ ਨੂੰ ਕਿਤੇ ਨੌਕਰੀ ਨਹੀਂ ਮਿਲ ਰਹੀ ਸੀ। ਤਦ ਦੀਨ ਦਿਆਲ ਉਪਾਧਿਆਏ ਗ੍ਰਾਮੀਣ ਕੌਸ਼ਲ ਯੋਜਨਾ (ਡੀਡੀਯੂ-ਜੀਕੇਵਾਈ) ਦੇ ਤਹਿਤ




ਖਾਧ ਪਦਾਰਥਾਂ ਵਿਚ ਮਿਲੀ ਟ੍ਰੇਨਿੰਗ ਨੇ ਰੇਵਤੀ ਨੂੰ ਆਪਣੀ ਮਨਪਸੰਦ ਨੌਕਰੀ ਦਿਵਾਉਣ ਵਿਚ ਮਦਦ ਕੀਤੀ। ਰੇਵਤੀ ਨੂੰ ਅਹਿਮਦਾਬਾਦ ਦੇ ਘਾਇਲਾ ਸਥਿਤ ਜਪਾਨ ਦੀ ਯਾਜ਼ਕੀ ਕੰਪਨੀ ਵਿਚ 7000 ਰੁਪਏ ਦੀ ਨੌਕਰੀ ਮਿਲ ਗਈ। ਚੰਗੇ ਕੰਮ ਦੇ ਕਾਰਨ ਕੁਝ ਦਿਨਾਂ ਬਾਅਦ ਰੇਵਤੀ ਦੀ ਤਰੱਕੀ ਵੀ ਹੋ ਗਈ ਅਤੇ ਉਸ ਦੀ ਤਨਖਾਹ ਵੱਧ ਕੇ 10,000 ਰੁਪਏ ਮਹੀਨਾ ਹੋ ਗਈ। ਰੇਵਤੀ ਨੇ ਆਪਣੀ ਨੌਕਰੀ ਦੇ ਨਾਲ-ਨਾਲ ਉਨ੍ਹਾਂ ਸਥਾਨਕ ਲੜਕੀਆਂ ਜੋ ਉਸ ਵਾਂਗ ਵੱਡੇ ਸ਼ਹਿਰ ਵਿਚ ਨੌਕਰੀ ਕਰਨਾ ਚਾਹੁੰਦੀਆਂ ਹਨ, ਉਨ੍ਹਾਂ ਦਾ ਮਾਰਗ ਦਰਸ਼ਨ ਕਰਨਾ ਵੀ ਸ਼ੁਰੂ ਕਰ ਦਿੱਤਾ। ਆਪਣੇ ਮਾਤਾ-ਪਿਤਾ ਅਤੇ ਭੈਣਾਂ ਦੀ ਮਦਦ ਕਰਨ ਲਈ ਉਹ ਵਾਪਸ ਇੰਦੌਰ ਆ ਗਈ। ਇੱਥੇ ਹੁਣ ਉਹ ਇੰਦੌਰ ਦੀ ਫ਼ੈਸ਼ਨ ਇੰਡਸਟਰੀ ਵਿਚ ਸੇਲ ਦਾ ਆਪਣਾ ਕਾਰੋਬਾਰ ਕਰਨ ਦੇ ਨਾਲ-ਨਾਲ ਆਨਲਾਈਨ ਮਾਰਕੀਟਿੰਗ ਰਾਹੀਂ ਗਾਰਮੈਂਟ ਬਿਜ਼ਨਸ ਨੂੰ ਉਤਸ਼ਾਹਿਤ ਕਰ ਰਹੀ ਹੈ।

ਮੌਜੂਦਾ ਸਮੇਂ ਵਿਚ ਰੇਵਤੀ ਹਰ ਮਹੀਨੇ 20,000 ਰੁਪਏ ਕਮਾ ਰਹੀ ਹੈ ਅਤੇ ਇਕ ਬਿਹਤਰ ਜ਼ਿੰਦਗੀ ਜਿਉਣ ਲਈ ਆਪਣੇ ਮਾਤਾ-ਪਿਤਾ ਦੀ ਸਹਾਇਤਾ ਕਰ ਰਹੀ ਹੈ।



**ਕੁਮਾਰੀ ਉਮਾ ਭਾਰਤੀ**
**ਕੈਬਨਿਟ ਮੰਤਰੀ,**
ਪੀਣਯੋਗ ਪਾਣੀ ਤੇ ਸਵੱਛਤਾ
ਮੰਤਰਾਲਾ, ਭਾਰਤ ਸਰਕਾਰ

> "ਆਪਣੇ ਪਿੰਡ ਨੂੰ ਦੇਸ਼ ਦਾ ਸਭ ਤੋਂ ਸਵੱਛ ਪਿੰਡ ਬਣਾਉਣ ਲਈ ਸਾਂਝੇ ਯਤਨ ਕਰੋ ਅਤੇ ਸਵੱਛ ਸਰਵੇਖਣ ਗ੍ਰਾਮੀਣ -2018 ਵਿਚ ਉਤਸ਼ਾਹ ਨਾਲ ਹਿੱਸਾ ਲਵੋ।"

# ਸਫ਼ਲਤਾ ਦੀ ਕਹਾਣੀ

## ਪੁਣੇ ਦੇ ਪਿੰਡ ਦੇ ਲੋਕਾਂ ਨੇ ਪੰਢਰਪੁਰ ਵਾਰੀ ਤੀਰਥ ਯਾਤਰੀਆਂ ਲਈ ਖੋਲ੍ਹੇ ਸ਼ੌਚਾਲਿਆਂ ਦੇ ਦਰ



ਪੰਢਰਪੁਰ ਵਾਰੀ ਤੀਰਥ ਸਥਾਨ ਤਕ ਜਾਣ ਵਾਲੇ ਰਸਤਿਆਂ 'ਤੇ ਵਸੇ ਪਿੰਡ ਦੇ ਲੋਕਾਂ ਨੂੰ ਇਕ ਸ਼ਲਾਘਾਯੋਗ ਪਹਿਲ ਕੀਤੀ ਹੈ। ਹਰ ਸਾਲ 15 ਦਿਨ ਤਕ ਆਯੋਜਤ ਹੋਣ ਵਾਲੀ ਤੀਰਥ ਯਾਤਰਾ ਦੇ ਰਸਤੇ ਦੇ ਕੰਢੇ 'ਤੇ ਵਸੇ ਪਿੰਡਾਂ ਦੇ ਲੋਕਾਂ ਨੇ ਆਪਣੇ ਘਰਾਂ ਦੇ ਸ਼ੌਚਾਲਿਆਂ ਦੇ ਦਰ ਤੀਰਥ ਯਾਤਰੀਆਂ ਲਈ ਖੋਲ੍ਹ ਦਿੱਤੇ ਹਨ। ਮਹਾਰਾਸ਼ਟਰ ਦੇ ਪੁਣੇ 333 ਸਾਲ ਪੁਰਾਣੀ ਪ੍ਰੰਪਰਾ ਤਹਿਤ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਆਉਂਦੇ ਹਨ। ਯਾਤਰਾ ਪੰਢਰਪੁਰ ਜਾ ਕੇ ਖ਼ਤਮ ਹੁੰਦੀ ਹੈ। ਜਿੱਥੇ ਵਿਠੋਬਾ ਦੇਵ ਦਾ ਮੰਦਿਰ ਸਥਿਤ ਹੈ। ਦੇਵ ਦੇ ਸਨਮਾਨ ਵਿਚ ਸੰਤ ਗਿਆਨੇਸ਼ਵਰ ਅਤੇ ਸੰਤ ਤੁਕਾਰਾਮ ਦੀਆਂ ਖੜਾਵਾਂ ਪਾਲਕੀ ਵਿਚ ਰੱਖ ਕੇ ਇਹ ਯਾਤਰਾ ਕੱਢੀ ਜਾਂਦੀ ਹੈ। ਪੀਲੇ ਅਤੇ ਲਾਲ ਝੰਡੇ ਲੈ ਕੇ ਲੋਕ ਯਾਤਰਾ ਕਰਦੇ ਹਨ ਜਿਸ ਕਰਕੇ ਬਹੁਤ ਹੀ ਰੰਗ-ਬਿਰੰਗੀ ਯਾਤਰਾ ਬਣ ਜਾਂਦੀ ਹੈ। ਸੰਤ ਗਿਆਨੇਸ਼ਵਰ ਦੀ ਯਾਤਰਾ ਆਲੰਦੀ ਤੋਂ ਅਤੇ ਸੰਤ ਤੁਕਾਰਾਮ ਦੀ ਯਾਤਰਾ ਦੇਹੂ ਤੋਂ ਕੱਢੀ ਜਾਂਦੀ ਹੈ। ਇਹ ਯਾਤਰਾ ਹਾੜ੍ਹ ਇਕਾਦਸ਼ੀ ਦੇ ਦਿਨ ਪੰਢਰਪੁਰ ਪਹੁੰਚਦੀ ਹੈ। ਇਸ ਤੋਂ ਬਾਅਦ ਲੋਕ ਵਿੱਠਲ ਮੰਦਿਰ ਜਾਣ ਤੋਂ ਪਹਿਲਾਂ ਚੰਦਰਭਾਗਾ ਨਦੀ ਵਿਚ ਇਸ਼ਨਾਨ ਕਰਦੇ ਹਨ। ਇਸ ਸਾਲ ਇਹ ਯਾਤਰਾ 6 ਜੁਲਾਈ ਤੋਂ ਸ਼ੁਰੂ ਹੋ ਕੇ 27 ਜੁਲਾਈ ਤਕ ਚੱਲੀ। 250 ਕਿਲੋਮੀਟਰ ਦੀ ਇਸ ਪੈਦਲ ਯਾਤਰਾ ਦੌਰਾਨ ਸ਼ਰਧਾਲੂ 15 ਥਾਵਾਂ 'ਤੇ ਠਹਿਰਦੇ ਹਨ। ਰਸਤੇ ਵਿਚ ਵਸੇ ਪਿੰਡਾਂ ਦੇ ਲੋਕ ਥਾਂ-ਥਾਂ 'ਤੇ ਖਾਣ-ਪੀਣ ਦੇ ਸਟਾਲ ਵੀ ਲਾਉਂਦੇ ਹਨ।

ਪਿਛਲੇ ਦੋ ਸਾਲਾਂ ਵਿਚ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਦੇ ਤਹਿਤ ਪੂਰੇ ਜ਼ਿਲ੍ਹੇ ਵਿਚ ਦੋ ਲੱਖ ਸ਼ੌਚਾਲਯ ਬਣਾਏ ਗਏ। ਇਸ ਯਾਤਰਾ ਦੇ ਇਕ ਰਸਤੇ 'ਤੇ 500 ਤੇ ਦੂਜੇ 'ਤੇ 700 ਤੋਂ ਜ਼ਿਆਦਾ ਜਨਤਕ ਸ਼ੌਚਾਲਯ ਬਣਾਏ ਜਾ ਚੁੱਕੇ ਹਨ ਪਰ ਸ਼ਰਧਾਲੂਆਂ ਦੀ ਸੰਖਿਆ ਨੂੰ ਦੇਖਦੇ ਹੋਏ ਇਹ ਪ੍ਰਾਪਤ ਨਹੀਂ ਹੈ। ਇਸੇ ਸਾਲ ਸ਼ਰਧਾਲੂਆਂ ਦੀ ਸੰਖਿਆ 10 ਲੱਖ ਤੋਂ ਪਾਰ ਪਹੁੰਚ ਗਈ। ਪਰ ਇਸ ਸਾਲ ਤੋਂ ਪਿੰਡ ਦੀਆਂ ਕੋਸ਼ਿਸ਼ਾਂ ਦੇ ਕਾਰਨ ਸ਼ਰਧਾਲੂਆਂ ਦੀਆਂ ਮੁਸ਼ਕਿਲਾਂ ਘੱਟ ਹੋਈਆਂ ਹਨ। ਜ਼ਿਲ੍ਹਾ ਪ੍ਰੀਸ਼ਦ ਦੇ ਮੁੱਖ ਕਾਰਜਕਾਰੀ ਅਧਿਕਾਰੀ ਸੂਰਜ ਮਾਂਢਰੇ ਦੀ ਇਕ ਅਪੀਲ 'ਤੇ ਇਹ ਸਭ ਸੰਭਵ ਹੋ ਸਕਿਆ ਹੈ। ਉਨ੍ਹਾਂ ਨੇ ਪਿੰਡ ਵਾਲਿਆਂ ਨੂੰ ਅਪੀਲ ਕੀਤੀ ਕਿ ਉਹ ਤੀਰਥ ਯਾਤਰੀਆਂ ਨੂੰ ਮਹਿਮਾਨ ਸਮਝਣ ਅਤੇ ਉਨ੍ਹਾਂ ਦੀ ਯਾਤਰਾ ਵਿਚ ਸਹਿਯੋਗ ਦੇ ਕੇ ਪੁੰਨ ਕਮਾਉਣ। ਇਸ ਸਹੂਲਤ ਨੂੰ ਦੇਣ ਲਈ ਜੋ ਵੀ ਘਰ ਤਿਆਰ ਹੋਵੇ ਉਹ ਨਿਸ਼ਾਨੀ ਦੇ ਤੌਰ 'ਤੇ ਛੱਤ 'ਤੇ ਚਿੱਟੇ ਰੰਗ ਦਾ ਝੰਡਾ ਲਗਾਉਣ। ਇਸ ਨਾਲ ਤੀਰਥ ਯਾਤਰੀ ਨੂੰ ਸਮਝਣ ਵਿਚ ਸੌਖ ਹੋਵੇਗੀ। ਜ਼ਿਲ੍ਹਾ ਪ੍ਰੀਸ਼ਦ ਦੀ ਇਸ ਅਪੀਲ ਨੂੰ ਅਖ਼ਬਾਰ, ਪੋਸਟਰ ਦੇ ਇਲਾਵਾ ਬਲਾਕ ਪੱਧਰ 'ਤੇ ਅਧਿਕਾਰੀਆਂ, ਅਧਿਆਪਕਾਂ, ਗ੍ਰਾਮ ਸੇਵਕਾਂ ਰਾਹੀਂ ਲੋਕਾਂ ਤਕ ਪਹੁੰਚਾਇਆ ਗਿਆ। ਸੂਰਜ ਮਾਂਢਰੇ ਦੱਸਦੇ ਹਨ ਕਿ ਲੋਕਾਂ ਨੇ ਇਸ ਅਪੀਲ ਦਾ ਖ਼ੁਸ਼ੀ-ਖ਼ੁਸ਼ੀ ਸਵਾਗਤ ਕੀਤਾ। ਉਮੀਦ ਤੋਂ ਪਰ੍ਹੇ, ਲੋਕਾਂ ਨੇ ਆਪਣੇ ਘਰ ਦੇ ਸ਼ੌਚਾਲਯ ਤੀਰਥ ਯਾਤਰੀਆਂ ਦੀ ਵਰਤੋਂ ਲਈ ਖੋਲ੍ਹ ਦਿੱਤੇ। ਨਤੀਜੇ ਵਜੋਂ ਗ਼ਰੀਬ ਲੋਕ ਵੀ ਆਪਣੇ ਘਰ ਦੇ ਸ਼ੌਚਾਲਯਾਂ ਦੇ ਦਰਵਾਜ਼ੇ ਯਾਤਰੀਆਂ ਲਈ ਖੋਲ੍ਹ ਰਹੇ ਹਨ। ਇਸ ਪਹਿਲ ਤੇ ਅਪੀਲ ਦਾ ਸਵਾਗਤ ਗ੍ਰਾਮ ਪੰਚਾਇਤ ਨੇ ਵੀ ਕੀਤਾ ਅਤੇ ਕਈ ਪਿੰਡਾਂ ਵਿਚ ਇਸ ਨੂੰ ਪਾਸ ਕਰਨ ਦਾ ਮਤਾ ਵੀ ਪਾਸ ਕਰ ਦਿੱਤਾ ਗਿਆ। ਸਰਕਾਰੀ ਕੋਸ਼ਿਸ਼ਾਂ ਦੇ ਨਾਲ-ਨਾਲ ਆਮ ਜਨਤਾ ਦੀ ਮਦਦ ਨਾਲ ਇਹ ਮੁਹਿੰਮ ਸਫ਼ਲ ਸਾਬਿਤ ਹੋਈ। ◆

### ਪ੍ਰਭਾਵ

ਇਸ ਸਾਲ ਤੋਂ ਪਿੰਡ ਦੀਆਂ ਕੋਸ਼ਿਸ਼ਾਂ ਕਾਰਨ ਸ਼ਰਧਾਲੂਆਂ ਦੀਆਂ ਮੁਸ਼ਕਿਲਾਂ ਘੱਟ ਹੋਈਆਂ ਹਨ। ਜ਼ਿਲ੍ਹਾ ਪ੍ਰੀਸ਼ਦ ਦੇ ਮੁੱਖ ਕਾਰਜਕਾਰੀ ਅਧਿਕਾਰੀ ਸੂਰਜ ਮਾਂਢਰੇ ਦੀ ਇਕ ਅਪੀਲ 'ਤੇ ਇਹ ਸਭ ਸੰਭਵ ਹੋ ਸਕਿਆ ਹੈ। ਉਨ੍ਹਾਂ ਨੇ ਪਿੰਡ ਵਾਲਿਆਂ ਨੂੰ ਅਪੀਲ ਕੀਤੀ ਸੀ ਕਿ ਤੀਰਥ ਯਾਤਰੀਆਂ ਨੂੰ ਮਹਿਮਾਨ ਸਮਝਣ ਅਤੇ ਉਨ੍ਹਾਂ ਦੀ ਯਾਤਰਾ ਵਿਚ ਸਹਿਯੋਗ ਕਰਕੇ ਪੁੰਨ ਕਮਾਉਣ।

# ਸੋਨਭੱਦਰ ਨੇ ਲਿਆ ਸਵੱਛਤਾ ਸੰਕਲਪ, ਇਕ ਮਹੀਨੇ 'ਚ 50,000 ਸ਼ੌਚਾਲਿਆਂ ਦੀ ਕੀਤੀ ਉਸਾਰੀ



"ਅਬਕੀ ਬਰਸਾਤ ਇੱਜ਼ਤ ਘਰ ਕੇ ਸਾਥ", ਇਕ ਅਜਿਹਾ ਬਿਆਨ ਜਿਸ ਨੇ ਸੋਨਭੱਦਰ ਜ਼ਿਲ੍ਹੇ ਨੂੰ ਸ਼ੌਚ ਮੁਕਤ(ਓਡੀਐੱਫ) ਬਣਾ ਦਿੱਤਾ। ਇਸ ਅਭਿਆਨ 'ਚ ਸੋਨਭੱਦਰ ਦਾ ਹਰ ਘਰ ਸ਼ਾਮਲ ਹੋਇਆ ਅਤੇ ਇਕ ਮਹੀਨੇ ਦੇ ਅੰਦਰ ਹੀ 50,000 ਸ਼ੌਚਾਲਿਆਂ ਦੇ ਨਿਰਮਾਣ ਦਾ ਟੀਚਾ ਪੂਰਾ ਹੋ ਗਿਆ। ਸਵੱਛ ਭਾਰਤ ਮਿਸ਼ਨ(ਗ੍ਰਾਮੀਣ) ਦੇ ਤਹਿਤ ਸ਼ੌਚਾਲਿਆਂ ਦੇ ਨਿਰਮਾਣ ਦਾ ਕੰਮ 5 ਜੂਨ,2018 ਤੋਂ ਸ਼ੁਰੂ ਕੀਤਾ ਗਿਆ ਸੀ। 5 ਜੁਲਾਈ ਨੂੰ ਇਸ ਅਭਿਆਨ ਨੂੰ ਪੂਰਾ ਕਰ ਲਿਆ ਗਿਆ। ਇਸ ਜ਼ਿਲ੍ਹੇ ਦੀ ਤਰਜ਼ 'ਤੇ ਪੂਰੇ ਪ੍ਰਦੇਸ਼ 'ਚ ਇਸੇ ਤਰ੍ਹਾਂ ਦਾ ਅਭਿਆਨ ਚਲਾਇਆ ਜਾ ਰਿਹਾ ਹੈ।

ਸੋਨਭੱਦਰ ਦੇ ਮੁਖ ਵਿਕਾਸ ਅਧਿਕਾਰੀ ਸੁਨੀਲ ਕੁਮਾਰ ਵਰਮਾ ਦੱਸਦੇ ਹਨ ਕਿ ਸੋਨਭੱਦਰ ਉੱਤਰ ਪ੍ਰਦੇਸ਼ ਦਾ ਦੂਜਾ ਸਭ ਤੋਂ ਵੱਡਾ ਜ਼ਿਲ੍ਹਾ ਹੈ ਜਿਸ 'ਚ ਆਦੀਵਾਸੀ ਅਤੇ ਗ਼ਰੀਬ ਲੋਕਾਂ ਦੀ ਗਿਣਤੀ ਸਭ ਤੋਂ ਵੱਧ ਹੈ। ਖ਼ਾਸ ਗੱਲ ਇਹ ਹੈ ਕਿ ਇਸ ਇਲਾਕੇ ਦੇ ਲੋਕਾਂ ਦੇ ਸੰਕਲਪ ਨਾਲ ਜ਼ਿਲ੍ਹਾ ਖੁੱਲ੍ਹੇ 'ਚ ਸ਼ੌਚਮੁਕਤ ਹੋਇਆ ਹੈ। ਪਿੱਛਲੇ 3 ਸਾਲਾਂ ਤੋਂ ਇਥੇ ਡੇਢ ਲੱਖ ਸ਼ੌਚਾਲਿਆਂ ਦਾ ਨਿਰਮਾਣ ਕੀਤਾ ਜਾ ਚੁੱਕਾ ਹੈ। ਇਸੇ ਕਾਰਨ ਇਥੇ ਸਵੱਛਤਾ ਦੀ ਦਰ 33 ਫ਼ੀਸਦੀ ਤੋਂ ਵਧ ਕੇ 70 ਫ਼ੀਸਦੀ ਹੋ ਗਈ ਹੈ।

ਇਸ ਖੇਤਰ 'ਚ 1,349 ਪਿੰਡ ਹਨ ਜਿੰਨ੍ਹਾਂ 'ਚੋਂ 342 ਪਿੰਡਾਂ ਤੋਂ ਮਾਲੀਆ ਪ੍ਰਾਪਤ ਹੁੰਦਾ ਹੈ। ਜਾਗਰੂਕਤਾ ਦੀ ਕਮੀ ਕਾਰਨ ਸੋਨਭੱਦਰ ਦੇ ਲੋਕ ਖੁੱਲ੍ਹੇ 'ਚ ਸ਼ੌਚ ਜਾਂਦੇ ਸਨ। ਔਰਤਾਂ ਨੂੰ ਕਾਫ਼ੀ ਮੁਸ਼ਕਲਾਂ ਝੱਲਣੀਆਂ ਪੈਂਦੀਆਂ ਸਨ। ਬਰਸਾਤ 'ਚ ਲੋਕਾਂ ਨੂੰ ਸੱਪ ਵੱਲੋਂ ਡੰਗੇ ਜਾਣ ਦਾ ਡਰ ਵੀ ਸਤਾਉਂਦਾ ਸੀ। ਸਾਫ਼-ਸਫ਼ਾਈ ਦੇ ਰਾਹ 'ਚ ਸਭ ਤੋਂ ਵੱਡਾ ਰੋੜਾ ਸੀ ਲੋਕਾਂ ਦੇ ਘਰਾਂ 'ਚ ਸ਼ੌਚਾਲਿਆਂ ਦਾ ਨਾ ਹੋਣਾ। ਇਸ ਵੱਲ ਲੋਕਾਂ ਦਾ ਧਿਆਨ ਗਿਆ ਅਤੇ ਸਰਕਾਰੀ ਕੋਸ਼ਿਸ਼ਾਂ ਨਾਲ ਇਸ ਜ਼ਿਲ੍ਹੇ ਦੇ ਸਾਰੇ ਪਿੰਡ ਹੁਣ ਓਡੀਐੱਫ ਹਨ।

## ਕਿਵੇਂ ਸ਼ੁਰੂ ਹੋਇਆ ਅਭਿਆਨ

ਇੰਨੇ ਘੱਟ ਸਮੇਂ 'ਚ 50 ਹਜ਼ਾਰ ਸ਼ੌਚਾਲਿਆਂ ਦੇ ਨਿਰਮਾਣ ਦਾ ਟੀਚਾ ਵੱਡਾ ਸੀ ਪਰ ਪ੍ਰਸ਼ਾਸਨ ਨੇ ਲੋਕਾਂ ਦੀ ਮਦਦ ਨਾਲ ਇਥੇ ਸਵੱਛਤਾ ਮੁਹਿੰਮ ਦੀ ਸ਼ੁਰੂਆਤ ਕੀਤੀ। ਸਫਲਤਾ ਯਕੀਨੀ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਸਵੈ-ਸਹਾਇਤਾ ਗਰੁੱਪ, ਆਂਗਣਵਾੜੀ ਮੁਲਾਜ਼ਮਾਂ, ਸਿਹਤ ਮੁਲਾਜ਼ਮਾਂ ਦੀ ਮਦਦ ਲਈ। ਸ਼ੌਚਾਲਿਆਂ ਦੇ ਨਿਰਮਾਣ ਕਾਰਜ 'ਚ ਸਭ ਤੋਂ ਵੱਡਾ ਅੜਿੱਕਾ ਪਾਣੀ ਦੀ ਕਿੱਲਤ ਸੀ ਪਰ ਇਸ ਦਾ ਹੱਲ ਕੱਢ ਕੇ

ਸ਼ੁਰੂਆਤ ਕੀਤੀ ਗਈ। ਕਿਉਂਕਿ ਕੰਮ ਬਾਰਸ਼ ਤੋਂ ਪਹਿਲਾਂ ਪੂਰਾ ਕੀਤਾ ਜਾਣਾ ਸੀ ਇਸ ਲਈ ਪਹਿਲਾਂ ਪੂਰੀ ਯੋਜਨਾ ਬਣਾਈ ਗਈ।

### ਅਭਿਆਨ ਦੀ ਰਣਨੀਤੀ

ਪ੍ਰਦੇਸ਼ ਦੇ ਇੰਨੇ ਵੱਡੇ ਜ਼ਿਲ੍ਹੇ 'ਚ ਇਕ ਮਹੀਨੇ ਅੰਦਰ ਹੀ 50 ਹਜ਼ਾਰ ਸ਼ੌਚਾਲਿਆਂ ਦੇ ਨਿਰਮਾਣ ਦਾ ਕੰਮ ਕਰਨ ਲਈ ਜ਼ਿਲ੍ਹੇ 'ਚ ਇਕ ਲੱਖ ਟੋਇਆਂ ਦੀ ਪੁਟਾਈ ਕੀਤੀ ਜਾਣੀ ਸੀ। ਤੈਅ ਕੀਤੇ ਗਏ ਸਮੇਂ ਅੰਦਰ ਸਾਰਾ ਕੰਮ ਪੂਰਾ ਕਰਨ ਲਈ ਸਭ ਤੋਂ ਪਹਿਲਾਂ ਸਾਰੇ ਲਾਭਪਾਤਰੀਆਂ ਨੂੰ ਮਨਜ਼ੂਰੀ ਪੱਤਰ ਦਿੱਤੇ ਗਏ ਤਾਂਕਿ ਪ੍ਰਸ਼ਾਸਨ ਦੀ ਇਸ ਯੋਜਨਾ 'ਤੇ ਲੋਕਾਂ ਦਾ ਭਰੋਸਾ ਕਾਇਮ ਹੋ ਸਕੇ। ਇਸ ਦੇ ਨਾਲ ਹੀ ਸਵੱਛਤਾ ਦੀ ਸਹੁੰ ਚੁਕਾਈ ਗਈ। ਜਨ ਪ੍ਰਤੀਨਿਧੀਆਂ ਨੇ ਸਵੱਛ ਮਾਨਸੂਨ ਚੌਪਾਲ ਲਾਏ। ਇਸ ਅਭਿਆਨ 'ਚ ਧਾਰਮਿਕ ਸਮੂਹ 'ਸ਼ਿਵ ਚਰਚਾ' ਨੇ ਵੀ ਭੂਮਿਕਾ ਨਿਭਾਈ। ਕੰਮ ਸਮੇਂ ਸਿਰ ਪੂਰਾ ਹੋ ਜਾਵੇ ਇਸ ਲਈ ਸਰਕਾਰੀ ਕਰਮਚਾਰੀਆਂ ਅਤੇ ਸਥਾਨਕ ਲੋਕਾਂ ਨੇ ਸ਼੍ਰਮ ਦਾਨ ਵੀ ਕੀਤਾ। ਅਭਿਆਨ 'ਚ ਸ਼ਲਾਘਾਯੋਗ ਕੰਮ ਕਰਨ ਵਾਲਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਅਭਿਆਨ ਦੀ ਨਿਗਰਾਨੀ ਗ੍ਰਾਮ ਪੰਚਾਇਤ ਅਤੇ ਜ਼ਿਲ੍ਹਾ ਅਧਿਕਾਰੀ ਨੇ ਕੀਤੀ।

### ਸੋਸ਼ਲ ਮੀਡੀਆ ਦੀ ਅਹਿਮ ਭੂਮਿਕਾ

ਇਸ ਅਭਿਆਨ ਨੂੰ ਤੇਜ਼ ਗਤੀ ਦੇਣ ਲਈ ਸੋਸ਼ਲ ਮੀਡੀਆ ਦਾ ਸਹਾਰਾ ਲਿਆ ਗਿਆ। ਟਵਿੱਟਰ ਅਤੇ ਫੇਸਬੁੱਕ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਕੰਧਾਂ 'ਤੇ ਵਾਲ ਪੇਂਟਿੰਗਜ਼ ਬਣਾਈਆਂ ਗਈਆਂ। ਪੋਸਟਰ, ਬੈਨਰ ਲਾਏ ਗਏ। ਰੱਥ ਯਾਤਰਾ, ਨੁੱਕੜ ਨਾਟਕ ਦੇ ਨਾਲ-ਨਾਲ ਮਜ਼ਾਹੀਆਂ ਨਾਟਕ, ਸਵੱਛਤਾ ਦੀਦੀ ਨਾਲ ਜਨ ਜਾਗਰਣ ਅੰਦੋਲਨ ਸ਼ੁਰੂ ਹੋਇਆ। ਬੱਚਿਆਂ ਨੇ ਵੀ ਇਸ ਕੰਮ 'ਚ ਵੱਡਿਆਂ ਦੀ ਮਦਦ ਕੀਤੀ। ਇਸ ਅਭਿਆਨ ਨੂੰ ਵੱਧ ਪ੍ਰਭਾਵੀ ਬਣਾਉਣ ਲਈ ਇਸ ਨੂੰ ਵਿਸ਼ਵ ਯੋਗ ਦਿਵਸ ਅਤੇ ਵਿਸ਼ਵ ਵਾਤਾਵਰਨ ਦਿਵਸ ਨਾਲ ਜੋੜਿਆ ਗਿਆ। ਲੋਕਾਂ ਨੂੰ ਸਵੱਛਤਾ ਸਹੁੰ ਚੁਕਾਈ ਗਈ। ਸਵੱਛਤਾ, ਸਿੱਖਿਆ ਅਤੇ ਸਿਹਤ ਦੇ ਮਹੱਤਵ ਨੂੰ ਸਮਝਾਉਣ ਲਈ ਬਾਲ ਸਵੱਛਤਾ ਸੈਨਾ ਦਾ ਗਠਨ ਕੀਤਾ ਗਿਆ।

## ਸਰਕਾਰੀ ਕੋਸ਼ਿਸ਼ਾਂ ਨੇ ਸਿੱਕਮ ਨੂੰ ਦਿਵਾਇਆ ਸਵੱਛ ਰਾਜ ਦਾ ਦਰਜਾ



ਸਰਕਾਰ ਦੀ ਇੱਛਾ ਸ਼ਕਤੀ ਹੋਵੇ ਤਾਂ ਸਭ ਕੁਝ ਸੰਭਵ ਹੋ ਜਾਂਦਾ ਹੈ। ਇਸ ਦੀ ਸਭ ਤੋਂ ਬਿਹਤਰੀਨ ਮਿਸਾਲ ਹੈ ਸਿੱਕਮ। ਸਿੱਕਮ ਸਰਕਾਰ ਦੀਆਂ ਕੋਸ਼ਿਸ਼ਾਂ ਨੇ ਮਹਿਜ਼ 3 ਸਾਲਾਂ 'ਚ ਹੀ ਸੂਬੇ ਨੂੰ ਖੁੱਲ੍ਹੇ ਤੋਂ ਸ਼ੌਚਮੁਕਤ (ਓਡੀਐੱਫ) ਦਾ ਦਰਜਾ ਦਿਵਾਇਆ। 27 ਮਈ 2016 ਨੂੰ ਸਿੱਕਮ ਨੇ ਓਡੀਐੱਫ ਦਾ ਦਰਜਾ ਹਾਸਲ ਕੀਤਾ ਅਤੇ ਦੇਸ਼ ਦਾ ਪਹਿਲਾ ਸਵੱਛ ਰਾਜ ਬਣ ਗਿਆ। ਇਸ ਦਰਜੇ ਨੂੰ ਦਰਜੇ ਨੂੰ ਬਣਾਈ ਰੱਖਣ ਲਈ ਰਾਜ ਸਰਕਾਰ ਹੁਣ ਵੀ ਯਤਨਸ਼ੀਲ ਹੈ। ਨਿੱਤ ਨਵੇਂ ਕਦਮਾਂ ਨਾਲ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਦੀ ਦਿਸ਼ਾ 'ਚ ਕੰਮ ਹੋ ਰਿਹਾ ਹੈ।

**ਸਵੱਛਤਾ ਦਾ ਮਾਡਲ**

ਸੂਬੇ ਨੂੰ ਸਾਫ਼ ਰੱਖਣ ਦੀ ਦਿਸ਼ਾ 'ਚ ਸਿੱਕਮ ਸਰਕਾਰ ਨੇ ਕਈ ਸਖ਼ਤ ਅਤੇ ਬਿਹਤਰੀਨ ਕਦਮ ਚੁੱਕੇ ਜੋ ਸਾਰਥਕ ਸਿੱਧ ਹੋਏ। ਸਿੱਕਮ ਪੰਚਾਇਤ ਐਕਟ 2005 'ਚ ਸੋਧ ਕੀਤੀ ਜਿਸ ਨਾਲ ਸਾਰੇ ਘਰਾਂ 'ਚ ਸ਼ੌਚਾਲਿਆਂ ਦਾ ਨਿਰਮਾਣ ਕਰਵਾਉਣਾ ਲਾਜ਼ਮੀ ਕਰ ਦਿੱਤਾ ਗਿਆ। ਇਸ ਸਬੰਧ 'ਚ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਕੰਮ 'ਚ ਸਰਕਾਰ ਨੂੰ ਸਹਿਯੋਗ ਦੇਣ। ਸਰਕਾਰੀ ਯੋਜਨਾਵਾਂ ਦਾ ਲਾਭ ਵੀ ਉਨ੍ਹਾਂ ਲੋਕਾਂ ਲਈ ਹੀ ਯਕੀਨੀ ਬਣਾਇਆ ਗਿਆ ਜਿਨ੍ਹਾਂ ਨੇ ਘਰ 'ਚ ਸ਼ੌਚਾਲਿਆ ਬਣਵਾਇਆ। ਇਸ ਸਬੰਧ 'ਚ ਗ੍ਰਾਮ ਵਿਕਾਸ ਅਧਿਕਾਰੀ ਦੀ ਵੀ ਭੂਮਿਕਾ ਤੈਅ ਕੀਤੀ ਗਈ। ਉਸ ਨੂੰ ਘਰਾਂ ਦਾ ਨਿਰੀਖਣ ਕਰ ਕੇ ਸਰਟੀਫਿਕੇਟ ਜਾਰੀ ਕਰਨ ਦਾ ਕੰਮ ਸੌਂਪਿਆ ਗਿਆ। ਪ੍ਰਮਾਣ ਪੱਤਰ ਦੀ ਮਦਦ ਨਾਲ ਲੋਕਾਂ ਨੂੰ ਪੈਨਸ਼ਨ ਸਕੀਮ, ਸਕਾਲਰਸ਼ਿਪ ਵਰਗੀਆਂ ਸਰਕਾਰੀ ਸਹੂਲਤਾਂ ਦਾ ਲਾਭ ਮਿਲਣਾ ਯਕੀਨੀ ਹੋਇਆ। ਪ੍ਰਮਾਣ ਪੱਤਰ ਪ੍ਰਾਪਤ ਕਰਨ ਦੀ ਲਾਜ਼ਮੀਅਤਾ ਕਾਰਨ ਕਈ ਲੋਕਾਂ ਨੇ ਆਪਣੇ ਘਰਾਂ 'ਚ ਸ਼ੌਚਾਲਿਆ ਬਣਵਾਏ ਅਤੇ ਇਸ ਦੀ ਵਰਤੋਂ ਕਰਨੀ ਸ਼ੁਰੂ ਕੀਤੀ। ਇਸ ਦੇ ਨਾਲ ਸੂਬਾ ਸਰਕਾਰ ਨੇ ਵਾਤਾਵਰਨ ਨੂੰ ਸਾਫ਼ ਰੱਖਣ ਅਤੇ ਕੂੜੇ ਦੇ ਨਿਪਟਾਰੇ ਦੇ ਵੀ ਉਪਾਅ ਕੀਤੇ।

ਪਲਾਸਟਿਕ ਅਤੇ ਸਟਾਇਰੋਫੋਮ ਤੋਂ ਬਣੇ ਡਿਸਪੋਜ਼ਏਬਲ ਸਮਾਨ ਦੇ ਨੁਕਸਾਨ ਨੂੰ ਦੇਖਦੇ ਹੋਏ ਇਸ ਨੂੰ ਵੇਚਣ ’ਤੇ ਪਾਬੰਦੀ ਲਾ ਦਿੱਤੀ। ਸਿੱਕਮ ’ਚ ਹੁਣ ਸਟਾਇਰੋਫੋਮ ਤੋਂ ਬਣੇ ਡੂਨੇ, ਪਲੇਟਾਂ ਅਤੇ ਕੱਪ ’ਤੇ ਪੂਰੀ ਤਰ੍ਹਾ ਪਾਬੰਦੀ ਹੈ। ਇਸ ਸਬੰਧ ’ਚ 19 ਮਈ 2016 ਨੂੰ ਨੋਟੀਫਿਕੇਸ਼ਨ ਵੀ ਜਾਰੀ ਕੀਤੀ ਗਈ। ਇਹੀ ਨਹੀਂ ਸਰਕਾਰੀ ਦਫ਼ਤਰਾਂ ’ਚ ਵੀ ਪਲਾਸਟਿਕ ਦੀ ਵਰਤੋਂ ’ਤੇ ਪਾਬੰਦੀ ਲਾਈ ਗਈ। ਸਰਕਾਰੀ ਦਫ਼ਤਰਾਂ ’ਚ ਪਲਾਸਟਿਕ ਦੀਆਂ ਪਾਣੀ ਦੀਆਂ ਬੋਤਲਾਂ ਨੂੰ ਵੀ ਬੰਦ ਕਰ ਦਿੱਤਾ ਗਿਆ। ਸਰਕਾਰੀ ਦਫ਼ਤਰਾਂ ਲਈ ਪ੍ਰਸ਼ਾਸਨ ਨੇ ਨੋਟੀਫਿਕੇਸ਼ਨ ਜਾਰੀ ਕਰਕੇ ਮੀਟਿੰਗਾ ਅਤੇ ਪ੍ਰੋਗਰਾਮਾਂ ’ਚ ਪਲਾਸਟਿਕ ਦੀਆਂ ਪਾਣੀ ਦੀਆਂ ਬੋਤਲਾਂ ਦੀ ਥਾਂ ਫਿਲਟਰ ਪਾਣੀ ਦੀ ਵਰਤੋਂ ਦਾ ਸੁਝਾਅ ਦਿੱਤਾ।

### ਪ੍ਰਭਾਵ

ਗ੍ਰਾਮੀਣ ਪੱਧਰ ’ਤੇ ਨਿਗਰਾਨੀ ਸੰਮਤੀਆਂ ਬਣਾਈਆਂ ਗਈਆਂ। ਇਸ ਸਬੰਧ ਵਿਚ ਸਰਕੂਲਰ ਕੱਢੇ ਗਏ ਜਿਸ ਵਿਚ ਸਥਾਨਕ ਪ੍ਰਸ਼ਾਸਨ ਦੀ ਜਵਾਬਦੇਹੀ ਤੈਅ ਕੀਤੀ ਗਈ। ਸਫ਼ਾਈ ਵਿਵਸਥਾ ਨਿਸ਼ਚਤ ਕਰਨ ਲਈ ਸਥਾਨਕ ਜਨ ਪ੍ਰਤੀਨਿਧੀਆਂ ਤੇ ਅਧਿਕਾਰੀਆਂ ਦਾ ਸਹਿਯੋਗ ਲਿਆ ਗਿਆ। ਸਰਵਜਨਕ ਸਥਾਨਾਂ ’ਤੇ ਕੂੜਾ ਸੁੱਟਣ ਵਾਲੇ ਲੋਕਾਂ ’ਤੇ ਜੁਰਮਾਨਾ ਵਸੂਲਣ ਦਾ ਨਿਯਮ ਵੀ ਸਖ਼ਤੀ ਨਾਲ ਲਾਗੂ ਕੀਤਾ ਗਿਆ।

ਪਲਾਸਟਿਕ ਕੱਚਰੇ ਦੀਆਂ ਦਿੱਕਤਾਂ ਨੂੰ ਦੇਖਦਿਆਂ ਇਹ ਜ਼ਰੂਰੀ ਉਪਾਅ ਕੀਤੇ ਗਏ। ਸਵੱਛਤਾ ਦਾ ਵਿਸ਼ਾ ਸੂਬਾ ਸਰਕਾਰ ਦੇ ਦਾਇਰੇ ’ਚ ਆਉਂਦਾ ਹੈ। ਇਸ ਲਈ ਸਿੱਕਮ ਸਰਕਾਰ ਨੇ ਇਸ ਦਿਸ਼ਾ ’ਚ ਲਗਾਤਾਰ ਯਤਨ ਜਾਰੀ ਰੱਖੇ। ਖੁੱਲ੍ਹੇ ’ਚ ਸ਼ੌਚਮੁਕਤ ਦਾ ਦਰਜਾ ਬਣਾਈ ਰੱਖਣ ਲਈ ਨਿਰੰਤਰ ਨਵੇਂ ਕਦਮ ਚੁੱਕੇ ਗਏ। ਪੇਂਡੂ ਪੱਧਰ ’ਤੇ ਨਿਗਰਾਨ ਕਮੇਟੀਆਂ ਬਣਾਈਆਂ ਗਈਆਂ। ਇਸ ਸਬੰਧ ’ਚ ਕਿਤਾਬ ’ਚ ਕੱਡਿਆ ਗਿਆ ਜਿਸ ’ਚ ਸਥਾਨਕ ਪ੍ਰਸ਼ਾਸਨ ਦੀ ਜਵਾਬਦੇਹੀ ਤੈਅ ਕੀਤੀ ਗਈ। ਸਫ਼ਾਈ ਵਿਵਸਥਾ ਯਕੀਨੀ ਬਣਾਉਣ ਲਈ ਸਥਾਨਕ ਜਨ ਪ੍ਰਤੀਨਿਧੀਆਂ ਅਤੇ ਅਧਿਕਾਰੀਆਂ ਦਾ ਸਹਿਯੋਗ ਲਿਆ ਗਿਆ। ਜਨਤਕ ਸਥਾਨਾਂ ’ਤੇ ਕੂੜਾ ਖਿਲਾਰਨ ਵਾਲੇ ਲੋਕਾਂ ਕੋਲੋਂ ਜੁਰਮਾਨਾ ਵਸੂਲਣ ਦਾ ਨਿਯਮ ਵੀ ਸਖ਼ਤੀ ਨਾਲ ਲਾਗੂ ਕੀਤਾ ਗਿਆ।

# ਕੇਰਲ ਦੇ ਕੁੰਨੂਰ ’ਚ ਗੋਬਰਧਨ ਯੋਜਨਾ ਨਾਲ ਬਣ ਰਿਹਾ ਹੈ ਬਾਇਓ ਗੈਸ ਪਲਾਂਟ



ਕੇਰਲ ਦੇਸ਼ ਦਾ ਪਹਿਲਾ ਅਜਿਹਾ ਰਾਜ ਹੈ ਜਿਥੇ ਗੋਬਰਧਨ ਯੋਜਨਾ ਤਹਿਤ ਬਾਇਓ ਗੈਸ ਲਾਉਣ ਦਾ ਕੰਮ ਸ਼ੁਰੂ ਹੋਇਆ ਹੈ। ਕੁੰਨੂਰ ਜ਼ਿਲ੍ਹੇ ’ਚ ਗੋਬਰਧਨ ਯੋਜਨਾ ਦੇ ਤਹਿਤ ਪਹਿਲਾ ਬਾਇਓਗੈਸ ਪਲਾਂਟ ਲਾਉਣ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਜ਼ਿਲ੍ਹੇ ਦੇ ਪੱਪੀਨੈੱਸਰੀ ਪਿੰਡ ’ਚ ਲਾਏ ਜਾ ਰਹੇ ਤੁਰੂਥੀ ਵੇਸਟ ਟਰੀਟਮੈਂਟ ਪਲਾਂਟ ਨਾਲ ਪਿੰਡ ਦੇ ਕੂੜੇ ਦਾ ਨਿਪਟਾਰਾ ਵੀ ਹੋਵੇਗਾ। ਗੋਬਰਧਨ ਯੋਜਨਾ ਨਾਲ ਨਾ ਸਿਰਫ਼ ਪਿੰਡ ਨੂੰ ਬਾਲਣ ਪ੍ਰਾਪਤ ਹੋਵੇਗਾ ਸਗੋਂ ਪਿੰਡ ਵੀ ਸਵੱਛ ਰਹਿਣਗੇ।

ਇਸ ਪਲਾਂਟ ਦੇ ਲੱਗਣ ਨਾਲ ਪਿੰਡ ਦੇ ਗੋਹੇ ਅਤੇ ਖੇਤਾਂ ਦੀ ਠੋਸ ਰਹਿੰਦ-ਖੂੰਹਦ ਨੂੰ ਕੰਪੋਸਟ, ਬਾਇਓ ਗੈਸ ਅਤੇ ਬਾਇਓ ਸੀਐੱਨਜੀ ’ਚ ਤਬਦੀਲ ਕੀਤਾ ਜਾਵੇਗਾ। ਇਸ ਨਾਲ ਪਿੰਡ ਦੇ ਸਾਰੇ ਲੋਕਾਂ ਨੂੰ ਫਾਇਦਾ ਹੋਵੇਗਾ। ਔਰਤਾਂ ਨੂੰ ਰਸੋਈ ਲਈ ਘੱਟ ਮੁੱਲ ’ਤੇ ਬਾਲਣ ਮਿਲੇਗਾ, ਕਿਸਾਨਾਂ ਨੂੰ ਖਾਦ ਮਿਲੇਗੀ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਮਿਲਣਗੇ। ਗੋਬਰਧਨ (ਗੈਲਵਨਾਈਜ਼ਿੰਗ ਆਰਗੈਨਿਕ ਬਾਇਓ-ਐਗਰੋ ਰਿਸੋਰਸ ਧਨ) ਯੋਜਨਾ ਦੇ ਤਹਿਤ ਬਣਾਏ ਜਾ ਰਹੇ ਇਸ ਪਲਾਂਟ ’ਚ ਰੋਜ਼ਾਨਾ

ਇਕ ਹਜ਼ਾਰ ਕਿਲੋ ਗ੍ਰਾਮ ਬਾਇਓ ਕਚਰਾ ਖਪਾਇਆ ਜਾ ਸਕਦਾ ਹੈ। ਭਾਬਾ ਐਟਾਮਿਕ ਰਿਸਰਚ ਸੈਂਟਰ 'ਚ ਇਸ ਪਲਾਂਟ ਦੀ ਤਕਨੀਕ ਤਿਆਰ ਕੀਤੀ ਗਈ ਹੈ। ਇਸ ਪਲਾਂਟ ਨਾਲ ਤਕਰੀਬਨ 25 ਘਣ ਮੀਟਰ ਗੈਸ ਹਰ ਰੋਜ਼ ਤਿਆਰ ਹੋਵੇਗੀ। ਕੇਰਲ ਦੇ ਸੁਚਿੱਤਵਾ ਮਿਸ਼ਨ ਦੇ ਤਰਲ ਕੂੜਾ ਪ੍ਰਬੰਧਨ ਦੇ ਪ੍ਰਬੰਧ ਨਿਰਦੇਸ਼ਕ ਐਂਲਕੇ ਸ਼ਿਤਰ ਮੁਤਾਬਕ ਸੁਚਿਲਵਾ ਮਿਸ਼ਨ ਦੇ ਤਹਿਤ ਕੇਰਲ ਦੀ ਹਰ ਗ੍ਰਾਮ ਪੰਚਾਇਤ ਨੂੰ ਇਸ ਸਬੰਧ 'ਚ ਯੋਜਨਾ ਤਿਆਰ ਕਰਨ ਦੀ ਆਜ਼ਾਦੀ ਦਿੱਤੀ ਗਈ ਹੈ। ਇਸ ਪ੍ਰਕਿਰਿਆ ਦੇ ਤਹਿਤ ਯੋਜਨਾ ਨੂੰ ਤਕਨੀਕੀ ਰੂਪ ਨਾਲ ਜਾਂਚਿਆ ਜਾਂਦਾ ਹੈ। ਤਕਨੀਕੀ ਆਗਿਆ ਤੋਂ ਬਾਅਦ ਮਨਜ਼ੂਰਸ਼ੁਦਾ ਰਜਿਸਟਰਡ ਏਜੰਸੀ ਨੂੰ ਕੰਮ ਦਿੱਤਾ ਜਾਂਦਾ ਹੈ। ਗ੍ਰਾਮ ਪੰਚਾਇਤ ਪੱਧਰ 'ਤੇ ਕੇਂਦਰ ਸਥਾਪਤ ਹੈ ਜਿਨ੍ਹਾਂ ਦੇ ਪ੍ਰਬੰਧਨ ਲਈ 2-3 ਫ਼ੀਸਦੀ ਲੋਕਾਂ ਨੂੰ ਰੱਖੇ ਜਾਣ ਦੀ ਯੋਜਨਾ ਹੈ। ਗੋਬਰਧਨ ਯੋਜਨਾ ਗ੍ਰਾਮੀਣ ਲੋਕਾਂ ਨੂੰ ਖ਼ਾਸ ਕਰਕੇ ਔਰਤਾਂ ਨੂੰ ਲਾਭ ਦੇਵੇਗੀ। ਪਿੰਡ ਸਵੱਛ ਹੋ ਸਕੇਗਾ। ਇਸ ਨਾਲ ਗ੍ਰਾਮ ਪੰਚਾਇਤ ਦੀ ਆਮਦਨ ਦੇ ਸਰੋਤਾਂ 'ਚ ਵੀ ਵਾਧਾ ਹੋਵੇਗਾ। ਪੰਚਾਇਤ ਪੱਧਰ 'ਤੇ ਲਾਏ ਗਏ ਬਾਇਓ ਗੈਸ ਤੋਂ ਬਣਿਆ ਬਾਇਓ ਬਾਲਣ, ਖਾਦ ਦੀ ਵਿੱਕਰੀ ਤੋਂ ਆਮਦਨ ਵੀ ਹੋਵੇਗੀ ਜਿਸ ਨਾਲ ਵਿਕਾਸ ਦੇ ਦੂਜੇ ਕੰਮ ਹੋ ਸਕਣਗੇ। ਇਸੇ ਤਰ੍ਹਾਂ ਲੋਕ ਵੀ ਇਸ ਯੋਜਨਾ ਦਾ ਲਾਭ ਉਠਾ ਸਕਦੇ ਹਨ।

# ਜਿੰਗਲ ਵਜਾ ਕੇ ਕੀਤਾ ਲੋਕਾਂ ਨੂੰ ਜਾਗਰੂਕ, ਦਰਵਾਜ਼ੇ ਦੀ ਘੰਟੀ 'ਚ ਲਾਈ ਸਵੱਛਤਾ ਦੀ ਧੁਨ




## ਪ੍ਰਭਾਵ

ਕਲੀਗੇ ਨਾਮੀ ਪਿੰਡ ਦੇ ਹਰ ਘਰ ਵਿਚ ਇਸ ਨੂੰ ਲਗਾਇਆ ਗਿਆ। ਸੀਆਈਓ ਰਵੀ ਕਹਿੰਦੇ ਹਨ ਕਿ ਕਾਲਿੰਗ ਬੈੱਲ (ਘੰਟੀ) ਨਾਲ ਸਵੱਛਤਾ ਦੇ ਮਹੱਤਵ ਨੂੰ ਬਾਰ-ਬਾਰ ਦੱਸਿਆ ਜਾ ਸਕਦਾ ਹੈ ਜਿਸ ਨੂੰ ਲੋਕ ਵੀ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਦੱਖਣ ਕੰਨੜ ਤੇ ਉਡੂਪੀ ਦੇਸ਼ ਦੇ ਉਨ੍ਹਾਂ 46 ਜ਼ਿਲ੍ਹਿਆਂ ਵਿਚ ਸ਼ੁਮਾਰ ਹਨ, ਜਿਨ੍ਹਾਂ ਨੂੰ ਸਵੱਛਤਾ ਦਰਪਣ ਦਾ ਸਨਮਾਨ ਮਿਲਿਆ ਹੈ। ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਦੇ ਤਹਿਤ 20 ਸਤੰਬਰ, 20 16 ਨੂੰ ਇਸ ਜ਼ਿਲ੍ਹੇ ਨੂੰ ਖੁੱਲ੍ਹੇ ਵਿਚ ਸ਼ੌਚ ਮੁਕਤ ਐਲਾਨਿਆ ਗਿਆ ਸੀ।

ਕਰਨਾਟਕ ਦੇ ਦੱਖਣੀ ਕੰਨੜ ਜ਼ਿਲ੍ਹੇ ਦੀ ਪੰਚਾਇਤ ਦੀ ਪਹਿਲ ਦੀ ਚਰਚਾ ਹਰ ਪਾਸੇ ਹੈ। ਸਵੱਛਤਾ ਨੂੰ ਲੈ ਕੇ ਇਹ ਅਨੋਖੀ ਪਹਿਲ ਹੈ। ਇਸ ਪਹਿਲ ਨੇ ਸਵੱਛਤਾ ਪ੍ਰਤੀ ਲੋਕਾਂ ਨੂੰ ਜਾਗਰੂਕ ਕੀਤਾ ਹੈ। ਲੋਕਾਂ ਨੇ ਦੂਜਿਆਂ ਨੂੰ ਪ੍ਰੇਰਿਤ ਕਰਨ ਲਈ ਆਪਣੇ ਘਰਾਂ 'ਚ ਸਵੱਛਤਾ ਬੈੱਲ (ਘੰਟੀ) ਲਗਾਉਣ ਦੀ ਪਹਿਲ ਕੀਤੀ ਹੈ। ਦਰਵਾਜ਼ੇ ਦੀ ਘੰਟੀ 'ਚ ਸਵੱਛਤਾ ਗੀਤਾਂ 'ਚ ਖੁੱਲ੍ਹੇ 'ਚ ਸ਼ੌਚ, ਪਲਾਸਟਿਕ ਦੀ ਵਰਤੋਂ, ਕੂੜਾ ਪ੍ਰਬੰਧਨ ਵਰਗੀਆਂ ਸਮੱਸਿਆਵਾਂ 'ਤੇ ਫੋਕਸ ਕੀਤਾ ਗਿਆ। ਇਸ ਪਹਿਲ ਦਾ ਅਸਰ ਹੁਣ ਇਲਾਕੇ 'ਚ ਦਿਖਾਈ ਦੇ ਰਿਹਾ ਹੈ। ਜ਼ਿਲ੍ਹਾ ਹੁਣ ਖੁੱਲ੍ਹੇ 'ਚ ਸ਼ੌਚਮੁਕਤ ਹੋ ਗਿਆ ਹੈ। ਦਰਅਸਲ, ਇਸ ਪਹਿਲ ਦੀ ਸ਼ੁਰੂਆਤ ਗ੍ਰਾਮ ਪੰਚਾਇਤ ਦੇ ਮੁਖ ਕਾਰਜਕਾਰੀ ਅਧਿਕਾਰੀ ਡਾ. ਐੱਮਆਰ ਰਾਓ ਨੇ ਕੀਤੀ ਸੀ। ਐੱਮਆਰ ਰਾਓ ਨੇ ਕੰਨੜ ਭਾਸ਼ਾ 'ਚ ਕਵਿਤਾ ਲਿਖੀ। ਇਸ ਕਵਿਤਾ 'ਚ ਸਵੱਛਤਾ ਦਾ ਸੰਦੇਸ਼ ਦੇਣ ਵਾਲਾ ਜਿੰਗਲ ਤਿਆਰ ਕੀਤਾ ਗਿਆ। 30 ਸੈਕਿੰਡ ਵਾਲੀ ਇਸ ਜਿੰਗਲ ਨੂੰ ਸਯਾਦਰੋ ਇੰਜੀਨੀਅਰਿੰਗ ਕਾਲਜ ਐਂਡ ਮੈਨੇਜਮੈਂਟ ਕਾਲਜ ਦੇ ਵਿਦਿਆਰਥੀਆਂ ਨੇ ਲਾਇਆ ਅਤੇ ਲੋਕਾਂ ਨੂੰ ਵੰਡਿਆ। ਇਸ ਤਰ੍ਹਾਂ ਦਾ ਸਵੱਛ ਕਾਲ ਬੈੱਲ ਸਭ ਤੋਂ ਪਹਿਲਾਂ ਜ਼ਿਲ੍ਹਾ ਪੰਚਾਇਤ ਦੇ ਮੁਖ ਕਾਰਜਕਾਰੀ ਅਧਿਕਾਰੀ ਨੇ ਆਪਣੇ ਦਫ਼ਤਰ 'ਚ ਲਾਇਆ। ਦਫ਼ਤਰ 'ਚ ਆਉਣ-ਜਾਣ ਵਾਲੇ ਲੋਕਾਂ 'ਤੇ ਇਸ ਜਿੰਗਲ ਦੇ ਸੰਦੇਸ਼ ਦਾ ਪ੍ਰਭਾਵ ਪੈਣ ਲੱਗਾ। ਇਸ ਦੇ ਚੰਗੇ ਨਤੀਜੇ ਦੇਖਦੇ ਹੋਏ ਕਲੀਗੇ ਨਾਮੀ ਪਿੰਡ ਦੇ ਹਰ ਘਰ 'ਚ ਇਸ ਨੂੰ ਲਾਇਆ ਗਿਆ। ਸੀਈਓ ਰੀਵ ਕਹਿੰਦੇ ਹਨ ਕਿ ਕਾਲਿੰਗ ਬੈੱਲ ਨਾਲ ਸਵੱਛਤਾ ਦੇ ਮਹੱਤਵ ਨੂੰ ਬਾਰ-ਬਾਰ ਦੱਸਿਆ ਜਾ ਸਕਦਾ ਹੈ ਜਿਸ ਨੂੰ ਲੋਕ ਵੀ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਦੱਖਣੀ ਕੰਨੜ ਅਤੇ ਉਡੂਪੀ ਦੇਸ਼ ਦੇ ਉਨ੍ਹਾਂ 46 ਜ਼ਿਲ੍ਹਿਆਂ 'ਚ ਸ਼ੁਮਾਰ ਹਨ ਜਿਨ੍ਹਾਂ ਨੂੰ ਸਵੱਛਤਾ ਦਰਪਣ ਦਾ ਸਨਮਾਨ ਮਿਲਿਆ ਹੈ। ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਦੇ ਤਹਿਤ 20 ਸਤੰਬਰ 2016 ਨੂੰ ਇਸ ਜ਼ਿਲ੍ਹੇ ਨੂੰ ਖੁੱਲ੍ਹੇ 'ਚ ਸ਼ੌਚਮੁਕਤ ਐਲਾਨਿਆ ਗਿਆ। ਐੱਮਆਰ ਰਵੀ ਦੱਸਦੇ ਹਨ ਕਿ ਕਾਲਿੰਗ ਬੈੱਲ ਰਾਹੀਂ ਸਵੱਛਤਾ ਦਾ ਸੰਦੇਸ਼ ਚੰਗੀ ਤਰ੍ਹਾਂ ਪ੍ਰਸਾਰਿਤ ਕੀਤਾ ਜਾ ਸਕਦਾ ਹੈ। ਅਸੀਂ ਆਉਣ ਵਾਲੀਆਂ ਪੀੜ੍ਹੀਆਂ 'ਚ ਸਹੀ ਕਦਰਾਂ-ਕੀਮਤਾਂ ਅਤੇ ਆਦਤਾਂ ਨੂੰ ਪੈਦਾ ਕਰਨਾ ਚਾਹੁੰਦੇ ਹਨ ਜਿਸ ਨਾਲ ਸਾਫ਼-ਸਫ਼ਾਈ ਉਨ੍ਹਾਂ ਦੀ ਜ਼ਿੰਦਗੀ ਅਤੇ ਸੱਭਿਆਚਾਰ ਦਾ ਅਹਿਮ ਹਿੱਸਾ ਬਣ ਜਾਵੇ।

ਜਿੱਥੋਂ ਤਕ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਦਾ ਸਵਾਲ ਹੈ, 2000 ਸਕੂਲਾਂ 'ਚ 3.2 ਲੱਖ ਬੱਚੇ ਸਵੱਛਤਾ ਦਿਵਸ ਮਨਾਉਂਦੇ ਹਨ। ਹਰ ਸ਼ਨਿਚਰਵਾਰ ਨੂੰ ਹਰ ਜਮਾਤ 'ਚ "ਸਵੱਛਤਾ" ਦੇ ਵਿਸ਼ੇ ਦੀ ਪੜ੍ਹਾਈ ਕਰਵਾਈ ਜਾਂਦੀ ਹੈ। 'ਸਵੱਛਤਾ ਸ਼ਨਿਚਰਵਾਰ' ਸਵੱਛਤਾ ਦਾ ਪ੍ਰਤੀਕ ਬਣ ਗਿਆ ਹੈ। ਸਕੂਲਾਂ ਦੀ

ਅਸੈਂਬਲੀ ’ਚ ਸਵੱਛਤਾ ਸਬੰਧੀ ਵਿਸ਼ੇਸ਼ ਪ੍ਰੋਗਰਾਮ ਦੇ ਨਾਲ ਸ਼੍ਰਮਦਾਨ ਪ੍ਰੋਗਰਾਮ ਵੀ ਰੱਖਿਆ ਜਾਂਦਾ ਹੈ। ਆਉਣ ਵਾਲੇ ਸਮੇਂ ’ਚ ਇਸ ਕਾਲਿੰਗ ਬੈੱਲ ਨੂੰ ਆਂਗਣਵਾੜੀ ਕੇਂਦਰਾਂ ’ਚ ਵੀ ਸ਼ੁਰੂ ਕਰਨ ਦੀ ਯੋਜਨਾ ਹੈ। ਇਨ੍ਹਾਂ ਕੇਂਦਰਾਂ ’ਚ ਰੋਜ਼ਾਨਾ 30 ਹਜ਼ਾਰ ਮਾਵਾਂ ਆਉਂਦੀਆਂ ਹਨ। ਮੌਜੂਦਾ ਸਮੇਂ ’ਚ 2104 ਆਂਗਣਵਾੜੀ ਸੈਂਟਰ ਹਨ ਜੋ 1600 ਤੋਂ ਜ਼ਿਆਦਾ ਪਿੰਡਾਂ ’ਚ ਸਥਿਤ ਹਨ। ਇਥੋਂ ਦੇ ਕਈ ਪਿੰਡ ਹਾਈਵੇਅ ’ਤੇ ਸਥਿਤ ਹਨ। ਇਸ ਕਾਰਨ ਲੋਕ ਹਾਈਵੇਅ ’ਤੇ ਕੂੜਾ ਸੁੱਟ ਦਿੰਦੇ ਹਨ। ਅਜਿਹੇ ਲੋਕਾਂ ਦੇ ਖ਼ਿਲਾਫ਼ ਕਾਰਵਾਈ ਕਰਨ ਲਈ ਪ੍ਰਸ਼ਾਸਨ ਨੇ ਟਾਸਕ ਫੋਰਸ ਦਾ ਗਠਨ ਕੀਤਾ ਹੈ ਜੋ ਉਨ੍ਹਾਂ ਨੂੰ ਜੁਰਮਾਨਾ ਕਰੇਗੀ। ਸਵੱਛਤਾ ਦਾ ਗਾਣਾ ਇਸ ਲਿੰਕ ’ਤੇ ਸੁਣਿਆ ਜਾ ਸਕਦਾ ਹੈ।

# ‘ਪੱਲੇ ਸੂਦਲੂ’ ਲੋਕ ਕਲਾ ਨਾਲ ਬਦਲੀਆਂ ਪਿੰਡ ਦੇ ਲੋਕਾਂ ਦੇ ਆਦਤਾਂ

ਲੋਕ ਕਲਾਵਾਂ ਪ੍ਰਗਟਾਵੇ ਦਾ ਮਾਧਿਅਮ ਹਨ। ਲੋਕ ਕਲਾਵਾਂ ਹੁਣ ਤਬਦੀਲੀ ਦਾ ਸਸ਼ਕਤ ਮਾਧਿਅਮ ਸਿੱਧ ਹੋ ਰਹੀਆਂ ਹਨ। ਲੋਕ ਕਲਾਵਾਂ ਹੀ ਲੋਕਾਂ ਨੂੰ ਆਪਸ ’ਚ ਜੋੜਦੀਆਂ ਹਨ। ਲੋਕਾਂ ’ਚ ਇਨ੍ਹਾਂ ਦੇ ਪ੍ਰਭਾਵ ਨੂੰ ਦੇਖਦਿਆਂ ਤੇਲੰਗਾਨਾ ਦੇ ਵਨਾਪਰਥੀ ਜ਼ਿਲ੍ਹੇ ਦੀ ਅਧਿਕਾਰੀ ਸਵੇਤਾ ਮੋਹੰਤੀ ਨੇ ਇਸ ਨੂੰ ਸਮਾਜ ’ਚ ਬਦਲਾਅ ਦਾ ਮਾਧਿਅਮ ਬਣਾਇਆ। ‘ਪੱਲੇ ਸੂਦਲੂ’ ਨਾਮ ਦੀ ਲੋਕ ਕਲਾ ਨੂੰ ਜਨ ਜਾਗਰੂਤਾ ਦਾ ਮਾਧਿਅਮ ਬਣਾਇਆ ਅਤੇ ਜ਼ਿਲ੍ਹੇ ’ਚ ਸਵੱਛਤਾ ਅਭਿਆਨ ਨਾਲ ਕਲਾਕਾਰਾਂ ਨੂੰ ਜੋੜਿਆ। ‘ਪੱਲੇ ਸੂਦਲੂ’ ਤੇਲੰਗਾਨਾ ਦੀ ਇਕ ਲੋਕ ਕਲਾ ਹੈ ਜਿਸ ’ਚ 5–7 ਕਲਾਕਾਰ ਸਾਜਾਂ ਦੀਆਂ ਧੁਨਾਂ ’ਤੇ ਗਾ ਕੇ ਲੋਕਾਂ ਨੂੰ ਰੌਚਕ ਕਹਾਣੀਆਂ ਸੁਣਾਉਂਦੇ ਹਨ। ਚਲੰਤ ਮਾਮਲਿਆਂ ’ਤੇ ਬੁਣੀਆਂ ਕਹਾਣੀਆਂ ਨੂੰ ਦਿਲਚਸਪ ਅੰਦਾਜ਼ ’ਚ ਸੁਣਾਇਆ ਜਾਂਦਾ ਹੈ। ਇਹ ਕਹਾਣੀਆਂ ਹਾਸ ਰਸ ਨਾਲ ਭਰਪੂਰ ਹੁੰਦੀਆਂ ਹਨ। ਇਨ੍ਹਾਂ ਨੂੰ ਲੋਕ ਚਾਹ ਨਾਲ ਸੁਣਦੇ ਹਨ। ਸਾਲਾਂ ਦੀ ਪਰੰਪਰਾ ਹੈ, ਇਸ ਲਈ ਪਿੰਡ ਦੇ ਲੋਕ ਇਸ ਨਾਲ ਭਾਵਨਾਤਮਕ ਤੌਰ ’ਤੇ ਜੁੜੇ ਹੋਏ ਹਨ। ਜ਼ਿਲ੍ਹਾ ਅਧਿਕਾਰੀ ਨੇ ਇਸ ਲੋਕ ਕਲਾ ਦੇ ਪ੍ਰਭਾਵ ਨੂੰ ਦੇਖਦਿਆਂ ਇਸ ਦੇ ਮਾਧਿਅਮ ਰਾਹੀਂ ਲੋਕਾਂ ਤਕ ਆਪਣਾ ਸੁਨੇਹਾ ਪਹੁੰਚਾਉਣਾ ਸ਼ੁਰੂ ਕਰ ਦਿੱਤਾ। ਲੋਕਾਂ ਨੂੰ ਖੁੱਲ੍ਹੇ ’ਚ ਸ਼ੌਚ ਜਾਣ ਦੇ ਨੁਕਸਾਨ ਬਾਰੇ ਦੱਸਿਆ ਗਿਆ। ਸਾਲਾ ਤੋਂ ਚੱਲੀਆਂ ਆ ਰਹੀਆਂ ਆਦਤਾਂ ਨੂੰ ਬਦਲਣ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ ਗਿਆ। ਖ਼ਾਸ ਕਰਕੇ ਬਜ਼ੁਰਗ ਲੋਕਾਂ ਨੂੰ ਜਿਹੜੇ ਆਪਣੀਆਂ ਪ੍ਰੰਪਰਾਵਾਂ ਤੇ ਸੱਭਿਆਚਾਰ ਨਾਲ ਨੇੜਿਓਂ ਜੁੜੇ ਹੋਏ ਸਨ। ਉਹ ਵੀ ਜਾਗਰੂਕ ਹੋਏ ਅਤੇ ਆਪਣੇ ਘਰਾਂ ’ਚ ਸ਼ੌਚਾਲਿਆ ਬਣਾਉਣ ਲਈ ਰਾਜ਼ੀ ਹੋਏ। ਜ਼ਿਲ੍ਹੇ ਦੀਆਂ ਸਾਰੀਆਂ ਪੰਚਾਇਤਾਂ ’ਚ ਹਰ ਰੋਜ਼ ‘ਪੱਲੂ ਸੁਦਲੂ’ ਦਾ ਇਕ ਪ੍ਰੋਗਰਾਮ ਕੀਤਾ ਜਾਂਦਾ ਹੈ। ਕਹਾਣੀਆਂ ’ਚ ਸਵੱਛਤਾ ਦੇ ਸੰਦੇਸ਼ਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਜ਼ਿਲ੍ਹਾ ਅਧਿਕਾਰੀ ਭਾਰਤ ਕੁਮਾਰ ਦੱਸਦੇ ਹਨ ਕਿ ਕਲਾਕਾਰ ਪਿੰਡ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਹੀ ਪ੍ਰਗਟਾਉਂਦੇ ਹਨ। ਇਸ ਲਈ ਗੱਲ ਸਿੱਧੀ ਲੋਕਾਂ ਦੇ ਦਿਲ ਤਕ ਜਾਂਦੀ ਹੈ। ਕਲਾਕਾਰ ਲੋਕਾਂ ਦੀਆਂ ਦਿੱਕਤਾਂ ਨੂੰ ਸੰਵਾਦ ’ਚ ਸ਼ਾਮਲ ਕਰਦੇ ਹਨ। ਇਨ੍ਹਾਂ ਦਾ ਹੱਲ ਦੱਸਦੇ ਹਨ। ਪਿੰਡ ਦਾ ਆਮ ਆਦਮੀ ਬਣਕੇ ਲੋਕਾਂ ਨਾਲ ਗੱਲਾਂ ਕਰਦੇ ਹਨ। ਇਸ ਪ੍ਰੋਗਰਾਮ ਨਾਲ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਨੂੰ ਸਫਲਤਾ ਹਾਸਲ ਹੋਈ। 2 ਜੂਨ, 2018 ਨੂੰ ਤੇਲੰਗਾਨਾ ਦੇ ਸਥਾਪਨਾ ਦਿਵਸ ਦੇ ਮੌਕੇ ’ਤੇ 50 ਪਿੰਡ ਖੁੱਲ੍ਹੇ ’ਚ ਸ਼ੌਚਮੁਕਤ ਐਲਾਨੇ ਗਏ। ਇਸ ਅਭਿਆਨ ਨੂੰ ਅੱਗੇ ਵੀ ਜਾਰੀ ਰੱਖਣ ਲਈ ਗ੍ਰਾਮ ਪੰਚਾਇਤਾਂ ਨੇ ਨਿਗਰਾਨ ਕਮੇਟੀ ਬਣਾਈ ਹੈ ਜਿਸ ’ਚ ਪਿੰਡ ਦੇ ਲੋਕਾਂ ਨੂੰ ਮੈਂਬਰ ਬਣਾਇਆ ਗਿਆ। ਇਹ ਕਮੇਟੀ ਹਰ ਰੋਜ਼ ਆਪਣਾ ਕੰਮ ਕਰਦੀ ਹੈ ਅਤੇ ਖੁੱਲ੍ਹੇ ’ਚ ਸ਼ੌਚ ਕਰਨ ਵਾਲਿਆਂ ਨੂੰ ਸਮਝਾਉਂਦੀ ਹੈ।



### ਪ੍ਰਭਾਵ

ਜ਼ਿਲ੍ਹਾ ਅਧਿਕਾਰੀ ਨੇ ਇਸ ਲੋਕ ਕਲਾ ਦੇ ਪ੍ਰਭਾਵ ਨੂੰ ਦੇਖਦਿਆਂ ਇਸ ਦੇ ਮਾਧਿਅਮ ਰਾਹੀਂ ਲੋਕਾਂ ਤਕ ਆਪਣਾ ਸੁਨੇਹਾ ਪਹੁੰਚਾਉਣਾ ਸ਼ੁਰੂ ਕਰ ਦਿੱਤਾ। ਲੋਕਾਂ ਨੂੰ ਖੁੱਲ੍ਹੇ ’ਚ ਸ਼ੌਚ ਜਾਣ ਦੇ ਨੁਕਸਾਨ ਬਾਰੇ ਦੱਸਿਆ ਗਿਆ। ਸਾਲਾ ਤੋਂ ਚੱਲੀਆਂ ਆ ਰਹੀਆਂ ਆਦਤਾਂ ਨੂੰ ਬਦਲਣ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ ਗਿਆ।

# ਕੀ ਤੁਸੀਂ ਜਾਣਦੇ ਹੋ?

ਗੰਦੇ ਪਾਣੀ ਅਤੇ ਮਲ-ਮੂਤਰ ਵਾਲੀ ਗਾਰ ਦੇ ਪ੍ਰਬੰਧਾਂ ਲਈ ਕਈ ਤਕਨੀਕਾਂ ਅਮਲ 'ਚ ਲਿਆਂਦੀਆਂ ਜਾਂਦੀਆਂ ਹਨ।



## ਮਲ-ਮੂਤਰ ਵਾਲੀ ਗਾਰ ਤੋਂ ਖਾਦ ਬਣਾਉਣ ਦੀ ਪ੍ਰਕਿਰਿਆ (ਕੰਪੋਸਟਿੰਗ)

ਮਲ-ਮੂਤਰ ਯੁਕਤ ਗਾਰ ਦੇ ਪ੍ਰਬੰਧ 'ਚ ਕੰਪੋਸਟਿੰਗ ਦੀ ਅਹਿਮ ਭੂਮਿਕਾ ਹੁੰਦੀ ਹੈ। ਇਸ ਖਾਦ ਬਣਾਉਣ ਦੀ ਪ੍ਰਕਿਰਿਆ ਹੈ ਜਿਸ 'ਚ ਜੀਵਾਣੂਆਂ ਦੀ ਮਦਦ ਨਾਲ ਮਲ-ਮੂਤਰ ਨੂੰ ਸਾੜਿਆ ਜਾਂਦਾ ਹੈ। ਇਸ ਪ੍ਰਕਿਰਿਆ ਤੋਂ ਤਿਆਰ ਜੈਵਿਕ ਖਾਦ ਦੀ ਵਰਤੋਂ ਖੇਤਾਂ 'ਚ ਕੀਤੀ ਜਾਂਦੀ ਹੈ।

## ਗੰਦੇ ਪਾਣੀ ਨੂੰ ਸੋਧਣ ਦਾ ਤਲਾਬ

ਇਸ ਤਕਨੀਕ 'ਚ ਕਈ ਛੋਟੇ-ਵੱਡੇ ਤਲਾਬਾਂ ਦੀ ਜ਼ਰੂਰਤ ਹੁੰਦੀ ਹੈ। ਸਾਰੇ ਤਲਾਬ ਇਕ-ਦੂਜੇ ਨਾਲ ਜੁੜੇ ਹੁੰਦੇ ਹਨ। ਹਰ ਪੱਧਰ 'ਤੇ ਗੰਦੇ ਪਾਣੀ ਦੇ ਪਦਾਰਥਾਂ ਨੂੰ ਪੁਣਨ ਦੀ ਪ੍ਰਕਿਰਿਆ ਜਾਰੀ ਰਹਿੰਦੀ ਹੈ ਜਦ ਤਕ ਕਿ ਪਾਣੀ ਅਤੇ ਠੋਸ ਗੰਦੇ ਪਦਾਰਥ ਵੱਖ-ਵੱਖ ਨਾ ਹੋ ਜਾਣ। ਇਸ ਤਰ੍ਹਾਂ ਦੀ ਤਕਨੀਕ ਤੋਂ ਨਿਕਲੇ ਪਾਣੀ ਦੀ ਵਰਤੋਂ ਇਨ੍ਹੀਂ ਦਿਨੀ ਪਾਰਕਾਂ 'ਚ ਵੀ ਕੀਤੀ ਜਾ ਰਹੀ ਹੈ।

## ਡੂੰਘੇ ਟੋਏ ਪੁੱਟ ਕੇ ਮਲ-ਮੂਤਰ ਵਾਲੀ ਗਾਰ ਦਾ ਪ੍ਰਬੰਧਨ

ਇਸ ਪ੍ਰਕਿਰਿਆ 'ਚ ਮਲ-ਮੂਤਰ ਵਾਲੀ ਗਾਰ ਨੂੰ ਨਿਪਟਾਰੇ ਲਈ ਡੂੰਘੇ ਟੋਏ ਪੁੱਟ ਕੇ ਉਸ 'ਚ ਪਾਇਆ ਜਾਂਦਾ ਹੈ। ਇਸ ਟੋਏ ਨੂੰ ਫਿਰ ਮਿੱਟੀ ਨਾਲ ਭਰਿਆ ਜਾਂਦਾ ਹੈ। ਉਸ 'ਤੇ ਰੁੱਖ-ਪੌਦੇ ਲਾਏ ਜਾਂਦੇ ਹਨ। ਇਸ ਪ੍ਰਬੰਧਨ ਦੀ ਪ੍ਰਕਿਰਿਆ ਲਈ ਜ਼ਮੀਨ ਦੀ ਲੋੜ ਹੁੰਦੀ ਹੈ। ਇਸ ਲਈ ਜਿੱਥੇ ਜ਼ਮੀਨ ਹੋਵੇ ਉਥੇ ਇਹ ਕਾਮਯਾਬੀ ਨਾਲ ਕੀਤਾ ਜਾ ਸਕਦਾ ਹੈ।

## ਟੋਇਆਂ 'ਚ ਮਲ-ਮੂਤਰ ਵਾਲੀ ਗਾਰ ਦਾ ਪ੍ਰਬੰਧਨ

ਭਾਰਤ 'ਚ ਇਸ ਤਰ੍ਹਾਂ ਦੇ ਪ੍ਰਬੰਧਨ ਦੀ ਵਿਵਸਥਾ ਬਹੁਤ ਪੁਰਾਣੀ ਹੈ। ਅਮਰੀਕਾ ਵੀ 80 ਦੇ ਦਹਾਕੇ ਤਕ ਇਸੇ ਤਰ੍ਹਾਂ ਦੀ ਤਕਨੀਕ ਦੀ ਵਰਤੋਂ ਕਰਦਾ ਸੀ। ਸਾਊਥ ਅਫ਼ਰੀਕਾ ਅਤੇ ਮਲੇਸ਼ੀਆ ਅੱਜ ਵੀ ਇਸੇ ਤਕਨੀਕ ਨਾਲ ਮਲ-ਮੂਤਰ ਵਾਲੀ ਗਾਰ ਦਾ ਪ੍ਰਬੰਧਨ ਕਰ ਰਹੇ ਹਨ। ਇਸ ਲਈ ਡੂੰਘੇ ਟੋਏ ਅਤੇ ਘੱਟ ਡੂੰਘੇ ਟੋਏ ਦੀ ਲੋੜ ਹੁੰਦੀ ਹੈ। ਟੋਇਆਂ 'ਤੇ ਅਤੇ ਇਨ੍ਹਾਂ ਦੇ ਆਲੇ-ਦੁਆਲੇ ਰੁੱਖ ਅਤੇ ਪੌਦੇ ਲਾਏ ਜਾਂਦੇ ਹਨ।

## ਮਲ-ਮੂਤਰ ਵਾਲੀ ਗਾਰ ਦੇ ਪ੍ਰਬੰਧਨ ਲਈ ਮਸ਼ੀਨਰੀ (ਐੱਫਐੱਸਟੀਪੀ)

ਸੀਵਰੇਜ ਦੀ ਪਲਾਂਟ 'ਚ ਕਈ ਤਕਨੀਕਾਂ ਦੇ ਮਾਡਿਊਲ ਸ਼ਾਮਲ ਕੀਤੇ ਜਾਂਦੇ ਹਨ। ਇਨ੍ਹਾਂ 'ਚੋਂ ਇਕ ਸੈਪਟਿਕ ਟੈਂਕ, ਰਿਐਕਟਰ ਅਤੇ ਫਿਲਟਰ, ਦਲਦਲੀ ਜ਼ਮੀਨ, ਮਲ-ਮੂਤਰ ਵਾਲੀ ਗਾਰ ਨੂੰ ਪਾਣੀ ਤੋਂ ਵੱਖ ਕਰਨ ਵਾਲੀ ਪ੍ਰਣਾਲੀ, ਬਾਇਓ ਗੈਸ ਮਸ਼ੀਨਰੀ ਅਤੇ ਖਾਦ ਬਣਾਉਣ ਦੇ ਸਥਾਨ ਦੀ ਲੋੜ ਹੁੰਦੀ ਹੈ।

## ਕੀ ਹੈ ਗੋਬਰਧਨ ਯੋਜਨਾ?

ਗੋਬਰ (ਗੈਲਵਨਾਈਜ਼ਿੰਗ ਆਰਗੈਨਿਕ ਬਾਇਓ ਐਗਰੋ ਰਿਸੋਰਸ) ਧਨ ਯੋਜਨਾ ਸਵੱਛਤਾ ਅਤੇ ਪੀਣ ਯੋਗ ਪਾਣੀ ਮੰਤਰਾਲਾ ਨੇ 30 ਅਪ੍ਰੈਲ 2018 ਨੂੰ ਸ਼ੁਰੂ ਕੀਤੀ ਸੀ। ਇਸ ਯੋਜਨਾ ਦੇ ਤਹਿਤ ਗੋਹਾ ਅਤੇ ਠੋਸ ਗੰਦੇ ਪਦਾਰਥਾਂ ਨੂੰ ਕੰਪੋਸਟ, ਬਾਇਓ ਗੈਸ ਅਤੇ ਬਾਇਓ ਸੀਐੱਨਜੀ 'ਚ ਤਬਦੀਲ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਇਸ ਨਾਲ ਪਿੰਡ 'ਚ ਗੋਹੇ ਤੋਂ ਬਿਜਲੀ ਬਣਾ ਕੇ ਨਾ ਸਿਰਫ਼ ਊਰਜਾ ਦੀਆਂ ਲੋੜਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ ਸਗੋਂ ਰੁਜ਼ਗਾਰ ਦੇ ਨਵੇਂ ਮੌਕੇ ਵੀ ਪ੍ਰਦਾਨ ਕੀਤੇ ਜਾ ਰਹੇ ਹਨ।

ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਦੇ ਦੋ ਮੁਖ ਪਹਿਲੂ ਹਨ ਜਿਨ੍ਹਾਂ 'ਚ ਪਿੰਡ ਨੂੰ ਸਵੱਛ ਰੱਖਣ ਅਤੇ ਉਸ ਨੂੰ ਖੁੱਲ੍ਹੇ ਸ਼ੌਚਮੁਕਤ ਕਰਨ ਦੇ ਨਾਲ-ਨਾਲ ਮਲ-ਮੂਤਰ ਵਾਲੀ ਗਾਰ ਦੇ ਪ੍ਰਬੰਧਨ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਦੇਸ਼ ਦੇ ਪਿੰਡ ਖੁੱਲ੍ਹੇ 'ਚ ਸ਼ੌਚਮੁਕਤ ਹੋ ਰਹੇ ਹਨ, ਇਸ ਲਈ ਮਲ-ਮੂਤਰ ਵਾਲੀ ਗਾਰ ਦੇ ਪ੍ਰਬੰਧਨ ਦੀ ਦਿਸ਼ਾ 'ਚ ਕੰਮ ਕੀਤਾ ਜਾ ਰਿਹਾ ਹੈ। ਪਿੰਡਾਂ 'ਚ ਸ਼ੌਚਮੁਕਤ ਕਰਨ ਦੇ ਨਾਲ-ਨਾਲ ਹੁਣ ਦੂਜੇ ਪੜਾਅ 'ਚ ਗਾਰ ਦੇ ਪ੍ਰਬੰਧਨ ਲਈ ਠੋਸ ਕਦਮ ਚੁੱਕੇ ਜਾ ਰਹੇ ਹਨ। ਗਾਰ ਪ੍ਰਬੰਧਨ 'ਚ ਗੋਬਰਧਨ ਯੋਜਨਾ ਕਾਰਗਰ ਸਾਬਤ ਹੋ ਰਹੀ ਹੈ। ਇਸ ਵਿੱਤੀ ਵਰ੍ਹੇ 'ਚ ਦੇਸ਼ ਦੇ ਵੱਖ-ਵੱਖ ਸੂਬਿਆਂ 'ਚ 700 ਬਾਇਓ ਗੈਸ ਪਲਾਂਟ ਲਾਉਣ ਦਾ ਟੀਚਾ ਰੱਖਿਆ ਗਿਆ ਹੈ।





# ਨਿਰਮਲ ਗੰਗਾ ਲਈ ਪਿੰਡ ਵਾਲਿਆਂ ਨੇ ਕੱਢੀ ਸਵੱਛ ਕਲਸ਼ ਯਾਤਰਾ

## ਖੇਡ-ਖੇਡ 'ਚ ਗੰਗਾ ਨੂੰ ਸਾਫ਼ ਕਰਨ ਦਾ ਦੱਸਿਆ ਤਰੀਕਾ



ਲੋਕਾਂ ਦੇ ਸਮੂਹਿਕ ਯਤਨਾਂ ਨਾਲ ਹਮੇਸ਼ਾ ਹੀ ਸਕਾਰਾਤਮਕ ਬਦਲਾਅ ਹੁੰਦਾ ਹੈ। ਇਸ ਦੇ ਨਾਲ ਸਮਾਜ ਦੇ ਲੋਕਾਂ ਨੂੰ ਲਾਭ ਵੀ ਪ੍ਰਾਪਤ ਹੁੰਦਾ ਹੈ। ਝਾਰਖੰਡ ਦੇ ਸਾਹਿਬਗੰਜ ਜ਼ਿਲ੍ਹੇ 'ਚ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਤਹਿਤ ਇਸ ਤਰ੍ਹਾਂ ਦਾ ਹੀ ਸਕਾਰਾਤਮਕ ਗਿਆਨ ਦੇਖਣ ਨੂੰ ਮਿਲ ਰਿਹਾ ਹੈ। ਜ਼ਿਲ੍ਹੇ 'ਚ ਲੋਕਾਂ ਨੂੰ ਸਵੱਛਤਾ ਅਭਿਆਨ ਨਾਲ ਜੋੜਣ ਲਈ ਸਵੱਛਤਾ ਫੁੱਟਬਾਲ ਮੁਕਾਬਲੇ, ਸਵੱਛਤਾ ਕਲਸ਼ ਯਾਤਰਾ, ਗੰਗਾ ਆਰਤੀ ਦੀ ਸ਼ੁਰੂਆਤ ਕੀਤੀ ਗਈ। ਇਸ ਦੇ ਨਾਲ ਹੀ ਵਿਸ਼ਵ ਵਾਤਾਵਰਨ ਸਪਤਾਹ 30 ਮਈ ਤੋਂ 5 ਜੂਨ ਤਕ ਮਨਾਇਆ ਗਿਆ। ਇਨ੍ਹਾਂ ਸਾਰੇ ਪ੍ਰੋਗਰਾਮਾਂ 'ਚ ਲੋਕਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਗੰਗਾ ਨੂੰ ਸਾਫ਼ ਅਤੇ ਪਲਾਸਟਿਕ ਮੁਕਤ ਬਣਾਉਣ ਲਈ ਲੋਕਾਂ ਨੇ ਕਿਰਤ ਕੀਤੀ। ਸਵੱਛਤਾ ਅਭਿਆਨ 'ਚ ਲੋਕਾਂ ਦੀ ਹਿੱਸੇਦਾਰੀ ਯਕੀਨੀ ਕੀਤੀ ਗਈ। ਜ਼ਿਲ੍ਹੇ ਦੇ ਹਰ ਦਿਨ ਦੀ ਸ਼ੁਰੂਆਤ ਸਵੱਛਤਾ ਦੇ ਗੀਤ ਨਾਲ ਹੁੰਦੀ ਹੈ, ਉਸ ਮਗਰੋਂ ਲੋਕ ਕੁਝ ਘੰਟੇ ਗੰਗਾ ਦੇ ਕਿਨਾਰੇ ਪਲਾਸਟਿਕ, ਕੂੜੇ ਨੂੰ ਚੁੱਕਦੇ, ਨਦੀ ਦੇ ਕੰਢੇ 'ਤੇ ਰੁੱਖ ਲਾਉਂਦੇ ਹਨ ਅਤੇ ਸ਼ਾਮ ਨੂੰ ਗੰਗਾ ਆਰਤੀ ਕਰਦੇ ਹਨ। ਗੰਗਾ ਆਰਤੀ ਅਤੇ ਭਜਨਾਂ ਤੋਂ ਪਿੰਡ ਦੇ ਲੋਕ ਉਤਸ਼ਾਹਿਤ ਹੋ ਕੇ ਇਨ੍ਹਾਂ ਪ੍ਰੋਗਰਾਮਾਂ 'ਚ ਹਿੱਸਾ ਲੈਂਦੇ ਹਨ। ਨੌਜਵਾਨਾਂ ਨੂੰ ਜਾਗਰੂਕਤਾ ਪ੍ਰੋਗਰਾਮਾਂ ਨਾਲ ਜੋੜਨ ਲਈ ਖੇਡ ਮੁਕਾਬਲੇ ਕਰਵਾਏ ਜਾਂਦੇ ਹਨ। ਸਾਹਿਬਗੰਜ ਦੀ ਪਹਿਲ ਨਾਲ ਪਿੰਡ-ਪਿੰਡ 'ਚ ਸਵੱਛਤਾ ਪ੍ਰਤੀ ਜਾਗਰੂਕਤਾ ਆ ਗਈ ਹੈ। ਸਾਹਿਬਗੰਜ 'ਚ ਸਵੱਛਤਾ ਮਿਸ਼ਨ ਤਹਿਤ ਉਠਾਏ ਗਏ ਕੁਝ ਕਦਮ :

**ਸਵੱਛਤਾ ਕਲਸ਼ ਯਾਤਰਾ** – ਕਲਸ਼ ਯਾਤਰਾ 'ਚ ਪਿੰਡ ਦੀਆਂ ਔਰਤਾਂ ਰੰਗ-ਬਿਰੰਗੇ ਪਹਿਰਾਵਿਆਂ 'ਚ ਸਿਰ 'ਤੇ ਪਾਣੀ ਨਾਲ ਭਰੇ ਕਲਸ਼ ਰੱਖ ਕੇ ਨਿਕਲਦੀਆਂ ਹਨ। ਇਸ ਯਾਤਰਾ ਦੌਰਾਨ ਉਹ ਲੋਕਾਂ ਨੂੰ ਸ਼ੌਚਾਲਿਆਂ ਦੇ ਮਹੱਤਵ ਬਾਰੇ ਦੱਸਦੀਆਂ ਹਨ। ਇਹ ਯਾਤਰਾ ਗੰਗਾ ਆਰਤੀ ਨਾਲ ਸੰਪੂਰਨ ਹੁੰਦੀ ਹੈ। ਔਰਤਾਂ ਦੀ ਇਸ ਪਹਿਲ ਨਾਲ ਲੋਕ ਗੰਗਾ ਨਦੀ ਨੂੰ ਸਾਫ਼ ਰੱਖਣ ਪ੍ਰਤੀ ਜਾਗਰੂਕ ਹੋਏ ਹਨ।

**ਸਵੱਛਤਾ ਫੁੱਟਬਾਲ ਮੁਕਾਬਲੇ** – ਸਾਹਿਬਗੰਜ ਦੇ ਸਾਰੇ ਬਲਾਕਾਂ 'ਚ ਸਵੱਛਤਾ ਫੁੱਟਬਾਲ ਮੁਕਾਬਲਿਆਂ 'ਚ ਨੌਜਵਾਨਾਂ ਨੂੰ ਜੋੜਿਆ ਜਾਂਦਾ ਹੈ। ਇਸ 'ਚ ਪੇਂਡੂ ਖੇਡਾਂ ਵੀ ਸ਼ਾਮਲ ਕੀਤੀਆਂ ਜਾਂਦੀਆਂ ਹਨ। ਨੌਜਵਾਨਾਂ ਨੂੰ ਇਨ੍ਹਾਂ ਖੇਡਾਂ ਨਾਲ ਜੋੜਨ ਲਈ ਪਠਨਾ ਬਲਾਕ ਨੇ ਪਹਿਲ ਕਰਦੇ ਹੋਏ ਇਨ੍ਹਾਂ ਖੇਡਾਂ ਦੇ ਮੁਕਾਬਲੇ ਕਰਵਾਏ ਹਨ।

### ਪ੍ਰਭਾਵ

ਸਵੱਛਤਾ ਅਭਿਆਨ 'ਚ ਲੋਕਾਂ ਦੀ ਹਿੱਸੇਦਾਰੀ ਯਕੀਨੀ ਕੀਤੀ ਗਈ। ਜ਼ਿਲ੍ਹੇ 'ਚ ਹਰ ਰੋਜ਼ ਦੀ ਸ਼ੁਰੂਆਤ ਸਵੱਛਤਾ ਦੇ ਭਜਨ ਨਾਲ ਹੁੰਦੀ ਹੈ, ਇਸ ਮਗਰੋਂ ਲੋਕ ਕੁਝ ਘੰਟੇ ਗੰਗਾ ਨਦੀ ਕੰਢੇ ਪਲਾਸਟਿਕ, ਕੂੜਾ ਚੁੱਕਦੇ ਹਨ, ਨਦੀ ਕੰਢੇ ਰੁੱਖ ਲਾਉਂਦੇ ਅਤੇ ਸ਼ਾਮ ਨੂੰ ਗੰਗਾ ਦੀ ਆਰਤੀ ਕਰਦੇ ਹਨ। ਗੰਗਾ ਦੀ ਆਰਤੀ ਅਤੇ ਭਜਨ ਨਾਲ ਪਿੰਡ ਦੇ ਲੋਕ ਉਤਸ਼ਾਹਿਤ ਹੋ ਕੇ ਇਨ੍ਹਾਂ ਪ੍ਰੋਗਰਾਮਾਂ 'ਚ ਹਿੱਸਾ ਲੈਂਦੇ ਹਨ। ਨੌਜਵਾਨਾਂ ਨੂੰ ਜਾਗਰੂਕਤਾ ਪ੍ਰੋਗਰਾਮਾਂ ਨਾਲ ਜੋੜਨ ਲਈ ਖੇਡ ਮੁਕਾਬਲੇ ਵੀ ਕਰਵਾਏ ਜਾਂਦੇ ਹਨ।






# ਕਾਂਚੀਪੁਰਮ ਨੇ ਮਿਸਾਲ ਪੇਸ਼ ਕੀਤੀ, ਬੇਕਾਰ ਪਏ 8326 ਸ਼ੌਚਾਲਿਆਂ ਨੂੰ ਵਰਤੋਂ ਯੋਗ ਬਣਾਇਆ

ਰੇਸ਼ਮ ਦੀ ਸਾੜ੍ਹੀ ਲਈ ਮਸ਼ਹੂਰ ਸ਼ਹਿਰ ਕਾਂਚੀਪੁਰਮ ਸ਼ਹਿਰ ਹੁਣ ਸਾਫ਼-ਸੁਥਰੇ ਸ਼ਹਿਰਾਂ 'ਚ ਵੀ ਸ਼ਾਮਲ ਹੋ ਚੁੱਕਾ ਹੈ। ਪ੍ਰਸ਼ਾਸਨ ਅਤੇ ਲੋਕਾਂ ਦੀਆਂ ਕੋਸ਼ਿਸ਼ਾਂ ਨਾਲ ਕਾਂਚੀਪੁਰਮ ਹੁਣ ਖੁੱਲ੍ਹ 'ਚ ਸ਼ੌਚਮੁਕਤ ਸ਼ਹਿਰ ਬਣ ਚੁੱਕਿਆ ਹੈ। 27 ਫਰਵਰੀ 2018 ਨੂੰ ਕਾਂਚੀਪੁਰਮ ਨੂੰ ਇਹ ਦਰਜਾ ਹਾਸਲ ਹੋਇਆ ਹੈ। ਇਹ ਦਰਜਾ ਹਾਸਲ ਕਰਨ ਲਈ ਪ੍ਰਸ਼ਾਸਨ ਨੇ ਪਹਿਲਾ ਤੋਂ ਬੇਕਾਰ ਪਏ ਸ਼ੌਚਾਲਿਆਂ ਨੂੰ ਹੀ ਠੀਕ ਕਰਨ ਦਾ ਬੀੜਾ ਚੁੱਕਿਆ। ਇਸ ਤਰ੍ਹਾਂ ਜ਼ਿਲ੍ਹੇ ਦੇ 8326 ਸ਼ੌਚਾਲਿਆਂ ਨੂੰ ਵਰਤਣ ਲਾਇਕ ਬਣਾਇਆ ਗਿਆ।

ਪਿਛਲੇ ਕੁਝ ਮਹੀਨਿਆਂ 'ਚ ਕਾਂਚੀਪੁਰਮ 'ਚ 8326 ਸ਼ੌਚਾਲਿਆਂ ਨੂੰ ਵਰਤਣ ਯੋਗ ਬਣਾਇਆ ਜਾ ਚੁੱਕਾ ਹੈ। ਸਾਲ 2012 'ਚ ਕਾਂਚੀਪੁਰਮ 'ਚ ਇਕ ਸਰਵੇ ਕੀਤਾ ਗਿਆ ਸੀ। ਸਰਵੇ ਤੋਂ ਪਤਾ ਲੱਗਾ ਕਿ ਜ਼ਿਲ੍ਹੇ ਦੇ ਸਾਰੇ ਬਲਾਕਾਂ 'ਚ 8326 ਸ਼ੌਚਾਲਿਆ ਤਾਂ ਵਰਤੋਂ 'ਚ ਹੀ ਨਹੀਂ ਲਿਆਂਦੇ ਜਾ ਰਹੇ। ਇਨ੍ਹਾਂ 'ਚੋਂ ਤਕਰੀਬਨ ਸਾਢੇ ਤਿੰਨ ਹਜ਼ਾਰ ਤਾਂ ਵਰਤੋਂ ਕਰਨ ਯੋਗ ਹੀ ਨਹੀਂ ਸਨ। ਇਸ ਗਿਣਤੀ ਦੀ ਪੁਸ਼ਟੀ ਕਰਨ ਲਈ ਜ਼ਿਲ੍ਹਾ ਅਧਿਕਾਰੀ ਨੇ 8326 ਸ਼ੌਚਾਲਿਆਂ ਦਾ ਦੁਬਾਰਾ ਸਰਵੇ ਕੀਤਾ ਅਤੇ ਸਰਵੇ ਸਹੀ ਪਾਇਆ ਗਿਆ। ਇਨ੍ਹਾਂ 'ਚੋਂ 5000 ਸ਼ੌਚਾਲਿਆਂ ਦੀਆਂ ਕਮੀਆਂ ਦੂਰ ਕਰਕੇ ਇਨ੍ਹਾਂ ਨੂੰ ਉਪਯੋਗੀ ਬਣਾਇਆ ਗਿਆ। ਜਦਕਿ 3326 ਸ਼ੌਚਾਲਿਆ ਵਰਤੋਂ ਲਾਇਕ ਨਹੀਂ ਸਨ। ਇਸ ਲਈ ਉਸੇ ਸਥਾਨ 'ਤੇ ਨਵੇਂ ਸ਼ੌਚਾਲਿਆ ਬਣਾਏ ਗਏ। ਇਸ ਲਈ ਉਨ੍ਹਾਂ ਪਰਿਵਾਰਾਂ ਨੂੰ ਵਿਸ਼ੇਸ਼ ਵਿੱਤੀ ਸਹਾਇਤਾ ਦਿੱਤੀ ਗਈ। ਸਵੈ-ਸਹਾਇਤਾ ਗਰੁੱਪ ਦੀ ਮਦਦ ਨਾਲ ਨਿਰਮਾਣ ਕਾਰਜ ਕੀਤਾ ਗਿਆ। ਇਸ ਕੰਮ ਦੀ ਨਿਗਰਾਨੀ ਵੀ ਸਵੈ-ਸਹਾਇਤਾ ਗਰੁੱਪ ਨੇ ਕੀਤੀ। ਸਾਰੀ ਕਾਰਵਾਈ ਦੇ ਨਤੀਜਿਆਂ ਦੀ ਜਾਂਚ ਲਈ ਅਕਤੂਬਰ 2017 'ਚ ਇਕ ਵਾਰ ਫਿਰ ਸਰਵੇ ਕੀਤਾ ਗਿਆ। ਲੋਕਾਂ ਅਤੇ ਪ੍ਰਸ਼ਾਸਨ ਦੀ ਇਸ ਪਹਿਲ ਨਾਲ ਕੁੰਡਰਾਥੁਰ, ਸੇਂਟ ਥਾਮਸ ਮਾਊਂਟ, ਥੀਰੂਪੋਰੂਰ 'ਚ ਚੰਗੇ ਨਤੀਜੇ ਦੇਖਣ ਨੂੰ ਮਿਲੇ। ਇਨ੍ਹਾਂ ਸਥਾਨਾਂ 'ਤੇ ਸ਼ੌਚਾਲਿਆ ਠੀਕ ਕੀਤੇ ਜਾ ਚੁੱਕੇ ਹਨ ਅਤੇ ਲੋਕ ਹੁਣ ਇਨ੍ਹਾਂ ਦੀ ਵਰਤੋਂ ਵੀ ਕਰ ਰਹੇ ਹਨ।

| ਬਲਾਕ ਦੇ ਨਾਮ | ਸ਼ੌਚਾਲਿਆਂ |
|---|---|
| 1. ਕਾਂਚੀਪੁਰਮ | 541 |
| 2. ਆਚਿਰੂਪਾਵਕਮ | 603 |
| 3. ਚਿੰਤਾਮੁਰ | 552 |
| 4. ਕਾਟਾਨਕੁਲਤੂਰ | 344 |
| 5. ਕੁੰਡ੍ਰਤੂਰ | 1437 |
| 6. ਲਤੂਰ | 374 |
| 7. ਮਦੂਰਾਂਤਕਮ | 482 |
| 8. ਸ਼੍ਰੀਪੇਰੂਮਬੁਦੂਰ | 186 |
| 9. ਸੇਂਟ ਥਾਮਸ ਮਾਊਂਟ | 435 |
| 10. ਤਿਰੂਪੋਰੂਰ | 463 |
| 11. ਤਿਰੂਕਲਕੁੰਡਮ | 308 |
| 12. ਛਚਿਮਸਰ | 2360 |
| 13. ਬਾਲਾਜੀਬਾਦ | 241 |
| **ਕੁਲ** | 8326 |

## ਸਫਲਤਾ ਦੀ ਕਹਾਣੀ

# ਪੀਐੱਮ ਤੋਂ ਪ੍ਰੇਰਨਾ ਲੈ ਕੇ ਗਾਇਤਰੀ ਤਿਆਰ ਕਰ ਰਹੀ ਹੈ ਰਾਣੀ ਰਾਜ ਮਿਸਤਰੀ

ਅਫ਼ੀਮ ਦੀ ਖੇਤੀ ਅਤੇ ਮਾਨਵ ਤਸਕਰੀ ਨੂੰ ਲੈ ਕੇ ਬਦਨਾਮ ਝਾਰਖੰਡ ਦੇ ਪਛੜੇ ਜ਼ਿਲ੍ਹੇ ਖੂੰਟੀ ਦੇ ਗੁੱਟਜ਼ੋਰਾ ਦੀ ਗਾਇਤਰੀ ਦੀ ਗੱਲ ਹੀ ਨਰਾਲੀ ਹੈ। ਉਹ ਸਧਾਰਨ ਰੇਜਾ (ਔਰਤ ਮਜ਼ਦੂਰ) ਨਹੀਂ ਰਹੀ। ਨਿਰਮਾਣ ਦੇ ਖੇਤਰ 'ਚ ਜਿੱਥੇ ਪੁਰਸ਼ ਰਾਦ ਮਿਸਤਰੀਆਂ ਦਾ ਹੀ ਬੋਲਬਾਲਾ ਹੈ ਉਥੇ ਆਪਣੀ ਤਾਕ ਜਮਾਉਂਦੇ ਹੋਏ ਗਾਇਤਰੀ ਰਾਜ ਮਿਸਤਰੀ ਬਣ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਡੀਓ ਕਾਨਫਰੰਸਿੰਗ ਰਾਹੀਂ 8 ਮਿੰਟ ਤਕ ਉਸ ਨਾਲ ਗੱਲ ਕੀਤੀ ਹੈ ਅਤੇ ਉਸ ਦੇ ਕੰਮ ਦੀ ਸ਼ਲਾਘਾ ਕੀਤੀ। ਇਸ ਨਾਲ ਗਾਇਤਰੀ ਦਾ ਹੌਸਲਾ ਹੋਰ ਵੀ ਵਧ ਗਿਆ। ਉਹ ਆਪਣੇ ਇਲਾਕੇ 'ਚ ਆਪਣੇ ਵਰਗੇ ਹੋਰ ਰਾਣੀ ਰਾਜ ਮਿਸਤਰੀ ਤਿਆਰ ਕਰਨ 'ਚ ਜੁੱਟ ਗਈ ਹੈ। ਖੂੰਟੀ ਦੇ ਪਛੜੇ ਇਲਾਕੇ ਦੀ ਗਾਇਤਰੀ ਨੇ ਰਾਣੀ ਮਿਸਤਰੀ ਦੀ ਟ੍ਰੇਨਿੰਗ ਲੈ ਕੇ ਪ੍ਰਧਾਨ ਮੰਤਰੀ ਦੇ ਸਵੱਛਤਾ ਅਭਿਆਨ 'ਚ ਹੱਥ ਵਟਾਇਆ, ਸ਼ੌਚਾਲਿਆ ਬਣਾਏ। ਪ੍ਰਧਾਨ ਮੰਤਰੀ ਆਵਾਸ ਯੋਜਨਾ ਦੇ ਤਹਿਤ ਘਰਾਂ ਦਾ ਨਿਰਮਾਣ ਕੀਤਾ ਅਤੇ ਹੋਰ ਵੀ ਘਰ ਬਣਾ ਰਹੀ ਹੈ। ਆਪਣੇ ਹੱਥਾਂ ਨਾਲ ਆਪਣਾ ਘਰ ਬਣਾਇਆ ਹੈ। ਪ੍ਰਧਾਨ ਮੰਤਰੀ ਦੀ ਸ਼ਲਾਘਾ ਤੋਂ ਪ੍ਰੇਰਿਤ ਗਾਇਤਰੀ



ਦੂਜੀਆਂ ਔਰਤਾਂ ਨੂੰ ਰਾਣੀ ਮਿਸਤਰੀ ਬਣਾਉਣ ਦੀ ਸਿੱਖਿਆ ਦੇਣ 'ਚ ਜੁੱਟੀ ਹੈ। 30 ਲੋਕਾਂ ਦੀ ਟੀਮ ਨੂੰ ਟ੍ਰੇਨਿੰਗ ਦੇ ਰਹੀ ਹੈ ਤਾਂ ਕਿ ਉਨ੍ਹਾਂ ਦੇ ਹੱਥ ਵੀ ਮਜ਼ਬੂਤ ਹੋਣ ਅਤੇ ਦੂਜਿਆਂ ਦਾ ਆਸ਼ਿਆਨਾ ਤਿਆਰ ਹੋਵੇ। ਉਸ ਦੇ ਕੰਮ ਦੀ ਤਾਰੀਫ਼ ਹੋਈ ਤਾਂ ਗੁਆਂਢੀ ਜ਼ਿਲ੍ਹਿਆਂ 'ਚੋਂ ਵੀ ਉਸ ਦੀ ਮੰਗ ਹੋਣ ਲੱਗੀ ਹੈ। ਗੁਮਲਾ ਤੇ ਸਿਮਡੇਗਾ ਜ਼ਿਲ੍ਹਾ ਪ੍ਰਸ਼ਾਸਨ ਨੇ ਵੀ ਟ੍ਰੇਨਿੰਗ ਲਈ ਗਾਇਤਰੀ ਨੂੰ ਸੱਦਿਆ ਹੈ। ਰਾਜ ਸਰਕਾਰ ਵੱਲੋਂ ਵੀ ਰਾਜ ਮਿਸਤਰੀ ਦੀ ਤਰਜ਼ 'ਤੇ ਔਰਤਾਂ ਨੂੰ ਰਾਣੀ ਮਿਸਤਰੀ ਦੀ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਗਾਇਤਰੀ ਨੇ ਕਿਹਾ ਕਿ 2016 'ਚ ਰਾਣੀ ਮਿਸਤਰੀ ਦੀ ਟ੍ਰੇਨਿੰਗ ਲੈਣ ਤੋਂ ਬਾਅਦ ਉਹ 3 ਸ਼ੌਚਾਲਿਆਂ ਅਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਦੇ ਤਹਿਤ 15 ਘਰਾਂ ਦਾ ਨਿਰਮਾਣ ਕਰ ਚੁੱਕੀ ਹੈ। ਲੋਕਾਂ ਨੂੰ ਉਸ ਦੀ ਕਾਰੀਗਰੀ ਪਸੰਦ ਆ ਰਹੀ ਹੈ। ਉਸ ਦਾ ਘਰ ਵੀ ਝੋਪੜੀ ਵਰਗਾ ਸੀ। ਉਸ ਨੇ ਆਪਣੇ ਮਕਾਨ ਦਾ ਹੇਠਲਾ ਹਿੱਸਾ ਵੀ ਖ਼ੁਦ ਬਣਾਇਆ। ਪਤੀ ਅਤੇ ਬੱਚਿਆਂ ਨੇ ਵੀ ਸਹਿਯੋਗ ਕੀਤਾ।

**ਖੂੰਟੀ 'ਚ ਔਰਤਾਂ ਹੋ ਰਹੀਆਂ ਸਮਰੱਥ** : ਖੂੰਟੀ ਦੀਆਂ ਲਗਪਗ ਇਕ ਦਰਜਨ ਔਰਤਾਂ ਰਾਜ ਮਿਸਤਰੀ ਦੀ ਟ੍ਰੇਨਿੰਗ ਲੈ ਕੇ ਰਾਣੀ ਮਿਸਤਰੀ ਬਣ ਗਈਆਂ ਹਨ। ਲੋਕਾਂ ਦੇ ਸੁਪਨਿਆਂ ਦਾ ਘਰ ਤਿਆਰ ਕਰ ਰਹੀਆਂ ਹਨ। ਅਜਿਹੀਆਂ ਔਰਤਾਂ ਸਮਾਜ ਦੀਆਂ ਹੋਰ ਔਰਤਾਂ ਲਈ ਪ੍ਰੇਰਨਾ ਸਰੋਤ ਬਣ ਗਈਆਂ ਹਨ। ਲੋਕ ਇਨ੍ਹਾਂ ਦੇ ਕੰਮ ਦੀ ਸ਼ਲਾਘਾ ਕਰ ਰਹੇ ਹਨ। ਪੀਐੱਮ ਮੋਦੀ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਦੇਸ਼ ਭਰ ਦੀਆਂ ਔਰਤਾਂ ਦੇ ਸੰਵਾਦ ਪ੍ਰੋਗਰਾਮ 'ਚ ਖੂੰਟੀ ਦੀਆਂ 3 ਰਾਣੀ ਮਿਸਤਰੀਆਂ ਨਾਲ ਗੱਲ ਕੀਤੀ ਸੀ। ਔਰਤਾਂ ਨੇ ਆਪਣੇ ਅਨੁਭਵ ਨੂੰ ਪ੍ਰਧਾਨ ਮੰਤਰੀ ਨਾਲ ਸਾਂਝਾ ਕੀਤਾ ਸੀ। ਗਾਇਤਰੀ ਨਾਲ ਤਕਰੀਬਨ 8 ਮਿੰਟ ਤਕ ਪੀਐੱਮ ਨੇ ਗੱਲ ਕਰਕੇ ਪੂਰੀ ਜਾਣਕਾਰੀ ਲਈ ਸੀ।

# ਨੌਕਰੀ ਦਾ ਮੋਹ ਤਿਆਗ ਕੇ ਸਵੱਛਤਾ ਦੂਤ ਬਣੀ ਸੰਧਿਆ

ਛੱਤੀਸਗੜ੍ਹ ਦੇ ਬਿਲਾਸਪੁਰ ਨਾਲ ਲੱਗਦੀ ਨਗਰ ਪੰਚਾਇਤ ਸਕਰੀ ਨਿਵਾਸੀ ਸੰਧਿਆ ਬੱਗਾ ਕਾਮਰਸ 'ਚ ਗ੍ਰੈਜੂਏਟ ਹੈ। ਸ਼ਹਿਰ ਜਾ ਕੇ ਨੌਕਰੀ ਕਰ ਸਕਦੀ ਸੀ। ਸਾਰੇ ਰਾਹ ਖੁੱਲ੍ਹੇ ਸਨ। ਪ੍ਰਾਈਵੇਟ ਨੌਕਰੀ ਦੇ ਬਿਹਤਰ ਬਦਲ ਮੌਜੂਦ ਸਨ ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਚਾਰਾਂ ਦਾ ਅਜਿਹਾ ਅਸਰ ਹੋਇਆ ਕਿ ਸੰਧਿਆ ਨੇ ਸਵੱਛਤਾ ਦੂਤ ਬਣਨਾ ਪਸੰਦ ਕੀਤਾ। ਖ਼ੁਦ ਸਹਾਇਤਾ ਸਮੂਹ ਨਾਲ ਜੁੜ ਕੇ ਪਿੰਡ ਦੀ ਸਫ਼ਾਈ ਦਾ ਜ਼ਿੰਮਾ ਸੰਭਾਲ ਰਹੀ ਹੈ। 24 ਸਾਲ ਦੀ ਸੰਧਿਆ ਪਿੰਡ 'ਚ ਹੀ ਸਫ਼ਾਈ ਕਰਮੀ ਦਾ ਕੰਮ ਬਾਖ਼ੂਬੀ ਪੂਰਾ ਕਰ ਰਹੀ ਹੈ। ਸਵੈ-ਸਹਾਇਤਾ ਗਰੁੱਪ ਵੱਲੋਂ ਮਹੀਨੇ 'ਚ 5 ਹਜ਼ਾਰ ਰੁਪਏ ਹੀ ਮਿਲਦੇ ਹਨ ਪਰ ਉਹ ਇਸ ਤੋਂ ਵੱਧ ਆਪਣੇ ਕੰਮ ਤੋਂ ਸੰਤੁਸ਼ਟ ਹੈ। ਸੰਧਿਆ ਨੇ ਘਰ-ਘਰ 'ਚੋਂ ਕਚਰਾ ਉਠਾ ਕੇ ਆਪਣੇ ਪਿੰਡ ਨੂੰ ਸਵੱਛ ਰੱਖਣ ਦਾ ਬੀੜਾ ਚੁੱਕਿਆ ਹੈ। ਰਿਕਸ਼ੇ 'ਤੇ ਕਚਰਾਂ ਢੋਂਹਦੀ ਹੈ। ਪਹਿਲੀ ਵਾਰ ਰਿਕਸ਼ਾ ਚਲਾਇਆ ਤਾਂ ਜ਼ਖ਼ਮੀ ਵੀ ਹੋਈ। ਲੋਕਾਂ ਨੇ ਮਜ਼ਾਕ ਵੀ ਉਡਾਇਆ ਪਰ ਪੀਐੱਮ ਮੋਦੀ ਤੋਂ ਪ੍ਰਭਾਵਿਤ ਸੰਧਿਆ ਨੇ ਕਿਸੇ ਗੱਲ ਦੀ ਪ੍ਰਵਾਹ ਨਹੀਂ ਕੀਤੀ। ਸੰਧਿਆ ਦਾ ਕਹਿਣਾ



रिक्शे से कचरा ढोती नगर पंचायत सकरी निवासी संध्या बग्गा

ਹੈ ਕਿ ਕੁਝ ਵੱਖਰਾ ਕਰਨ ਅਤੇ ਪਰਿਵਾਰ ਦੀਆਂ ਜ਼ਿੰਮੇਵਾਰੀਆਂ 'ਚ ਪਿਤਾ ਦਾ ਹੱਥ ਵਟਾਉਣ ਦੀ ਚਾਹਤ ਹਮੇਸ਼ਾ ਉਸ ਦੇ ਦਿਲ 'ਚ ਸੀ। ਸ਼ਹਿਰ 'ਚ ਪ੍ਰਾਈਵੇਟ ਨੌਕਰੀ ਦੀਆਂ ਵੀ ਪੇਸ਼ਕਸ਼ਾਂ ਸਨ ਪਰ ਪਿੰਡ 'ਚ ਰਹਿ ਕੇ ਕੁਝ ਸਾਰਥਕ ਕਰਨ ਦੀ ਮਨ ਬਣਾਇਆ। ਸਵੈ-ਸਹਾਇਤਾ ਸਮੂਹ ਮਣੀਕਾਂਚਨ ਕੇਂਦਰ ਦੀ ਸੰਤੋਸ਼ੀ ਦੀਦੀ ਸੰਪਰਕ 'ਚ ਸੀ। ਉਨ੍ਹਾਂ ਨੇ ਇਸ ਸਾਰਥਕ ਕੰਮ ਦਾ ਰਾਹ ਦਿਖਾਇਆ। ਪਹਿਲੀ ਵਾਰ ਰਿਕਸ਼ਾ ਫੜਿਆ ਤਾਂ ਮਨ 'ਚ ਥੋੜ੍ਹਾ ਸੰਕੋਚ ਸੀ ਪਰ ਹੌਲੀ-ਹੌਲੀ ਲੋਕਾਂ ਦਾ ਸਹਿਯੋਗ ਮਿਲਦਾ ਗਿਆ ਤਾਂ ਇਰਾਦਾ ਹੋਰ ਵੀ ਪੱਕਾ ਹੋ ਗਿਆ। ਮਿਹਣਿਆਂ ਦੀ ਪ੍ਰਵਾਹ ਕੀਤੇ ਬਿਨਾ ਇਸ ਕਾਰਜ ਨੂੰ ਕਰ ਰਹੀ ਸੰਧਿਆ ਦਾ ਕਹਿਣਾ ਹੈ ਕਿ ਕੰਮ ਛੋਟਾ ਜਾਂ ਵੱਡਾ ਨਹੀਂ ਹੁੰਦਾ ਸਿਰਫ਼ ਸੋਚ ਵੱਡੀ-ਛੋਟੀ ਹੁੰਦੀ ਹੈ। ਪਹਿਲਾਂ ਪਿਤਾ ਦੀ ਨਾਰਾਜ਼ਗੀ ਸੀ। ਉਹ ਸਮਾਜਕ ਤੇ ਲੋਕ ਮਰਿਯਾਦਾ ਦੇ ਡਰ ਤੋਂ ਇਸ ਕੰਮ ਦੇ ਹੱਕ 'ਚ ਨਹੀਂ ਸਨ ਪਰ ਮਿਹਨਤ ਅਤੇ ਹੌਸਲਾ ਦੇਖ ਕੇ ਉਹ ਵੀ ਧੀ ਦੇ ਹੱਕ 'ਚ ਆ ਕੇ ਖੜ੍ਹੇ ਹੋ ਗਏ। ਸਵੱਛਤਾ ਸਬੰਧੀ ਸੰਧਿਆ ਦਾ ਕਹਿਣਾ ਹੈ ਕਿ ਇਹ ਸਭ ਤੋਂ ਪਵਿੱਤਰ ਕਾਰਜ ਹੈ। ਜੇ ਇਹ ਛੋਟਾ ਕੰਮ ਹੁੰਦਾ ਤਾਂ ਗਾਂਧੀ ਜੀ ਤੋਂ ਲੈ ਕੇ ਸਾਡੇ ਪੀਐੱਮ ਮੋਦੀ ਤਕ ਸਾਰੇ ਸਵੱਛਤਾ ਅਭਿਆਨ ਚਲਾਉਂਦੇ। ਸਵੱਛਤਾ ਨੇ ਹੀ ਸਾਨੂੰ ਸਮਾਜ ਸ਼ਹਿਰਾਂ ਦੀ ਸੂਚੀ 'ਚ ਸਥਾਨ ਦਿਵਾਇਆ। ਇਸ ਵਜ੍ਹਾ ਨਾਲ ਜ਼ਿੰਦਗੀ ਭਰ ਸਵੱਛਤਾ ਦੀ ਪਹਿਰੇਦਾਰ ਬਣ ਕੇ ਹੀ ਕੰਮ ਕਰਦੀ ਰਹੇਗੀ। ਉਹ ਸ਼ਾਮ ਨੂੰ ਪਿੰਡ 'ਚ ਚੌਪਾਲ (ਸੱਥ) ਲਾ ਕੇ ਔਰਤਾਂ ਨੂੰ ਸਫ਼ਾਈ ਪ੍ਰਤੀ ਜਾਗਰੂਕ ਵੀ ਕਰਦੀ ਹੈ।

# ਇੰਦੌਰ ਜ਼ਿਲ੍ਹਾ ਗ੍ਰਾਮੀਣ ਦੇ ਸਵੱਛਤਾ ਸੰਦੇਸ਼ਵਾਹਕ : ਚਤੁਰ ਸਿੰਘ-ਮੈਡਮ ਬਾਤੂਨੀ

ਇੰਦੌਰ ਜ਼ਿਲ੍ਹਾ ਗ੍ਰਾਮੀਣ ਜਨਵਰੀ 2016 'ਚ ਪੂਰੀ ਤਰ੍ਹਾਂ ਖੁੱਲ੍ਹੇ 'ਚ ਸ਼ੌਚਮੁਕਤ ਹੋ ਚੁੱਕਾ ਹੈ। ਇਸ ਪਿੱਛੋਂ ਨਾ ਸਿਰਫ਼ ਇਸ ਨੂੰ ਇਸੇ ਤਰ੍ਹਾਂ ਦਾ ਬਣਾਈ ਰੱਖਣ ਲਈ ਲੋਕ ਯਤਨਸ਼ੀਲ ਹਨ ਸਗੋਂ ਇਸ ਤੋਂ ਇਲਾਵਾ ਪਿੰਡ 'ਚ ਠੋਸ ਤੇ ਤਰਲ ਕੂੜ ਕਰਕਟ ਨਿਪਟਾਉਣ ਲਈ ਵੀ ਕਾਰਵਾਈ ਕੀਤੀ ਜਾ ਰਹੀ ਹੈ। ਹਰ ਗ੍ਰਾਮ ਪੰਚਾਇਤ 'ਚ ਸੀਸੀ ਰੋਡ ਅਤੇ ਨਾਲੀਆਂ ਦੇ ਨਿਰਮਾਣ ਦੇ ਨਾਲ ਹੀ ਲਗਪਗ 30 ਗ੍ਰਾਮ ਪੰਚਾਇਤਾਂ 'ਚ ਮੋਟਰਾਈਜ਼ਡ ਕਚਰਾਂ ਵਾਹਨ ਨਾਲ ਕਚਰੇ ਨੂੰ ਇਕੱਠਾ ਕਰਕੇ ਇਸ ਦਾ ਨਿਪਟਾਰਾ ਕੀਤਾ ਜਾ ਰਿਹਾ ਹੈ। ਕੁਝ ਗ੍ਰਾਮ ਪੰਚਾਇਤਾਂ 'ਚ ਸਥਾਨਕ ਸਰੋਤਾਂ ਦੀ ਵਰਤੋਂ ਕਰਕੇ ਕਚਰਾਂ ਇਕੱਠਾ ਕੀਤਾ ਜਾ ਰਿਹਾ ਹੈ। ਬੀਤੇ ਦੋ ਵਰ੍ਹਿਆਂ ਤੋਂ ਸ਼ਹਿਰੀ ਇਲਾਕਿਆਂ ਦੇ ਸਵੱਛਤਾ ਸਰਵੇਖਣ 'ਚ ਇੰਦੌਰ ਜ਼ਿਲ੍ਹਾ ਨੰਬਰ ਇਕ 'ਤੇ ਰਿਹਾ ਹੈ। ਇਸ ਵਰ੍ਹੇ ਸਵੱਛਤਾ ਸਰਵੇਖਣ ਗ੍ਰਾਮੀਣ 2018 ਦਾ ਸ਼ੁੱਭ ਆਰੰਭ ਕੀਤਾ ਗਿਆ ਹੈ ਜਿਸ 'ਚ ਸ਼ਹਿਰਾਂ ਦੀ ਤਰ੍ਹਾਂ ਗ੍ਰਾਮੀਣ ਸਵੱਛਤਾ ਦੇ ਆਧਾਰ 'ਤੇ ਜ਼ਿਲ੍ਹਿਆਂ ਦੀ ਰੈਂਕਿੰਗ ਕੀਤੀ ਜਾਵੇਗੀ।

ਇੰਦੌਰ ਜ਼ਿਲ੍ਹਾ ਪੰਚਾਇਤ ਵੱਲੋਂ ਨਵਾਂ ਤਜਰਬਾ ਕੀਤਾ ਗਿਆ ਹੈ। ਅਜਿਹਾ ਤਜਰਬਾ ਕਰ ਕੇ ਇੰਦੌਰ ਜ਼ਿਲ੍ਹਾ ਪੰਚਾਇਤ ਭਾਰਤ ਵਰਸ਼ ਦੀ ਪਹਿਲੀ ਜ਼ਿਲ੍ਹਾ ਪੰਚਾਇਤ ਬਣ ਗਈ ਹੈ ਜੋ ਸ਼ੁਭੰਕਰ ਰਾਹੀਂ ਸਵੱਛਤਾ ਦਾ ਸੰਦੇਸ਼ ਹਰ ਘਰ ਪਹੁੰਚਾਏਗੀ। ਇੰਦੌਰ ਜ਼ਿਲ੍ਹੇ ਦੇ ਸਵੱਛਤਾ ਸੰਦੇਸ਼ ਵਾਹਕ ਦੇ ਰੂਪ 'ਚ ਸ਼ੁਭੰਕਰ ਦੇ ਰੂਪ 'ਚ ਸਥਾਨਕ ਮਾਲਵੀ ਸੱਭਿਆਚਾਰ ਨੂੰ ਧਿਆਨ 'ਚ ਰੱਖਦਿਆਂ ਚਰਿੱਤਰ ਦਾ ਨਿਰਮਾਣ ਕੀਤਾ ਗਿਆ ਹੈ ਜਿਸ ਨੂੰ ਚਤੁਰ ਸਿੰਘ ਅਤੇ ਮੈਡਮ ਬਾਤੂਨੀ ਨਾਂ ਨਾਲ ਪੋਸਟਰ ਰਿਲੀਜ਼ ਕੀਤਾ ਗਿਆ। ਚਤੁਰ ਸਿੰਘ ਅਤੇ ਮੈਡਮ ਬਾਤੂਨੀ ਪਾਤਰ ਸਥਾਨਕ ਮਾਲਵੀ ਪਹਿਰਾਵੇ 'ਚ ਔਰਤ ਅਤੇ ਮਰਦ ਹਨ ਜਿਨ੍ਹਾਂ ਨੇ ਹੱਥਾਂ 'ਚ ਸਫ਼ਾਈ ਦੇ ਪ੍ਰਤੀਕ ਦੇ ਤੌਰ 'ਤੇ ਝਾੜੂ ਅਤੇ ਬਾਲਟੀ ਚੁੱਕੇ ਹੋਏ ਹਨ।

ਸ਼ੁਭੰਕਰ ਚਤੁਰ ਸਿੰਘ ਅਤੇ ਮੈਡਮ ਬਾਤੂਨੀ ਨੂੰ 21.08.18 ਨੂੰ ਜ਼ਿਲ੍ਹਾ ਪੰਚਾਇਤ




ਇੰਦੌਰ ਵੱਲੋਂ ਮਾਣਯੋਗ ਚੇਅਰਮੈਨ ਜ਼ਿਲ੍ਹਾ ਪੰਚਾਇਤ ਕੁਮਾਰੀ ਕਵਿਤਾ ਪਾਠੀ ਦਾ ਅਤੇ ਕਲੈਕਟਰ ਸ੍ਰੀ ਨਿਸ਼ਾਂਤ ਵਰਵੜੇ, ਮੁਖ ਕਾਰਜਕਾਰੀ ਅਧਿਕਾਰੀ ਕੁਮਾਰੀ ਨੇਹਾ ਮੇਨਾ ਅਤੇ ਜ਼ਿਲ੍ਹਾ ਪੰਚਾਇਤ ਮੈਂਬਰਾਂ ਦੀ ਹਾਜ਼ਰੀ 'ਚ ਰਿਲੀਜ਼ ਕੀਤਾ ਗਿਆ।

ਸ਼ੁਭੰਕਰ ਦੇ ਚਰਿੱਤਰ ਨਿਰਮਾਣ ਦਾ ਉਦੇਸ਼ ਹੈ ਕਿ ਜਿਸ ਤਰ੍ਹਾਂ ਨਾਲ ਇੰਦੌਰ ਨੇ ਸਵੱਛਤਾ ਸੰਗਰਾਮ ਨੂੰ ਵਿਸ਼ੇਸ਼ ਮੁਹਿੰਮ ਵਾਂਗ ਲੈ ਕੇ ਓਡੀਐੱਫ ਬਣਾਇਆ ਹੈ ਉਸੇ ਤਰ੍ਹਾਂ ਸਵੱਛਤਾ ਦੇ ਅਗਲੇ ਹੋਰ ਕਾਰਜਾਂ ਨੂੰ ਅਭਿਆਨ ਦੇ ਤੌਰ 'ਤੇ ਪੂਰਨ ਕੀਤਾ ਜਾਵੇ। ਸ਼ੁਭੰਕਰ ਦੇ ਨਿਰਮਾਣ ਲਈ ਇਸ ਗੱਲ ਦਾ ਖਾਸ ਧਿਆਨ ਰੱਖਿਆ ਗਿਆ ਕਿ ਪਾਤਰ ਪ੍ਰਭਾਵੀ, ਪੇਂਡੂਆਂ 'ਚ ਪ੍ਰਵਾਨਗੀ ਵਾਲੇ ਹੋਣ ਅਤੇ ਮਾਲਵਾ ਇਲਾਕੇ ਦੀ ਪ੍ਰਤੀਨਿਧਤਾ ਕਰਦੇ ਹੋਣ। ਇਹ ਧਿਆਨ ਰੱਖਿਆ ਗਿਆ ਕਿ ਪਾਤਰ ਅਜਿਹਾ ਹੋਵੇ ਕਿ ਲੋਕਾਂ ਨੂੰ ਇੰਝ ਲੱਗੇ ਕੇ ਇਹ ਪਾਤਰ ਉਨ੍ਹਾਂ 'ਚੋਂ ਹੀ ਲਿਆ ਗਿਆ ਹੈ। ਜਿਸ ਨਾਲ ਇਨ੍ਹਾਂ ਵੱਲੋਂ ਦਿੱਤੇ ਜਾ ਰਹੇ ਸੰਦੇਸ਼ ਨੂੰ ਲੋਕ ਆਸਾਨੀ ਨਾਲ ਗ੍ਰਹਿਣ ਕਰਕੇ ਆਤਮਸਾਤ ਕਰਨ ਸਕਣ। ਇਸ ਲਈ ਜ਼ਿਲ੍ਹਾ ਅਧਿਕਾਰੀਆਂ ਅਤੇ ਲਾਲਿੱਤਿਆ ਫਾਊਂਡੇਸ਼ਨ ਵੱਲੋਂ ਚਤੁਰ ਸਿੰਘ ਅਤੇ ਮੈਡਮ ਬਾਤੂਨੀ ਮਾਲਵਾ ਸੱਭਿਆਚਾਰ ਤੋਂ ਪ੍ਰੇਰਿਤ ਲੋਕ ਨਾਇਕ ਦੇ ਰੂਪ 'ਚ ਨਾ ਸਿਰਫ਼ ਸਵੱਛਤਾ ਦਾ ਸੰਦੇਸ਼ ਪਿੰਡ-ਪਿੰਡ ਪਹੁੰਚਾਉਣਗੇ ਸਗੋਂ ਇਨ੍ਹਾਂ ਦੇ ਜੀਵੰਤ ਕਿਰਦਾਰ ਵੀ ਨੁੱਕੜ ਨਾਟਕ ਆਦਿ ਦੇ ਮਾਧਿਅਮ ਰਾਹੀਂ ਜਨ ਜਾਗਰਣ 'ਚ ਸਹਿਯੋਗ ਕਰਨਗੇ।

ਸ਼ੁਭੰਕਰ ਚਤੁਰ ਸਿੰਘ ਅਤੇ ਮੈਡਮ ਬਾਤੂਨੀ ਦੀ ਵਰਤੋਂ ਜ਼ਿਲ੍ਹੇ ਦੀ ਗ੍ਰਾਮੀਣ ਸਵੱਛਤਾ ਨੂੰ ਬਿਹਤਰ ਬਣਾਏ ਜਾਣ ਲਈ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ, ਪ੍ਰੋਗਰਾਮਾਂ ਆਦਿ 'ਚ ਕੀਤੀ ਜਾਵੇਗੀ। ਇਨ੍ਹਾਂ ਪਾਤਰਾਂ 'ਤੇ ਆਧਾਰਿਤ ਜੀਵੰਤ ਮਸਕਟ ਦਾ ਵੀ ਨਿਰਮਾਣ ਕੀਤਾ ਜਾਵੇਗਾ। ਜਿਸ 'ਚ ਸਵੱਛਤਾ ਦੇ ਸਮੂਹ ਪਹਿਲੂਆਂ ਨੂੰ ਰਲਾਉਣ ਤੇ ਸਿੱਖਿਆਦਾਇਕ ਕਹਾਣੀਆਂ ਦਾ ਸੰਕਲਨ ਹੋਵੇਗਾ।

1. **ਜੀਵੰਤ ਪਾਤਰ:** ਸ਼ੁਭੰਕਰ ਦੀ ਵਰਤੋਂ ਪੇਂਡੂ ਇਲਾਕੇ 'ਚ ਸਵੱਛਤਾ ਆਦਤਾਂ ਦਾ ਵਿਕਾਸ ਤੇ ਵਿਵਹਾਰ ਤਬਦੀਲੀ ਲਈ ਕੀਤਾ ਜਾ ਰਿਹਾ ਹੈ ਜਿਸ 'ਚ ਕਲਾਕਾਰ ਨਿਰਮਤ ਪਾਤਰਾਂ ਦੇ ਪਹਿਰਾਵੇ 'ਚ ਲੋਕਾਂ ਦਰਮਿਆਨ ਜਾ ਰਹੇ ਹਨ ਜਿਸ 'ਚ ਮਨੋਰੰਜਕ ਤਰੀਕੇ ਨਾਲ ਸੂਚਨਾ ਲੋਕਾਂ ਤਕ ਪਹੁੰਚਾਈ ਜਾ ਰਹੀ ਹੈ।
2. **ਕਾਮਿਕ ਬੁੱਕ :** ਬੱਚਿਆਂ 'ਚ ਸ਼ੁਰੂ ਤੋਂ ਹੀ ਸਵੱਛਤਾ ਦੀਆਂ ਆਦਤਾਂ ਦਾ ਵਿਕਾਸ ਕੀਤੇ ਜਾਣ ਲਈ ਸਵੱਛਤਾ ਦੇ ਸਾਰੇ ਪਹਿਲੂਆਂ 'ਤੇ ਆਧਾਰਿਤ ਕਾਮਿਕ ਬੁੱਕ ਛਪਵਾ ਕੇ ਵੰਡੀ ਜਾ ਰਹੀ ਹੈ ਜਿਸ ਨਾਲ ਬਾਲ ਵਿਵਸਥਾ ਤੋਂ ਹੀ ਸਵੱਛਤਾ ਉਨ੍ਹਾਂ ਦੀ ਆਦਤ ਬਣ ਜਾਵੇ।
3. **ਕੰਧਾਂ 'ਤੇ ਲਿਖਾਈ :** ਨਿਰਮਤ ਪਾਤਰਾਂ 'ਤੇ ਆਧਾਰਿਤ ਕਹਾਣੀਆਂ ਰਾਹੀਂ ਸੰਦੇਸ਼ ਘਰ-ਘਰ ਪਹੁੰਚਾਇਆ ਜਾਵੇਗਾ।
4. **ਸੋਸ਼ਲ ਮੀਡੀਆ :** ਚਤੁਰ ਸਿੰਘ-ਮੈਡਮ ਬਾਤੂਨੀ..... ਸਵੱਛਤਾ ਦੇ ਸੰਦੇਸ਼ ਵਾਹਕ ਨਾਮ ਨਾਲ ਸੋਸ਼ਲ ਮੀਡੀਆ ਰਾਹੀਂ ਲੋਕਾਂ ਨੂੰ ਆਪਣੇ ਵਿਚਾਰ ਅਤੇ ਸੁਝਾਅ ਰੱਖਣ ਲਈ ਮੰਚ ਮੁਹੱਈਆ ਕਰਵਾਇਆ ਜਾਵੇਗਾ। ◆

# ਰਾਊਂਡ ਅੱਪ ਐਕਟਿਵਟੀ

## ਸਵੱਛਤਾ ਪੰਦਰਵਾੜਾ






ਸਵੱਛਤਾ ਪੰਦਰਵਾੜਾ ਦੀ ਸ਼ੁਰੂਆਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰੇਰਨਾ ਨਾਲ ਅਪ੍ਰੈਲ 2016 ਨੂੰ ਹੋਈ। ਇਸ ਸਵੱਛਤਾ ਅਭਿਆਨ ਨਾਲ ਸਾਰੇ ਮੰਤਰਾਲੇ ਅਤੇ ਵਿਭਾਗ ਜੁੜੇ ਅਤੇ ਸਵੱਛਤਾ ਪ੍ਰਤੀ ਜਾਗਰੂਕਤਾ ਅਭਿਆਨ ਚਲਾਇਆ। ਸਵੱਛਤਾ 'ਚ ਸਾਰਿਆਂ ਦੀ ਹਿੱਸੇਦਾਰੀ ਯਕੀਨੀ ਕਰਨ ਲਈ ਜੁਲਾਈ 20 18 'ਚ ਕੌਸ਼ਲ ਵਿਕਾਸ ਅਤੇ ਉੱਦਮਤਾ ਮੰਤਰਾਲਾ, ਸਮਾਜਕ ਨਿਆਂ ਅਤੇ ਅਧਿਕਾਰਿਤਾ ਮੰਤਰਾਲਾ, ਅੰਗਹੀਣ ਸਸ਼ਕਤੀਕਰਨ ਵਿਭਾਗ, ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲਾ ਅਤੇ ਜ਼ਮੀਨ ਵਿਗਿਆਨ ਮੰਤਰਾਲਾ ਨੇ ਸਵੱਛਤਾ ਪੰਦਰਵਾੜਾ ਮਨਾਇਆ।

## ਪ੍ਰਮੁੱਖ ਸਵੱਛ ਸਥਾਨ (ਐੱਸਆਈਪੀ)

ਪੀਣ ਯੋਗ ਪਾਣੀ ਅਤੇ ਸਵੱਛਤਾ ਮੰਤਰਾਲਾ (ਐੱਮਡੀਡਬਲਊਐੱਸ) ਨੇ ਦੇਸ਼ ਦੇ 100 ਪ੍ਰਮੁੱਖ ਸਥਾਨਾਂ ਨੂੰ ਸਵੱਛ ਬਣਾਉਣ ਦੀ ਯੋਜਨਾ ਬਣਾਈ। ਸੈਰ-ਸਪਾਟਾ ਅਤੇ ਸੱਭਿਆਚਾਰਕ ਮੰਤਰਾਲਾ ਅਤੇ ਸ਼ਹਿਰੀ ਵਿਕਾਸ ਮੰਤਰਾਲਾ ਦੇ ਸਹਿਯੋਗ ਨਾਲ ਦੇਸ਼ ਭਰ ਦੇ 100 ਪ੍ਰਮੁੱਖ ਸਥਾਨਾਂ ਦੀ ਚੋਣ ਕੀਤੀ ਗਈ। ਇਸ ਯੋਜਨਾ 'ਚ ਨਿੱਜੀ ਕੰਪਨੀਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਸ ਯੋਜਨਾ ਦੇ ਪਹਿਲੇ ਪੜਾਅ 'ਚ 20 ਸਥਾਨਾਂ ਨੂੰ ਚੁਣਿਆ ਗਿਆ। ਇਨ੍ਹਾਂ ਸਥਾਨਾਂ 'ਤੇ ਸਫ਼ਾਈ ਵਿਵਸਥਾ ਨੂੰ ਨਿਯਮਬੱਧ ਕਰਨ ਦੀ ਯੋਜਨਾ ਤਿਆਰ ਕੀਤੀ ਗਈ। ਇਸ ਦੇ ਇਲਾਵਾ 10 ਨਵੇਂ ਪ੍ਰਮੁੱਖ ਸਥਾਨਾਂ ਨੂੰ ਚੁਣਿਆ ਗਿਆ ਜਿਨ੍ਹਾਂ 'ਚ ਸ਼੍ਰੀ ਰਾਘਵੇਂਦਰ ਸੁਆਮੀ ਮੱਠ ਮੰਤਰਾਲਿਅਮ (ਆਂਧਰ ਪ੍ਰਦੇਸ਼), ਹਜ਼ਾਰਦੌਲੀ ਕਾ ਮਹਿਲ (ਪੱਛਮੀ ਬੰਗਾਲ), ਸ਼੍ਰੀ ਬ੍ਰਹਮਾ ਸਰੋਵਰ ਮੰਦਰ (ਹਰਿਆਣਾ), ਵਿਦੁਰ ਕੁਟੀ ਮੰਦਰ (ਉੱਤਰ ਪ੍ਰਦੇਸ਼), ਮਾਨਾ ਗਾਂਵ (ਉੱਤਰ ਪ੍ਰਦੇਸ਼), ਪੈਂਗੌਂਗ ਸੋ (ਜੰਮੂ ਤੇ ਕਸ਼ਮੀਰ), ਸ਼੍ਰੀ ਨਾਗਵਾਸੁਕੀ ਮੰਦਰ (ਉੱਤਰ ਪ੍ਰਦੇਸ਼), ਨੂਪੀ ਕੀਥਲ (ਮਨੀਪੁਰ), ਸ਼੍ਰੀ ਧਰਮ ਸੰਸਥਾ ਮੰਦਰ (ਕੇਰਲ) ਅਤੇ ਕਣਵਾਸ਼ਰਮ (ਉੱਤਰਾਖੰਡ) ਸ਼ਾਮਲ ਹਨ।




### ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਇਕ ਨਜ਼ਰ ਵਿਚ

- ਦੇਸ਼ ਵਿਚ 2 ਅਗਸਤ, 2018 ਸਵੱਛਤਾ ਦੀ ਦਰ 89.07 ਫ਼ੀਸਦੀ
- 2 ਅਕਤੂਬਰ, 2014 ਤੋਂ ਹੁਣ ਤਕ 7,9714455 ਸ਼ੌਚਾਲਿਆਂ ਦਾ ਨਿਰਮਾਣ
- 4,09442 ਪਿੰਡ ਖੁੱਲ੍ਹੇ ਵਿਚ ਸ਼ੌਚ ਮੁਕਤ ਐਲਾਨੇ
- ਨਮਾਮੀ ਗੰਗੇ ਦੇ ਤਹਿਤ 4465 ਪਿੰਡ ਖੁੱਲ੍ਹੇ ਵਿਚ ਸ਼ੌਚ ਮੁਕਤ ਐਲਾਨੇ
- 19 ਸੂਬਿਆਂ ਤੇ ਕੇਂਦਰ ਸ਼ਾਸਿਤ ਸੂਬੇ ਖੁੱਲ੍ਹੇ ਵਿਚ ਸ਼ੌਚ ਮੁਕਤ ਐਲਾਨੇ

## ਸਵੱਛ ਸਰਵੇਖਣ ਗ੍ਰਾਮੀਣ 2018

ਪੀਣ ਯੋਗ ਪਾਣੀ ਅਤੇ ਸਵੱਛਤਾ ਮੰਤਰਾਲਾ ਨੇ ਸਾਲ 2018 'ਚ ਦੇਸ਼ ਦੇ ਸਾਰੇ ਜ਼ਿਲ੍ਹਿਆਂ 'ਚ ਸਵੱਛਤਾ ਸਰਵੇਖਣ ਦੀ ਸ਼ੁਰੂਆਤ ਕੀਤੀ। ਇਹ ਸਰਵੇ 1 ਅਗਸਤ ਤੋਂ 31 ਅਗਸਤ ਤਕ ਕਰਵਾਇਆ ਗਿਆ ਹੈ। ਇਸ ਸਰਵੇਖਣ 'ਚ ਸਵੱਛਤਾ ਦੇ ਸਾਰੇ ਪੈਮਾਨਿਆਂ ਦਾ ਖਿਆਲ ਰੱਖਿਆ ਗਿਆ ਹੈ। ਸਰਵੇ 'ਚ ਪਹਿਲੇ ਸਥਾਨ 'ਤੇ ਆਉਣ ਵਾਲੇ ਰਾਜਾਂ ਅਤੇ ਜ਼ਿਲ੍ਹਿਆਂ ਨੂੰ 2 ਅਕਤੂਬਰ 2018 ਨੂੰ ਸਨਮਾਨਿਤ ਕੀਤਾ ਜਾਵੇਗਾ। ਸਵੱਛ ਸਰਵੇਖਣ ਗ੍ਰਾਮੀਣ 'ਚ 698 ਜ਼ਿਲ੍ਹਿਆਂ ਨੂੰ ਸ਼ਾਮਲ ਕੀਤਾ ਗਿਆ। ਕੁਲ 34000 ਜਨਤਕ ਸਥਾਨਾਂ 'ਤੇ ਸਰਵੇ ਕੀਤਾ ਗਿਆ ਜਿਸ 'ਚ ਸਕੂਲ, ਆਂਗਣਵਾੜੀ, ਸਿਹਤ ਕੇਂਦਰ, ਬਾਜ਼ਾਰ ਤੇ ਧਾਰਮਿਕ ਸਥਾਨ ਸ਼ਾਮਲ ਕੀਤੇ ਗਏ। ਸਰਵੇਖਣ 'ਚ ਜਨਤਾ ਦੀ ਵੀ ਸਲਾਹ ਲਈ ਗਈ। ਕਰੀਬ 50 ਲੱਖ ਲੋਕਾਂ ਨਾਲ ਸਲਾਹ ਕੀਤੀ ਗਈ ਹੈ।




## ਸਵੱਛ ਸੰਗ੍ਰਹਿ

ਸਵੱਛ ਸੰਗ੍ਰਹਿ ਇਕ ਵੈੱਬ ਪੋਰਟਲ ਹੈ ਜਿਸ 'ਚ ਮੰਤਰਾਲਾ ਦੀਆਂ ਯੋਜਨਾਵਾਂ ਅਤੇ ਸਵੱਛਤਾ ਨਾਲ ਸੰਬੰਧਿਤ ਯੋਜਨਾਵਾਂ ਬਾਰੇ ਜਾਣਕਾਰੀ ਅੱਪਲੋਡ ਕੀਤੀ ਗਈ ਹੈ। ਇਸ ਵੈੱਬ ਪੋਰਟਲ ਨਾਲ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਬਾਰੇ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ। ਇਸ ਪੋਰਟਲ ਨਾਲ ਵੱਖ-ਵੱਖ ਗ੍ਰਾਮ ਪੰਚਾਇਤਾਂ ਇਕ ਦੂਜੇ ਤੋਂ ਕਾਫ਼ੀ ਕੁਝ ਸਿੱਖ ਸਕਦੀਆਂ ਹਨ। ਸਫਲ ਅਤੇ ਸ਼ਲਾਘਾਯੋਗ ਕਦਮਾਂ ਨੂੰ ਇਕ ਦੂਜੇ ਨਾਲ ਸਾਂਝਾ ਕਰ ਸਕਦੇ ਹਨ। ਸਵੱਛ ਭਾਰਤ ਮਿਸ਼ਨ ਦੇ ਸੰਦੇਸ਼ ਨੂੰ ਸਾਕਾਰ ਕਰਨ ਦੀ ਦਿਸ਼ਾ 'ਚ ਇਹ ਕਾਰਗਰ ਸਾਬਤ ਹੋਵੇਗਾ। ਖੇਡਾਂ ਦੇ ਮੁਕਾਬਲੇ ਕਰਵਾਏ ਗਏ। ◆

सत्यमेव जयते

# ਭਾਰਤ ਸਰਕਾਰ

ਪੰਚਾਇਤੀ ਰਾਜ ਮੰਤਰਾਲਾ

..........................................................

ਸਾਲ 2019 (ਮੁਲਅੰਕਣ ਸਾਲ 2017-18 ਲਈ) ਦੇ ਦੌਰਾਨ

# ਰਾਸ਼ਟਰੀ ਪੁਰਸਕਾਰਾਂ

ਲਈ ਆਨਲਾਈਨ ਨਾਮਜ਼ਦਗੀਆਂ ਮੰਗੀਆਂ ਜਾਂਦੀਆਂ ਹਨ

..................................

**ਦੀਨ ਦਿਆਲ ਉਪਾਧਿਆਏ ਪੰਚਾਇਤ ਸਸ਼ਕਤੀਕਰਨ ਪੁਰਸਕਾਰ (ਡੀਡੀਯੂਪੀਐੱਸਪੀ)**

ਪੰਚਾਇਤਾਂ (ਗ੍ਰਾਮ, ਮੱਧਵਰਤੀ ਅਤੇ ਜ਼ਿਲ੍ਹਾ) ਦੇ ਸਾਰੇ ਤਿੰਨ ਪੱਧਰਾਂ 'ਤੇ ਆਮ ਅਤੇ ਵਿਸ਼ੇਸ਼ ਸ਼੍ਰੇਣੀਆਂ 'ਚ

**ਨਾਨਾਜੀ ਦੇਸ਼ਮੁਖ ਰਾਸ਼ਟਰੀ ਗੌਰਵ ਗ੍ਰਾਮ ਸਭਾ ਪੁਰਸਕਾਰ (ਐੱਨਡੀਆਰਜੀਜੀਐੱਸਪੀ)**

ਗ੍ਰਾਮ ਸਭਾ ਦੇ ਸਰਬੋਤਮ ਪ੍ਰਦਰਸ਼ਨ ਤਹਿਤ ਗ੍ਰਾਮ ਪੰਚਾਇਤਾਂ ਲਈ

..................................

**ਗ੍ਰਾਮ ਪੰਚਾਇਤ ਵਿਕਾਸ ਯੋਜਨਾ ਪੁਰਸਕਾਰ**

ਪੰਚਾਇਤੀ ਰਾਜ ਮੰਤਰਾਲਾ ਵੱਲੋਂ ਜਾਰੀ ਮਾਡਲ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਸੂਬਿਆਂ/ਸੰਘੀ ਰਾਜ ਖੇਤਰਾਂ ਦੇ ਵਿਸ਼ੇਸ਼ ਦਿਸ਼ਾ-ਨਿਰਦੇਸ਼ਾਂ ਅਨੁਸਾਰ ਆਪਣੀ ਗ੍ਰਾਮ ਪੰਚਾਇਤ ਵਿਕਾਸ ਯੋਜਨਾ ਤਿਆਰ ਕਰਨ ਵਾਲੀਆਂ ਗ੍ਰਾਮ ਪੰਚਾਇਤਾਂ ਨੂੰ ਉਤਸ਼ਾਹਿਤ ਕਰਨ ਲਈ।

ਡੀਡੀਯੂਐੱਸਪੀ ਅਤੇ ਐੱਨਡੀਆਰਜੀਜੀਐੱਸਪੀ ਲਈ 28 **ਸਤੰਬਰ, 2018 ਨੂੰ** **http://panchayataward.gov.in** ਤੇ ਆਨਲਾਈਨ ਅਰਜ਼ੀਆਂ ਮੰਗੀਆਂ ਗਈਆਂ ਹਨ। ਇਸ ਲਿੰਕ 'ਤੇ ਅੱਗੇ ਹੋਰ ਅੱਪਡੇਟ ਮੁਹੱਈਆ ਹੋਣਗੇ। ਗ੍ਰਾਮ ਪੰਚਾਇਤ ਵਿਕਾਸ ਯੋਜਨਾ ਬਾਰੇ ਐਲਾਨ ਛੇਤੀ ਹੀ ਕੀਤਾ ਜਾਵੇਗਾ। ਆਨਲਾਈਨ ਨਾਮਜ਼ਦਗੀਆਂ ਭਰਨ, ਪੁਰਸਕਾਰ ਦਿਸ਼ਾ-ਨਿਰਦੇਸ਼ਾਂ ਅਤੇ ਪ੍ਰਕਿਰਿਆ ਬਾਰੇ ਹੋਰ ਜਾਣਕਾਰੀ ਅਤੇ ਅੱਗੋਂ ਦੇ ਅੱਪਡੇਟ ਲਈ ਮੰਤਰਾਲਾ ਦੇ ਲਿੰਕ **http://panchayat.gov.in** ਤੇ **http://panchayataward.gov.in** ਦਾ ਸੰਦਰਭ ਲਿਆ ਸਕਦਾ ਹੈ।

ਆਨਲਾਈਨ ਨਾਮਜ਼ਦਗੀ ਫਾਰਮ ਭਰਨ 'ਚ ਸਹਾਇਤਾ ਲਈ ਸੂਬਿਆਂ/ਸੰਘੀ ਰਾਜ ਖੇਤਰਾਂ (ਯੂਟੀ) ਦੇ ਪੰਚਾਇਤੀ ਰਾਜ ਵਿਭਾਗ ਦੇ ਨੋਡਲ ਅਧਿਕਾਰੀ ਜਾਂ ਉਨ੍ਹਾਂ ਦੇ ਰਾਸ਼ਟਰੀ ਵਿਗਿਆਨ ਕੇਂਦਰ ਕਨਵੀਨਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਨ੍ਹਾਂ ਪੁਰਸਕਾਰਾਂ ਦੇ ਪ੍ਰਚਾਰ ਪ੍ਰਸਾਰ ਲਈ ਸੂਬਾ ਸਰਕਾਰਾਂ/ਸੰਘੀ ਰਾਜ ਖੇਤਰਾਂ ਦੇ ਪ੍ਰਸ਼ਾਸਨ ਨੂੰ ਬੇਨਤੀ ਕੀਤੀ ਜਾਂਦੀ ਹੈ।

**ਪੰਚਾਇਤੀ ਰਾਜ**

**(ਪੁਨੀਤ ਸ਼ਰਮਾ)**
ਅਧੀਨ ਸਕੱਤਰ , ਭਾਰਤ ਸਰਕਾਰ



ਨਰਿੰਦਰ ਸਿੰਘ ਤੋਮਰ
ਗ੍ਰਾਮੀਣ ਵਿਕਾਸ,
ਪੰਚਾਇਤੀ ਰਾਜ ਤੇ ਖਾਨ ਮੰਤਰੀ



## 2 ਅਕਤੂਬਰ, 2018 ਤੋਂ 31 ਦਸੰਬਰ,2018

# ਗ੍ਰਾਮ ਪੰਚਾਇਤ ਵਿਕਾਸ ਯੋਜਨਾ (ਜੀਪੀਡੀਪੀ)
# 'ਸਬ ਕੀ ਯੋਜਨਾ ਸਬ ਕਾ ਵਿਕਾਸ'
# ਜਨ ਯੋਜਨਾ ਅਭਿਆਨ

ਸਾਰੀਆਂ ਗ੍ਰਾਮ ਪੰਚਾਇਤਾਂ/ਗ੍ਰਾਮ ਸਭਾਵਾਂ ਨੂੰ ਬੇਨਤੀ ਹੈ ਕਿ ਇਸ ਅਭਿਆਨ 'ਚ ਆਪਣਾ ਯੋਗਦਾਨ ਦੇ ਕੇ ਆਪਣੇ ਪਿੰਡ ਦੇ ਵਿਕਾਸ 'ਚ ਸਹਿਯੋਗ ਦੇਣ।

## ਅਭਿਆਨ ਲਈ ਸਰਗਰਮੀਆਂ ਦਾ ਕਲੰਡਰ

| ਲੜੀ ਨੰ | ਸਰਗਰਮੀਆਂ | ਸਮਾਂ ਹੱਦ |
|---|---|---|
| 1. | ਸੁਵਿਧਾ ਪ੍ਰਦਾਤਾ ਦੇ ਟ੍ਰੇਨਿੰਗ ਮਾਡਿਊਲ ਦੀ ਸ਼ੁਰੂਆਤ | (30 ਅਗਸਤ,2018) |
| 2. | ਨੋਡਲ ਅਧਿਕਾਰੀਆਂ ਦੀ ਨਿਯੁਕਤੀ। ਰਾਜ, ਜ਼ਿਲ੍ਹਾ ਤੇ ਬਲਾਕ ਪੱਧਰ 'ਤੇ ਅਤੇ ਸਾਰੇ ਨੋਡਲ ਅਧਿਕਾਰੀਆਂ ਵੱਲੋਂ ਵੈੱਬ ਪੋਰਟਲ 'ਤੇ ਰਜਿਸਟ੍ਰੇਸ਼ਨ | (10 ਸਤੰਬਰ,2018) |
| 3. | ਗ੍ਰਾਮ ਸਭਾ ਬੈਠਕ ਦੇ ਪ੍ਰੋਗਰਾਮ ਨੂੰ ਅੱਪਲੋਡ ਕਰਨਾ | (10 ਸਤੰਬਰ,2018) |
| 4. | ਹਰ ਗ੍ਰਾਮ ਪੰਚਾਇਤ ਲਈ ਸਹੂਲਤ ਪ੍ਰਦਾਤਾ ਦੀ ਨਿਯੁਕਤੀ | (10 ਸਤੰਬਰ,2018) |
| 5. | ਸੁਵਿਧਾ ਪ੍ਰਦਾਤਿਆਂ ਦੀ ਟ੍ਰੇਨਿੰਗ ਦੀ ਸਮਾਪਤੀ | (15 ਸਤੰਬਰ,2018) |
| 6. | ਪਿੰਡ ਦੀਆਂ ਬੈਠਕਾਂ ਸਬੰਧਿਤ ਵਿਭਾਗਾਂ ਦੇ ਮੋਹਰਲੀ ਕਤਾਰ ਦੇ ਵਰਕਰਾਂ ਦੀ ਨਿਯੁਕਤੀ | (15 ਸਤੰਬਰ,2018) |
| 7. | ਹਰ ਗ੍ਰਾਮ ਪੰਚਾਇਤ 'ਚ ਜਨਤਕ ਸੂਚਨਾ ਬੋਰਡ ਦਾ ਪ੍ਰਦਰਸ਼ਨ ਅਤੇ ਪੋਰਟਲ 'ਤੇ ਇਸ ਦੀਆਂ ਜੀਓ ਟੈਗ ਕੀਤੀਆਂ ਗਈਆਂ ਤਸਵੀਰਾਂ ਨੂੰ ਅੱਪਲੋਡ ਕਰਨਾ | (15 ਸਤੰਬਰ,2018) |
| 8. | ਗ੍ਰਾਮ ਸਭਾ ਦੀਆਂ ਮੀਟਿੰਗਾਂ ਦੇ ਜੀਓ ਟੈਗ ਕੀਤੇ ਗਏ ਵਿਜ਼ੂਅਲ ਅੱਪਲੋਡ ਕਰਨਾ | (ਗ੍ਰਾਮ ਸਭਾ ਦੇ ਸੰਚਾਲਨ ਤੋਂ ਤੁਰੰਤ ਬਾਅਦ) |
| 9. | ਪਲਾਨ ਪਲੱਸ ਨੂੰ ਲਾਗੂ ਕਰਨ 'ਤੇ ਇਸ ਦੀ ਪ੍ਰੋੜ੍ਹਤਾ ਯੋਜਨਾ ਦਾ ਪ੍ਰਕਾਸ਼ਨ | |

**ਜਨ ਯੋਜਨਾ ਮੁਹਿੰਮ/ਜੀਪੀਡੀਪੀ ਅਭਿਆਨ ਦੀ ਵੈੱਬਸਾਈਟ: 011-23074309, 011-23386556, 011-23383816, 011-23386140**

**ਹੈਲਪਡੈਸਕ: https://twitter.com/people_plan**
**https://www.facebook.com/PeoplesPlanCampaign**

**ਪੰਚਾਇਤੀ ਰਾਜ ਮੰਤਰਾਲਾ**

ਪੰਚਾਇਤੀ ਰਾਜ ਮੰਤਰਾਲਾ
www.facebook.com/MinistryofPanchayatiRaj
@mopr_goi

ਗ੍ਰਾਮੀਣ ਵਿਕਾਸ ਮੰਤਰਾਲਾ
www.facebook.com/IndiaRuralDev

ਪੀਣ ਯੋਗ ਪਾਣੀ ਤੇ ਸਵੱਛਤਾ ਮੰਤਰਾਲਾ
www.facebook.com/MODWS
@swachhbharat

ਸਵੱਛ ਭਾਰਤ
ਇਕ ਕਦਮ ਸਵੱਛਤਾ ਵੱਲ

ਪੰਚਾਇਤੀ ਰਾਜ ਮੰਤਰਾਲਾ, ਭਾਰਤ ਸਰਕਾਰ ਵੱਲੋਂ ਛਪਿਆ ਤੇ ਪ੍ਰਕਾਸ਼ਿਤ
**ਐਡੀਟਰ-ਇਨ-ਚੀਫ** : ਅਮਰਜੀਤ ਸਿੰਘ, ਸਕੱਤਰ, ਪੰਚਾਇਤੀ ਰਾਜ ਮੰਤਰਾਲਾ ਤੇ ਗ੍ਰਾਮੀਣ ਵਿਕਾਸ ਮੰਤਰਾਲਾ
ਮੈਸਰਜ਼ ਯੂਨੀਅਨ ਪ੍ਰੈੱਸ, ਵੀ-315, ਸੀ-ਬਲਾਕ ਰੋਡ, ਓਖਲਾ-1, ਓਖਲਾ ਇੰਡਸਟਰੀਅਲ ਏਰੀਆ, ਨਵੀਂ ਦਿੱਲੀ, ਦਿੱਲੀ-110020 ਤੋਂ ਛਪਿਆ
ਪੰਚਾਇਤੀ ਰਾਜ ਮੰਤਰਾਲਾ, ਭਾਰਤ ਸਰਕਾਰ, ਸਰਦਾਰ ਪਟੇਲ ਭਵਨ ਨਵੀਂ ਦਿੱਲੀ-110001 ਤੋਂ ਪ੍ਰਕਾਸ਼ਿਤ ਨੂੰ

"The translation of ' Gramoday Sankalp ' has been carried out by M/s Jagran Prakashan Ltd. Any inadvertent error or omissions, if any, found in the translation is the responsibility of the agency."

Punjabi